Punjabi Parwaz

# ਪੰਜਾਬੀ ਪਰਵਾਜ਼

ਅੰਕ 76ਵਾਂ (ਸ਼ਿਕਾਗੋ): 11 ਅਪਰੈਲ ਤੋਂ 24 ਅਪਰੈਲ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਅਮਰੀਕਾ ਅਤੇ ਇਰਾਨ ਵਿਚਾਲੇ ਦੋ ਹਫਤੇ ਲਈ ਜੰਗਬੰਦੀ?

## *ਇਜ਼ਰਾਇਲ ਜੰਗਬੰਦੀ ਕਰਨ ਦੇ ਵਿਰੋਧ ਵਿੱਚ *ਇਰਾਨ ਦੀ ਪੂਰੀ ਸੱਭਿਅਤਾ ਖਤਮ ਕਰ ਦੇਣ ਦੀ ਧਮਕੀ

**ਜਸਵੀਰ ਸਿੰਘ ਸ਼ੀਰੀ**

ਭਾਰਤੀ ਸਮੇਂ ਅਨੁਸਾਰ ਬੁੱਧਵਾਰ ਸਵੇਰੇ ਸਾਡੇ ਪੰਜ ਵਜੇ ਤੱਕ ਦੀ ਦਿੱਤੀ ਗਈ ਸਮਾਂ ਹੱਦ ਤੋਂ 90 ਮਿੰਟ ਪਹਿਲਾਂ ਡੋਨਾਲਡ ਟਰੰਪ ਨੇ 2 ਹਫਤੇ ਦੇ ਗੋਲੀਬੰਦੀ ਦਾ ਐਲਾਨ ਕਰ ਦਿੱਤਾ ਹੈ। ਟਰੰਪ ਨੇ ਕਿਹਾ ਕਿ ਦੋ ਹਫਤੇ ਤੱਕ ਅਮਰੀਕਾ ਇਰਾਨ 'ਤੇ ਕੋਈ ਹਮਲਾ ਨਹੀਂ ਕਰੇਗਾ। ਟਰੰਪ ਨੇ ਇਰਾਨ ਵੱਲੋਂ ਸਮਝੌਤੇ ਲਈ ਭੇਜੀਆਂ 10 ਮੰਗਾਂ ਵੀ ਸਵੀਕਾਰ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸੀਜ਼ ਫਾਇਰ ਦੇ ਬਾਵਜੂਦ ਹਾਲੇ ਕਿਸੇ ਸਮਝੌਤੇ 'ਤੇ ਦਸਤਖਤ ਨਹੀਂ ਕੀਤੇ ਜਾਣਗੇ। ਉਧਰ ਇਰਾਨ ਨੇ ਆਪਣੀਆਂ ਦਸ ਸ਼ਰਤਾਂ ਸਵੀਕਾਰ ਕੀਤੇ ਜਾਣ ਨੂੰ ਇਰਾਨ ਦੀ ਜਿੱਤ ਕਰਾਰ ਦਿੱਤਾ ਅਤੇ ਨਾਲ ਹੀ ਕਿਹਾ ਕਿ ਟਰੰਪ ਦੀ ਜ਼ੁਬਾਨ 'ਤੇ ਭਰੋਸਾ ਕਰਨਾ ਔਖਾ ਹੈ। ਉਹ ਅਮਲ ਵਿੱਚ ਕੀ ਕਰਦੇ ਹਨ, ਇਰਾਨ ਇਸ ਅਨੁਸਾਰ ਫੈਸਲਾ ਕਰੇਗਾ। ਇਜ਼ਰਾਇਲ ਵੱਲੋਂ ਸੀਜ਼ ਫਾਇਰ ਦਰਮਿਆਨ ਹਮਲੇ ਜਾਰੀ ਰਹਿਣਗੇ ਜਾਂ ਨਹੀਂ, ਇਸ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ।

ਇਸ ਤੋਂ ਪਹਿਲਾਂ 7 ਅਪ੍ਰੈਲ ਦੀ ਅੱਧੀ ਰਾਤ ਨੂੰ ਅਮਰੀਕਾ ਵੱਲੋਂ ਇਰਾਨ ਦੇ ਖਰਗ ਆਈਲੈਂਡ ਉੱਤੇ ਕੀਤੇ ਗਏ ਹਮਲਿਆਂ ਨਾਲ ਇਹ ਜੰਗ ਇੱਕ ਤਰ੍ਹਾਂ ਨਵੇਂ ਦੌਰ ਵਿੱਚ ਦਾਖਲ ਹੋ ਗਈ ਹੈ। ਇਸ ਦੌਰਾਨ ਇਜ਼ਰਾਇਲ ਵੱਲੋਂ ਇਰਾਨ ਦੇ ਪੁਲਾਂ, ਊਰਜਾ ਟਿਕਾਣਿਆਂ, ਸੜਕਾਂ ਤੇ ਰੇਲਵੇ ਲਾਈਨਾਂ 'ਤੇ ਹਮਲੇ ਕੀਤੇ ਗਏ। ਇਨ੍ਹਾਂ ਹਮਲਿਆਂ ਤੋਂ ਬਾਅਦ ਇਰਾਨ ਨੇ ਕਿਹਾ ਕਿ ਉਸ ਦਾ ਸੰਜਮ ਹੁਣ ਖਤਮ ਹੋ ਗਿਆ ਹੈ। ਇਸ ਦਰਮਿਆਨ ਇਰਾਨ ਨੇ ਆਪਣੇ ਆਮ ਲੋਕਾਂ ਨੂੰ ਆਪੋ ਆਪਣੇ ਨਜ਼ਦੀਕ ਦੇ ਪੁਲਾਂ ਅਤੇ ਪਾਵਰ ਪਲਾਂਟਾਂ ਦੇ ਦੁਆਲੇ ਹਿਊਮਨ ਚੇਨ ਬਣਾ ਦੇਣ ਦੀ ਅਪੀਲ ਕੀਤੀ ਹੈ। ਇਰਾਨ ਦੇ ਖਿਡਾਰੀ ਕਲਾਕਾਰ ਅਤੇ ਆਮ ਲੋਕ ਆਪਣੇ ਪਾਵਰ ਪਲਾਂਟਾਂ ਅਤੇ ਪੁਲਾਂ ਵਗੈਰਾ ਦੁਆਲੇ ਹਿਊਮਨ ਚੇਨ ਬਣਾਉਣ ਲੱਗੇ ਹਨ। ਕਈ ਇਰਾਨ ਦੇ ਵੱਡੇ ਖਿਡਾਰੀ ਅਤੇ ਕਲਾਕਾਰ ਮਸ਼ਹੂਰ ਪੁਲਾਂ ਅਤੇ ਪਾਵਰ ਪਲਾਂਟਾਂ ਕੋਲ ਡੇਰੇ ਲਗਾ ਕੇ ਆਪਣੇ ਫਨ ਦਾ ਪਰਦਰਸ਼ਨ ਕਰਨ ਲੱਗੇ ਹਨ।

ਇਰਾਨ ਦੇ ਫੌਜੀ ਪ੍ਰਤੀਨਿਧ ਨੇ ਖਰਗ ਆਈਲੈਂਡ 'ਤੇ



ਹਮਲਿਆਂ ਤੋਂ ਬਾਅਦ ਕਿਹਾ ਸੀ ਕਿ ਅਮਰੀਕਾ, ਇਜ਼ਰਾਇਲ ਅਤੇ ਇਨ੍ਹਾਂ ਦੇ ਖਾੜੀ ਭਾਈਵਾਲਾਂ 'ਤੇ ਜਿਹੜੇ ਹਮਲੇ ਹੋਣਗੇ, ਉਹਦੇ ਲਈ ਇਹ ਅਮਰੀਕਾ ਤੇ ਇਜ਼ਰਾਇਲ ਹੀ ਜ਼ਿੰਮੇਵਾਰ ਹੋਣਗੇ, ਜਦਕਿ ਟਰੰਪ ਨੇ ਇਰਾਨ ਦੀ ਮੁਕੰਮਲ ਸੱਭਿਅਤਾ ਨੂੰ ਮਿਟਾ ਦੇਣ ਦੀ ਧਮਕੀ ਦਿੱਤੀ ਸੀ। ਮੱਧ ਪੂਰਬ ਬਾਰੇ ਮਾਹਿਰ ਇਸ ਧਮਕੀ ਦੇ ਅਰਥਾਂ ਨੂੰ ਪ੍ਰਮਾਣੂ ਹਮਲੇ ਦੀ ਸੰਭਾਵਨਾ ਵਿੱਚ ਵੀ ਵੇਖ ਰਹੇ ਹਨ। ਇਰਾਨ ਨੇ ਅਮਰੀਕਾ ਵੱਲੋਂ ਕੀਤੇ ਗਏ ਹਮਲੇ ਦੇ ਵਿਰੋਧ ਵਿੱਚ ਖਾੜੀ ਮੁਲਕਾਂ ਦੇ ਤੇਲ ਟਿਕਾਣਿਆਂ ਅਤੇ ਇਜ਼ਰਾਇਲ ਦੇ ਬਿਜਲੀ ਗਰਿੱਡਾਂ 'ਤੇ 500 ਮਿਜ਼ਾਈਲਾਂ ਦਾਗ ਦਿੱਤੀਆਂ। ਇਨ੍ਹਾਂ ਹਮਲਿਆਂ ਤੋਂ ਹੋਣ ਵਾਲੇ ਨੁਕਸਾਨ ਦੀਆਂ ਖ਼ਬਰਾਂ ਆਉਂਦੇ ਕੁਝ ਸਮੇਂ ਵਿੱਚ ਸਾਹਮਣੇ ਆ ਜਾਣਗੀਅ; ਕਿਉਂਕਿ ਇਜ਼ਰਾਇਲ ਅਤੇ ਅਮਰੀਕਾ ਆਪਣੇ ਨੁਕਸਾਨ ਦੀਆਂ ਖ਼ਬਰਾਂ ਨੂੰ ਸੈਂਸਰ ਕਰ ਰਹੇ ਹਨ। ਅਮਰੀਕਾ ਨੇ ਇੱਕ ਵੱਖਰੇ ਬਿਆਨ ਵਿੱਚ ਕਿਹਾ ਕਿ ਉਸ ਵੱਲੋਂ ਖਰਗ ਆਈਲੈਂਡ ਦੇ ਫੌਜੀ ਟਿਕਾਣਿਆਂ 'ਤੇ ਹਮਲੇ ਕੀਤੇ ਗਏ ਹਨ। ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਇਸ ਦਰਮਿਆਨ ਕਿਹਾ ਕਿ ਅਮਰੀਕਾ ਜੋ ਵੀ ਇਰਾਨ ਵਿੱਚ ਕਰਨਾ ਚਾਹੁੰਦਾ ਸੀ, ਉਹ ਪੂਰਾ ਹੋ ਚੁੱਕਾ ਹੈ। ਇਸ ਲਈ ਜੰਗ ਖਤਮ ਹੋਣ ਦੀ ਆਖਰੀ ਤਾਰੀਖ ਹੁਣ ਇਰਾਨ ਨੇ ਤੈਅ ਕਰਨੀ ਹੈ।

ਉਧਰ ਬਹਿਰੀਨ ਵੱਲੋਂ ਸੰਯੁਕਤ ਰਾਸ਼ਟਰ ਦੀ ਸਿਕਿਉਰਿਟੀ ਕੌਂਸਲ ਵਿੱਚ ਇਰਾਨ ਵਿਰੁੱਧ ਲਿਆਂਦੇ ਗਏ ਮਤੇ ਨੂੰ ਚੀਨ ਅਤੇ ਰੂਸ ਨੇ ਵੀਟੋ ਕਰ ਦਿੱਤਾ ਹੈ। ਸੁਰੱਖਿਆ ਕੌਂਸਲ ਦੇ ਕੁੱਲ ਮੈਂਬਰਾਂ ਵਿੱਚੋਂ 11 ਮੈਂਬਰ ਮਤੇ ਦੇ ਹੱਕ ਵਿੱਚ ਭੁਗਤੇ, ਜਿਹੜੇ ਕਾਰਵਾਈ ਲਈ ਕਾਫੀ ਸਨ। ਪਰ ਰੂਸ ਅਤੇ ਚੀਨ ਇਰਾਨ ਦੇ ਪੱਖ ਵਿੱਚ ਖੜ੍ਹੇ ਰਹੇ। ਦੋਹਾਂ ਮੁਲਕਾਂ ਨੇ ਕਿਹਾ ਕਿ ਇਜ਼ਰਾਇਲ ਅਤੇ ਅਮਰੀਕਾ ਨੇ ਗੱਲਬਾਤ ਦੇ ਵਿਚਕਾਰ ਇਰਾਨ 'ਤੇ ਹਮਲਾ ਕੀਤਾ ਹੈ। ਇਸ ਲਈ ਇਸ ਜੰਗ ਲਈ ਇਰਾਨ ਜ਼ਿੰਮੇਵਾਰ ਨਹੀਂ ਹੈ।

ਇਸ ਦੌਰਾਨ ਇਰਾਨ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਦੇ ਆਗੂ ਨੇ ਇੱਕ ਬਿਆਨ ਵਿੱਚ ਕਿਹਾ ਕਿ ਜੇ ਅਮਰੀਕਾ ਅਤੇ ਇਜ਼ਰਾਇਲ ਨੇ ਹਮਲੇ ਜਾਰੀ ਰੱਖੇ ਤਾਂ ਅਮਰੀਕਾ ਅਤੇ ਇਸ ਦੇ ਸਹਿਯੋਗੀਆਂ ਨੂੰ ਆਉਂਦੇ ਕਈ ਸਾਲਾਂ ਤੱਕ ਤੇਲ ਦੀ ਥੁੜ੍ਹ ਦਾ ਸਾਹਮਣਾ ਕਰਨਾ ਪਵੇਗਾ। ਡੋਨਾਲਡ ਟਰੰਪ ਨੇ 'ਟਰੁੱਥ ਸੋਸ਼ਿਲ' ਉੱਪਰ ਜਾਰੀ ਇੱਕ ਆਪਣੇ ਬਿਆਨ ਵਿੱਚ ਕਿਹਾ ਸੀ ਕਿ ਜੇ ਇਰਾਨ ਨੇ ਉਸ ਵੱਲੋਂ ਦਿੱਤੀ ਗਈ ਡੈਡਲਾਈਨ ਤੋਂ ਪਹਿਲਾਂ ਹੌਰਮੂਜ਼ ਲਾਂਘਾ ਨਾ ਖੋਲ੍ਹਿਆ ਤਾਂ "ਇਸ ਰਾਤ ਇੱਕ ਪੂਰੀ-ਸੂਰੀ ਸਿਵੇਲਾਈਜੇਸ਼ਨ ਮਾਰੀ ਜਾਵੇਗੀ।"

ਧਿਆਨ ਰਹੇ, ਇਰਾਨ ਨੇ ਤੇਲ ਦਾ ਵਪਾਰ ਚੀਨੀ ਕਰੰਸੀ ਯੂਆਨ ਵਿੱਚ ਕਰਨ ਦਾ ਫੈਸਲਾ ਕੀਤਾ ਹੋਇਆ ਹੈ ਅਤੇ ਹੌਰਮੂਜ਼ 'ਤੇ ਲਗਾਇਆ ਗਿਆ ਟੋਲ ਆਪਣੀ ਖੁਦ ਦੀ ਕਰੰਸੀ ਰਿਆਲ ਵਿੱਚ ਲੈ ਰਿਹਾ ਹੈ। ਉਂਝ ਇਸ ਮਸਲੇ ਉੱਤੇ ਪਾਕਿਸਤਾਨ ਦੀ ਵਿਚੋਲਗੀ ਨਾਲ ਗੱਲਬਾਤ ਹਾਲੇ ਵੀ ਚੱਲ ਰਹੀ ਹੈ; ਪਰ ਦੋਹਾਂ ਧਿਰਾਂ ਵਿਚਕਾਰ ਦੂਰੀ ਇੰਨੀ ਹੈ ਕਿ ਜਿਸ ਨੂੰ ਨੇੜੇ ਲਗਾਉਣਾ ਇੰਨਾ ਸੌਖਾ ਨਹੀਂ ਹੈ। ਅਮਰੀਕਾ ਇਰਾਨ ਤੋਂ ਸਰੰਡਰ ਦੀ ਮੰਗ ਕਰ ਰਿਹਾ ਹੈ, ਜਦਕਿ ਇਰਾਨ ਦਾ ਆਖਣਾ ਹੈ ਕਿ ਜੰਗ ਉਦੋਂ ਬੰਦ ਕੀਤੀ ਜਾਵੇਗੀ, ਜਦੋਂ ਇਰਾਨ 'ਤੇ ਹਮਲੇ ਬੰਦ ਕੀਤੇ ਜਾਣਗੇ ਅਤੇ ਇਰਾਨ ਦੇ ਹੋਏ ਜਾਨੀ-ਮਾਲੀ ਨੁਕਸਾਨ ਦਾ ਹਰਜਾਨਾ ਇਜ਼ਰਾਇਲ ਤੇ ਅਮਰੀਕਾ ਅਦਾ ਕਰਨਗੇ। ਪਾਕਿਸਤਾਨ, ਮਿਸਰ, ਤੁਰਕੀ

⇒ ਬਾਕੀ ਸਫਾ 2 ਉਤੇ ਪੜ੍ਹੋ









# ਇਰਾਨ ਕਿਸ ਯੁੱਗ ਵਿੱਚ ਜਾਵੇ, ਇਹ ਹੁਣ ਜੰਗ ਦੀ ਮਰਜ਼ੀ !

**ਜਸਵੀਰ ਸਿੰਘ ਸ਼ੀਰੀ**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੇ ਨਾਂ ਇਕ ਸੰਦੇਸ਼ ਵਿੱਚ ਇਸ ਕਿਸਮ ਦੀਆਂ ਸਵੈ-ਵਿਰੋਧੀ ਗੱਲਾਂ ਕੀਤੀਆਂ ਕਿ ਦੁਨੀਆਂ ਦੇ ਮੀਡੀਏ ਨੇ ਇਸ ਨੂੰ ਮਨ-ਭਾਉਂਦੀਆਂ ਸੁਰਖੀਆਂ ਵਿੱਚ ਬਦਲ ਲਿਆ। ਕੁਝ ਨੂੰ ਲੱਗਾ ਕਿ ਟਰੰਪੀਅਨ ਕਮਲਪਾਅ ਦੋ ਕੁ ਹਫਤੇ ਇਰਾਨ ਵਿੱਚ ਅੰਨ੍ਹੇਵਾਹ ਬੰਬ ਸੁਟੇਗਾ ਅਤੇ ਬਾਅਦ ਵਿੱਚ ਇਰਾਨ ਵੱਲੋਂ ਹੌਰਮੂਜ਼ ਵਿੱਚ ਲਾਇਆ ਨਾਕਾ ਜਿਉਂ ਦਾ ਤਿਉਂ ਛੱਡ ਕੇ ਚਲਾ ਜਾਵੇਗਾ। ਕਈ ਹੋਰਾਂ ਨੂੰ ਲੱਗਾ ਕਿ ਇਸ ਭਾਸ਼ਨ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਵਿੱਚ ਜੰਗ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਰਾਸ਼ਟਰਪਤੀ ਟਰੰਪ ਦੀ ਅਮਰੀਕਨ ਰਾਸ਼ਟਰਪਤੀ ਵਜੋਂ ਭਾਸ਼ਨਬਾਜ਼ੀ ਅਤੇ ਬਿਆਨੀਆ ਹਮੇਸ਼ਾ ਹੀ ਇਸ ਕਿਸਮ ਦਾ ਰਿਹਾ ਕਿ ਦੁਨੀਆ ਲੱਖਣ ਲਾਉਂਦੀ ਰਹਿੰਦੀ ਹੈ ਕਿ ਅਗਾਂਹ ਕੀ ਹੋਣ ਵਾਲਾ ਹੈ!

ਕਿਸੇ ਵਿਦਵਾਨ ਜਾਂ ਸੋਚਵਾਨ ਵਿਅਕਤੀ ਲਈ ਇਹ ਖੁੱਲ੍ਹ ਹੁੰਦੀ ਹੈ ਕਿ ਉਹ ਥੋੜ੍ਹੀ-ਥੋੜ੍ਹੀ ਦੇਰ ਬਾਅਦ ਆਪਣੀ ਵਿਚਾਰਕ ਪੁਜੀਸ਼ਨਾਂ ਸੋਧ ਜਾਂ ਮੁੜ ਨਵਿਆ ਸਕਦਾ ਹੈ; ਪਰ ਕਿਸੇ ਚੰਗੇ ਸਿਆਸਤਦਾਨ ਤੋਂ ਲੋਕ ਆਪਣੇ ਵਿਚਾਰਾਂ ਅਤੇ ਐਕਸ਼ਨਾਂ ਵਿੱਚ ਮੁਕਾਬਲਾਤਨ ਸਥਿਰਤਾ ਦੀ ਆਸ ਰੱਖਦੇ ਹਨ। ਇਹਦਾ ਕਾਰਨ ਸ਼ਾਇਦ ਇਹ ਹੈ ਕਿ ਸਿਆਸਤ ਨੇ ਦੁਨੀਆਂ ਦੀ ਠੋਸ ਅਤੇ ਪ੍ਰੈਕਟੀਕਲ ਸੱਚਾਈ ਨਾਲ ਡੀਲ ਕਰਨਾ ਹੁੰਦਾ। ਡੋਨਾਲਡ ਟਰੰਪ ਦੀ ਗੱਲਬਾਤ ਵਿੱਚ ਜਿਹੜਾ ਸ਼ਬਦ ਸਭ ਤੋਂ ਵੱਧ ਸਥਿਰ ਹੈ, ਉਹ ਅਸਲ ਵਿੱਚ 'ਡੀਲ ਮੇਕਰ' ਹੀ ਹੈ। ਡੀਲਾਂ ਕਰਨ ਦੇ ਉਹ ਆਪਣੇ ਆਪ ਨੂੰ ਮਾਹਿਰ ਮੰਨਦੇ ਹਨ। ਕਦੀ ਕਦੀ ਬਿਗਾਨੀਆਂ ਡੀਲਾਂ 'ਤੇ ਵੀ ਆਪਣਾ ਮਾਰਕਾ ਚਿਪਕਾਉਣ ਦਾ ਯਤਨ ਕਰਦੇ ਹਨ। ਕਾਰੋਬਾਰ ਦੀ ਦੁਨੀਆਂ ਵਿੱਚ ਹੁਣ ਅਜਿਹਾ ਆਮ ਹੁੰਦਾ ਹੈ। ਚੀਜ਼ਾਂ/ਵਸਤਾਂ ਬਣਦੀਆਂ ਕਿਤੇ ਹੋਰ ਹਨ ਅਤੇ ਮਾਰਕਾ ਕਿਸੇ ਹੋਰ ਕੰਪਨੀ ਦਾ ਚਿਪਕਾ ਦਿੱਤਾ ਜਾਂਦਾ ਹੈ। ਅਮਰੀਕੀ ਸਦਰ ਕਾਰੋਬਾਰ ਦੇ ਇਸ ਚਲਨ ਨੂੰ ਸਿਆਸਤ ਦੀ ਦੁਨੀਆਂ ਵਿੱਚ ਵੀ ਲਾਗੂ ਕਰਨ ਦਾ ਯਤਨ ਕਰ ਰਹੇ ਹਨ।

ਅਮਰੀਕੀ ਰਾਸ਼ਟਰਪਤੀ ਨੇ 19 ਮਿੰਟ ਦੇ ਆਪਣੇ ਉਪਰੋਕਤ ਭਾਸ਼ਨ ਵਿੱਚ ਕਈ ਕੁਝ ਕਿਹਾ, ਪਰ ਸਭ ਤੋਂ ਵੱਧ ਜਿਸ ਕਥਨ ਦੀ ਚਰਚਾ ਹੋਈ, ਉਹ ਸੀ ਕਿ ਅਸੀਂ ਇਰਾਨ ਨੂੰ ਪੱਥਰ ਯੁੱਗ ਵਿੱਚ ਵਾਪਸ ਭੇਜ ਦੇਵਾਂਗੇ (ਵੀ ਵਿਲ ਬਰਿੰਗ ਬੈਕ ਟੂ ਯੂ ਟੂ ਸਟੋਨ ਏਜ਼)। ਇਹ ਅਸਲ ਵਿੱਚ ਇਰਾਨ ਨੂੰ ਸੰਦੇਸ਼ ਸੀ ਕਿ ਸਾਡੀਆਂ ਸ਼ਰਤਾਂ 'ਤੇ ਡੀਲ ਕਰ ਲਓ, ਨਹੀਂ ਤਾਂ ਤੁਹਡੇ 'ਤੇ ਇੰਨੇ ਬੰਬ ਸੁੱਟਾਂਗੇ ਕਿ 'ਸਟੋਨ ਏਜ' ਵਿੱਚ ਵਾਪਸ ਭੇਜ ਦਿੱਤਾ ਜਾਵੇਗਾ; ਪਰ ਇਰਾਨ ਨੇ ਜਵਾਬ ਦਿੱਤਾ ਕਿ ਸਾਡਾ ਮੁਲਕ ਉਸ ਸਮੇਂ ਵੀ ਇੱਕ ਸੱਭਿਅਤਾ ਸੀ, ਜਦੋਂ ਤੁਹਾਡੇ ਪੁਰਖੇ ਹਨੇਰ ਢੋਅ (ਡਾਰਕ ਏਜ) ਰਹੇ ਸਨ।

ਸੱਭਿਅਤਾਵਾਂ/ਜੀਵਨ ਸ਼ੈਲੀਆਂ ਦੇ ਭੇੜ ਵਿੱਚ ਇਸ ਕਿਸਮ ਦੇ ਤਾਹਨੇ-ਮਿਹਣੇ ਕੁਦਰਤੀ ਹਨ; ਪਰ ਦਿਲਚਸਪ ਤੱਥ ਇਹ ਹੈ ਕਿ ਇਰਾਨ ਨੂੰ ਸਟੋਨ ਏਜ ਵਿੱਚ ਭੇਜਣ ਦਾ ਖਿਆਲ ਪ੍ਰਗਟ ਕਰਨ ਵਾਲੇ ਟਰੰਪ ਪਹਿਲੇ ਰਾਸ਼ਟਰਪਤੀ ਨਹੀਂ ਹਨ, ਸਗੋਂ ਇਸ ਤੋਂ ਪਹਿਲਾਂ ਵੀ ਇੱਕ ਹੋਰ ਦੇਸ਼ ਨੂੰ ਇਸ ਧਮਕੀ ਦੀ ਵਰਤੋਂ ਅਮਰੀਕਾ ਦੇ ਹੀ ਕਿਸੇ ਹੋਰ ਰਾਸ਼ਟਰਪਤੀ ਵੱਲੋਂ ਕੀਤੀ ਜਾ ਚੁੱਕੀ ਹੈ। 9 ਸਤੰਬਰ 2001 ਨੂੰ ਅਮਰੀਕਾ ਦੇ ਦੋ ਜੌੜੇ ਟਰੇਡ ਟਾਵਰਾਂ 'ਤੇ ਹਮਲੇ ਤੋਂ ਬਾਅਦ ਅਮਰੀਕਾ ਦੇ ਉਸ ਸਮੇਂ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ ਟੈਲੀਫੋਨ 'ਤੇ ਪਾਕਿਸਤਾਨ ਦੇ ਹਾਕਮ ਪ੍ਰਵੇਜ਼ ਮੁਸ਼ਰਫ ਨੂੰ ਇਹ ਧਮਕੀ ਦਿੱਤੀ ਸੀ ਕਿ ਇਸਲਾਮਕ ਅਤਿਵਾਦ ਵਿਰੁਧ ਜੰਗ ਵਿੱਚ ਜਿਹੜੇ ਸਾਡੇ ਨਾਲ ਨਹੀਂ, ਉਹ ਵਿਰੋਧੀ ਖੇਮੇ ਵਿੱਚ ਸਮਝੇ ਜਾਣਗੇ। ਵਿਚ ਵਿਚਾਲੇ ਕੋਈ ਰਾਹ ਨਹੀਂ ਹੈ। ਸਿੱਧੇ ਹੋ ਕੇ ਸਾਡੇ ਨਾਲ ਖਲੋ ਜਾਵੋ, ਨਹੀਂ ਤੇ ਤੁਹਾਨੂੰ ਪੱਥਰ ਯੁੱਗ ਵਿੱਚ ਧੱਕ ਦੇਵਾਂਗੇ (ਵੁਈ ਵਿਲ ਰਡਿਊਸ ਟੂ ਯੂ ਟੂ ਦ ਸਟੋਨ ਏਜਿਸ)। ਉਸ ਸਮੇਂ ਅਮਰੀਕਨ ਸਾਮਰਾਜ ਜੋਬਨ 'ਤੇ ਸੀ ਅਤੇ ਪਾਕਿਸਤਾਨੀ ਹਾਕਮ ਨੇ ਭਿੱਜੀ ਹੋਈ ਬਿੱਲੀ ਬਣ ਕੇ ਅਮਰੀਕਾ ਨੂੰ ਆਪਣੀਆਂ ਫੌਜੀ ਹਵਾਈ ਪੱਟੀਆਂ ਅਫਗਾਨਿਸਤਾਨ 'ਤੇ ਹਮਲੇ ਲਈ ਵਰਤਣ ਵਾਸਤੇ ਦੇ ਦਿੱਤੀਆਂ ਸਨ। ਪਹਿਲਾਂ ਹੀ ਲਗਪਗ ਪੱਥਰ ਯੁੱਗ ਵਿੱਚ ਰਹਿ ਰਹੇ ਇੱਕ ਮੁਲਕ ਨੂੰ ਇਹ ਪੱਥਰ ਬਣਾ ਦੇਣ ਦਾ ਯਤਨ ਸੀ। ਅਫਗਾਨਿਸਤਾਨ ਵਿੱਚ ਉਦੋਂ ਤਾਲਿਬਾਨ ਦਾ ਰਾਜ ਸੀ। ਮੁੱਲਾਂ ਮੁਹੰਮਦ ਉਮਰ ਉਦੋਂ ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਦਾ ਮੁਖੀ ਸੀ। ਅਮਰੀਕਾ ਨੇ ਮੁੱਲਾਂ ਉਮਰ ਨੂੰ ਬਿਨ ਲਾਦੇਨ ਨੂੰ ਉਨ੍ਹਾਂ ਦੇ ਹਵਾਲੇ ਕਰਨ ਲਈ ਕਿਹਾ, ਪਰ ਮੁੱਲਾਂ ਉਮਰ ਅਤੇ ਉਸ ਦੇ ਬਾਕੀ ਸਾਥੀਆਂ ਨੇ ਲਾਦੇਨ ਨਾਲ ਯਾਰੀ ਨਿਭਾਉਣ ਨੂੰ ਪਹਿਲ ਦਿੱਤੀ ਅਤੇ ਉਸ ਨੂੰ ਅਮਰੀਕਾ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ। 6 ਸਾਲ ਰਾਜ ਕਰਨ ਤੋਂ ਬਾਅਦ ਤਾਲਿਬਾਨ ਲੜਾਕੇ ਗੱਦੀਆਂ ਨੂੰ ਲੱਤ ਮਾਰ ਕੇ ਫਿਰ ਅਫਗਾਨਿਸਤਾਨ ਦੀਆਂ ਪਹਾੜੀ ਕੁੰਦਰਾਂ ਵਿੱਚ ਰੂਪੋਸ਼ ਹੋ ਗਏ ਸਨ।

ਇਸ ਤੋਂ ਬਾਅਦ ਅਮਰੀਕਾ ਅਤੇ ਉਸ ਦੇ ਭਾਈਵਾਲਾਂ ਨੇ ਅਫਗਾਨਿਸਤਾਨ ਵਿੱਚ ਮਣਾਂਮੂੰਹ ਬਾਰੂਦ ਸੁੱਟਿਆ। ਚੱਪਲਾਂ, ਤੰਬਿਆਂ ਅਤੇ ਢੱਠੀਆਂ ਜਿਹੀਆਂ ਪੱਗਾਂ ਵਾਲੇ ਤਾਲਿਬਾਨੀ ਲੜਾਕਿਆਂ ਨੇ ਈਨ ਨਾ ਮੰਨੀ। ਆਪਣਾ ਛਾਪਾ ਮਾਰ ਯੁੱਧ ਜਾਰੀ ਰੱਖਿਆ। ਅਮਰੀਕਾ ਨੇ ਇੱਥੇ ਆਪਣੀਆਂ ਜ਼ਮੀਨੀ ਫੌਜਾਂ ਵੀ ਉਤਾਰੀਆਂ। ਆਪਣੀ ਮਰਜ਼ੀ ਦਾ ਹਾਕਮ ਗੱਦੀ 'ਤੇ ਬਿਠਾ ਲਿਆ। ਅਮਰੀਕੀ ਫੌਜ ਸਾਹਮਣੇ ਉਹੀ ਤਾਲਿਬਾਨ ਸਨ, ਜਿਨ੍ਹਾਂ ਨੂੰ ਕਦੀ ਅਮਰੀਕੀ ਫੌਜਾਂ ਨੇ ਸੋਵੀਅਤ ਯੂਨੀਅਨ ਦੇ ਖਿਲਾਫ ਆਪ ਟਰੇਨਿੰਗ ਦਿੱਤੀ ਸੀ ਤੇ ਨਾਲ ਲੜਨ ਲਈ ਅਸਲਾ ਵੀ। ਅੱਜ ਉਹ ਉਸੇ ਨਾਲ ਲੋਹਾ ਲੈਣ ਲਈ ਮੈਦਾਨ ਵਿੱਚ ਉਤਰ ਆਏ ਸਨ। ਤਕਰੀਬਨ 20 ਸਾਲ ਅਮਰੀਕਨ ਫੌਜਾਂ ਇੱਥੇ ਰਹੀਆਂ ਅਤੇ ਪਿਛਲੇ ਰਾਸ਼ਟਰਪਤੀ ਜੋਅ ਬਾਇਡਨ ਦੀ ਸਰਕਾਰ ਵੇਲੇ ਕਤਰ ਨੇ ਵਿੱਚ ਪੈ ਕੇ ਸਮਝੌਤਾ ਕਰਵਾਇਆ।

ਅਮਰੀਕੀ ਫੌਜ ਜਦੋਂ ਅਫਗਾਨਿਸਤਾਨ ਵਿੱਚੋਂ ਵਾਪਸ ਜਾਣ ਲੱਗੀ ਤਾਂ ਹਵਾਈ ਜਹਾਜ਼ਾਂ ਸਮੇਤ ਆਪਣਾ ਬਹੁਤ ਸਾਰਾ ਸਾਜ਼ੋ-ਸਾਮਾਨ ਪਿੱਛੇ ਛੱਡ ਗਈ। ਇਹਦੇ ਵਿੱਚ ਵੱਡੀ ਗਿਣਤੀ ਵਿੱਚ ਰਾਈਫਲਾਂ ਅਤੇ ਹੋਰ ਅਸਲਾ ਵੀ ਸ਼ਾਮਲ ਸੀ। ਜਦੋਂ ਆਖਰੀ ਅਮਰੀਕੀ ਜਹਾਜ਼ ਆਪਣੇ ਅਮਲੇ ਫੈਲੇ ਨੂੰ ਵਾਪਸ ਲੈ ਕੇ ਉਡੇ ਤਾਂ ਉਨ੍ਹਾਂ ਤੰਬਿਆਂ ਵਾਲੇ ਪਠਾਣਾਂ ਦੀ ਨਵੀਂ ਪਨੀਰੀ ਨੇ ਗੋਲੀਆਂ ਦਾ ਮੀਂਹ ਵਰ੍ਹਾ ਕੇ ਜਸ਼ਨ ਮਨਾਇਆ। ਤਾਲਿਬਾਨ ਦਾ ਰਾਜ ਆਉਂਦਿਆਂ ਹੀ ਉਨ੍ਹਾਂ ਔਰਤਾਂ ਨੂੰ ਘਰਾਂ ਦੀ ਚਾਰ-ਦੀਵਾਰੀ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਲਈ ਕਾਲਾ ਅੱਖਰ ਮ੍ਹੈਸ ਬਰਾਬਰ ਹੋ ਗਿਆ।

ਅਮਰੀਕਾ ਨੇ ਹੁਣ ਜਦੋਂ 28 ਫਰਵਰੀ ਨੂੰ ਇਰਾਨ 'ਤੇ ਹਮਲਾ ਕੀਤਾ ਤਾਂ ਖੁਮੀਨੀ ਦੇ ਨਾਲ ਹੀ ਬੱਚੀਆਂ ਦੇ ਸਕੂਲ 'ਤੇ ਬੰਬ ਸੁੱਟ ਦਿੱਤਾ। ਇਸ ਹਮਲੇ ਵਿੱਚ 168 ਬੱਚੀਆਂ ਦੀ ਜਾਨ ਚਲੀ ਗਈ। ਜਦੋਂ ਵੀ ਜੰਗਾਂ/ਯੁੱਧ ਹੁੰਦੇ ਹਨ, ਔਰਤਾਂ ਅਤੇ ਬੱਚੇ ਸਭ ਤੋਂ ਜ਼ਿਆਦਾ ਪ੍ਰਭਾਵਤ ਹੁੰਦੇ ਹਨ। ਖਾਸ ਕਰਕੇ ਹਮਲੇ ਦੀ ਮਾਰ ਝੱਲ ਰਹੇ ਮੁਲਕਾਂ ਦੇ। ਅਮਰੀਕਨ ਅਤੇ ਇਜ਼ਰਾਇਲੀ ਆਏ ਤਾਂ ਵੈਨੇਜ਼ੂਏਲਾ ਦੀ ਤਰਜ਼ 'ਤੇ ਇੱਕ ਨਿੱਕਾ ਜਿਹਾ ਤੇ ਤੇਜ਼ ਤਰਾਰ ਉਪਰੇਸ਼ਨ ਕਰਨ ਸਨ; ਪਰ ਜੰਗ ਦਾ ਉਲਝੇਵਾਂ ਅਜਿਹਾ ਕਿ ਮਹੀਨੇ ਤੋਂ ਉੱਪਰ ਸਮਾਂ ਲੱਗ ਜਾਣ ਤੋਂ ਬਾਅਦ ਵੀ ਨਿਪਟਿਆ ਨਹੀਂ, ਸਗੋਂ ਆਪਣੀ ਦਿਸ਼ਾ ਵਿੱਚ ਅੱਗੇ ਵਧ ਗਿਆ। ਗੱਲ ਇਰਾਨ ਵਿੱਚ ਸੱਤਾ ਤਬਦੀਲੀ ਤੋਂ ਅੱਗੇ ਵਧ ਕੇ ਹੁਣ ਹੌਰਮੂਜ਼ ਲਾਂਘਾ ਖੁਲ੍ਹਵਾਉਣ ਤੇ ਪਰਸ਼ੀਆ ਨੂੰ ਪੱਥਰ ਯੁੱਗ ਵਿੱਚ ਭੇਜਣ 'ਤੇ ਆ ਗਈ ਹੈ। ਇਹ ਸਮੁੰਦਰੀ ਲਾਂਘਾ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਖੁੱਲ੍ਹਾ ਸੀ। ਛਿੜ ਜਾਣ ਤੋਂ ਬਾਅਦ ਜੰਗ ਆਪਣੀ ਮਰਜ਼ੀ ਕਰਨ ਲਗਦੀ ਹੈ। ਲੰਮੇ ਤਜਰਬਿਆਂ ਤੋਂ ਬਾਅਦ ਵੀ ਜੰਗਬਾਜ਼ ਇਹ ਤੱਥ ਵਾਰ ਵਾਰ ਭੁੱਲ ਜਾਂਦੇ ਹਨ।

## ਅਮਰੀਕਾ ਅਤੇ ਇਰਾਨ ਵਿਚਾਲੇ ਦੋ ਹਫਤੇ ਲਈ ਜੰਗਬੰਦੀ?

ਅਤੇ ਸਾਊਦੀ ਅਰਬ ਦੀ ਵਿਚੋਲਗੀ ਨਾਲ ਜੰਗ ਰੋਕਣ ਲਈ ਚੱਲ ਰਹੀ ਗੱਲਬਾਤ ਵਿੱਚ ਟਰੰਪ ਨੇ 45 ਦਿਨਾਂ ਲਈ ਜੰਗਬੰਦੀ ਕਰਵਾਉਣ ਦਾ ਪ੍ਰਸਤਾਵ ਭੇਜਿਆ ਸੀ, ਪਰ ਇਰਾਨ ਇਸ ਲਈ ਤਿਆਰ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਜੰਗਬੰਦੀ ਮੁਕੰਮਲ ਹੋਣੀ ਚਾਹੀਦੀ ਹੈ। ਇਰਾਨ ਅਸਲ ਵਿੱਚ ਵਾਰ-ਵਾਰ ਹੋ ਰਹੇ ਹਮਲਿਆਂ ਦਾ ਜਹਿਣਾ ਵੱਢਣਾ ਚਾਹੁੰਦਾ ਹੈ। ਇਰਾਨ ਸਿਕਿਉਰਿਟੀ ਗਾਰੰਟੀ ਦੀ ਮੰਗ ਵੀ ਕਰ ਰਿਹਾ ਹੈ ਕਿ ਅਗਾਂਹ ਨੂੰ ਇਰਾਨ 'ਤੇ ਬਿਨਾ ਮਤਲਬ ਹਮਲਾ ਨਹੀਂ ਕੀਤਾ ਜਾਵੇਗਾ। ਮੁਆਵਜ਼ੇ ਦੀ ਅਣਹੋਂਦ ਵਿੱਚ ਇਰਾਨ ਦੀ ਮੰਗ ਹੈ ਕਿ ਉਸ ਨੂੰ ਉਨਾ ਚਿਰ ਤੱਕ ਹੌਰਮੂਜ਼ ਤੋਂ ਟੋਲ ਉਗਰਾਹੁਣ ਦੀ ਇਜਾਜ਼ਤ ਦਿੱਤੀ ਜਾਵੇ, ਜਦੋਂ ਤੱਕ ਉਸ ਦੇ ਜੰਗ ਵਿੱਚ ਹੋਏ ਨੁਕਸਾਨ ਦੀ ਭਰਪਾਈ ਨਾ ਹੋ ਜਾਵੇ। ਕੁਝ ਦਿਨ ਪਹਿਲਾਂ ਪਾਕਿਸਤਾਨ ਦੀ ਵਿਚੋਲਗੀ ਵਾਲੀ ਗੱਲਬਾਤ ਵਿੱਚ ਅਮਰੀਕਾ ਵੱਲੋਂ 5 ਸ਼ਰਤਾਂ ਵਾਲਾ ਆਪਣਾ ਚਾਰਟਰ ਭੇਜਿਆ ਗਿਆ ਸੀ, ਜਦਕਿ ਇਰਾਨ ਵੱਲੋਂ ਇੱਕ 10 ਨੁਕਾਤੀ ਸ਼ਰਤ ਪੱਤਰ ਪੇਸ਼ ਕੀਤਾ ਗਿਆ ਸੀ। ਦੋਨੋ ਧਿਰਾਂ ਵਿਚਕਾਰ ਗੱਲਬਾਤ ਚਲਾ ਰਹੇ ਮੁਲਕਾਂ ਦਾ ਆਖਣਾ ਹੈ ਕਿ ਇਰਾਨ ਅਤੇ ਅਮਰੀਕਾ-ਇਜ਼ਰਾਇਲ ਇੱਕ ਦੂਜੇ ਤੋਂ ਉਲਟ ਸਿਰਿਆਂ 'ਤੇ ਖੜ੍ਹੇ ਹਨ। ਭਾਵੇਂ ਗੱਲਬਾਤ ਹਾਲੇ ਟੁੱਟੀ ਨਹੀਂ ਹੈ, ਪਰ ਆਪਸੀ ਕੂਟਨੀਤੀ ਅਤੇ ਗੱਲਬਾਤ ਦਾ ਇਹ ਆਖਰੀ ਦੌਰ ਹੀ ਸਮਝਿਆ ਜਾ ਰਿਹਾ ਹੈ।




# ਪੰਜਾਬ ਸਰਕਾਰ ਨੇ ਤੇਰਾਂ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸਦਨ ਬੁਲਾਇਆ

## *ਦਲ ਖਾਲਸਾ ਵੱਲੋਂ ਆਯੋਜਤ ਸੈਮੀਨਾਰ ਵਿੱਚ ਆਪਣੀ ਰਾਖੀ ਆਪ ਕਰਨ ਦੀ ਸਲਾਹ

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ 'ਤੇ ਪੰਜਾਬ ਸਰਕਾਰ ਵੱਲੋਂ ਨਵਾਂ ਕਾਨੂੰਨ ਬਣਾਏ ਜਾਣ ਦੇ ਮੁੱਦੇ ਨੂੰ ਲੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੀ 6 ਅਪ੍ਰੈਲ ਨੂੰ ਸਮੂਹ ਪੰਥਕ ਜਥੇਬੰਦੀਆਂ ਦੀ ਇੱਕ ਮੀਟਿੰਗ ਸੱਦੀ ਗਈ। ਮੀਟਿੰਗ ਵਿੱਚ ਸਿੱਖ ਵਿਦਵਾਨਾਂ, ਵਕੀਲਾਂ, ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ ਦੇ ਮੁਖੀ ਭਾਈ ਹਰਨਾਮ ਸਿੰਘ ਧੁੰਮਾ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਅਤੇ ਹੋਰ ਸੰਤ-ਮਹਾਂਪੁਰਖਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਬੋਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਾਡੀ ਇਸ ਮੀਟਿੰਗ ਦਾ ਮਕਸਦ ਬੇਅਦਬੀਆਂ ਸੰਬੰਧੀ ਨਵਾਂ ਕਾਨੂੰਨ ਬਣਾਉਣ ਤੋਂ ਸਰਕਾਰ ਨੂੰ ਰੋਕਣਾ ਨਹੀਂ ਹੈ, ਸਗੋਂ ਇਸ ਵਿੱਚ ਸੰਭਾਵਤ ਤਰੁਟੀਆਂ ਪ੍ਰਤੀ ਵਿਚਾਰ ਕਰਨਾ ਅਤੇ ਰੋਕਣਾ ਹੈ। ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਰਕਾਰ ਕਾਨੂੰਨ ਬਣਾਵੇ, ਪਰ ਇੱਕ ਪ੍ਰਮਾਣਿਕ ਚੁਣੀ ਹੋਈ ਸਿੱਖ ਸੰਸਥਾ ਵਜੋਂ ਸ਼੍ਰੋਮਣੀ ਕਮੇਟੀ ਅਤੇ ਹੋਰ ਪੰਥਕ ਜਥੇਬੰਦੀਆਂ ਦੇ ਸੁਝਾਵਾਂ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ।

ਇਸ ਤੋਂ ਪਹਿਲਾਂ ਦਲ ਖਾਲਸਾ ਵੱਲੋਂ ਇਸੇ ਮਸਲੇ ਨੂੰ ਲੈ ਕੇ ਇੱਕ ਇਕੱਤਰਤਾ ਰਈਆ ਵਿਖੇ ਬੁਲਾਈ ਗਈ, ਜਿਸ ਵਿੱਚ ਗਰਮਖਿਆਲੀ ਸਿੱਖ ਧਿਰਾਂ ਦੇ ਬਹੁਤੇ ਆਗੂਆਂ ਨੇ ਹਿੱਸਾ ਲਿਆ। ਇਸ ਇਕੱਠ ਵਿੱਚ ਸਮੁੱਚੇ ਰੂਪ ਵਿੱਚ ਇਹ ਰਾਏ ਸਾਹਮਣੇ ਆਈ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਲਈ ਕਾਨੂੰਨਾਂ 'ਤੇ ਟੇਕ ਨਹੀਂ ਰੱਖਣੀ ਚਾਹੀਦੀ, ਸਗੋਂ ਖਾਲਸਾ ਪੰਥ ਨੂੰ ਆਪਣੇ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਪਹਿਰੇਦਾਰੀ ਕਰਨੀ ਚਾਹੀਦੀ ਹੈ। ਇਕੱਠ ਵਿੱਚ ਬੋਲਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਸਰਕਾਰ ਦਾ ਮਕਸਦ 2027 ਦੀਆਂ ਚੋਣਾਂ ਜਿੱਤਣਾ ਹੈ, ਨਾ ਕਿ ਗੁਰੂ ਗ੍ਰੰਥ ਸਾਹਿਬ ਦੇ ਅਦਬ ਨੂੰ ਯਕੀਨੀ ਬਣਾਉਣਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੀ ਮੀਟਿੰਗ ਵਿੱਚ ਬੋਲਦਿਆਂ ਕਈ ਹੋਰ ਬੁਲਾਰਿਆਂ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਸੰਮਤੀ ਜ਼ਾਹਰ ਕਰਦਿਆਂ ਕਿਹਾ ਕਿ ਸਿੱਖ ਜਥੇਬੰਦੀਆਂ ਵੱਲੋਂ ਇੱਕ ਸਬ-ਕਮੇਟੀ ਦਾ ਗਠਨ ਕਰਕੇ 13 ਅਪ੍ਰੈਲ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨਾਲ ਮਿਲਿਆ ਜਾਵੇ ਅਤੇ ਆਪਣੇ ਸੁਝਾਅ ਸਰਕਾਰ ਸਾਹਮਣੇ ਰੱਖੇ ਜਾਣ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਸ ਪੱਖ 'ਤੇ ਜ਼ੋਰ ਦਿੱਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਚੁਣੀ ਹੋਈ ਸੰਸਥਾ ਹੈ, ਇਸ ਲਈ ਕੋਈ ਕਾਨੂੰਨ ਬਣਾਏ ਜਾਣ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਮੁੱਚੇ ਸਿੱਖ ਪੰਥ ਦੀ ਰਾਏ ਨੂੰ ਦਰਜ ਕੀਤਾ ਜਾਵੇ। ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 13 ਅਪ੍ਰੈਲ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਲਈ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਸੈਸ਼ਨ ਸੱਦਿਆ ਹੋਇਆ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਹਿਲਾਂ ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀਆਂ ਬੇਦਬੀਆਂ ਨੂੰ ਰੋਕਣ ਲਈ ਇੱਕ ਬਿਲਕੁਲ ਨਵਾਂ ਕਾਨੂੰਨ ਬਣਾਉਣ ਦੀ ਗੱਲ ਚੱਲ ਰਹੀ ਸੀ। ਇਸ ਮਕਸਦ ਲਈ 'ਆਪ' ਦੇ ਇੱਕ ਅਸੈਂਬਲੀ ਮੈਂਬਰ ਇੰਦਰਬੀਰ ਸਿੰਘ ਨਿੱਝਰ ਦੀ ਅਗਵਾਈ ਵਿੱਚ ਸਿਲੈਕਟ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਵੱਲੋਂ ਤਿਆਰ ਕੀਤੇ ਗਏ ਨਵੇਂ ਖਰੜੇ ਬਾਰੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਗਿਆ ਸੀ।

### ਬੇਅਦਬੀ ਰੋਕੂ ਕਾਨੂੰਨ ਵਿੱਚ ਸੋਧ ਦਾ ਮਾਮਲਾ

ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਗਈ ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਇਸ ਕਾਨੂੰਨ ਵਿੱਚ ਬਹੁਤ ਸਾਰੀਆਂ ਕਮਜ਼ੋਰੀਆਂ ਸਨ ਅਤੇ ਉਸ ਖਰੜੇ ਦੇ ਅਧਾਰ 'ਤੇ ਨਵੇਂ ਕਾਨੂੰਨ ਦੇ ਪਾਸ ਹੋ ਜਾਣ ਨਾਲ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਤ ਅਤੇ ਹੋਰ ਸਿੱਖ ਮਸਲਿਆਂ ਵਿੱਚ ਸਰਕਾਰੀ ਏਜੰਸੀਆਂ ਦਾ ਦਖ਼ਲ ਵਧ ਸਕਦਾ ਸੀ। ਪੰਥਕ ਧਿਰਾਂ ਵੱਲੋਂ ਜ਼ੋਰ ਪਾਏ ਜਾਣ 'ਤੇ ਹੁਣ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਰੋਕਣ ਦੇ ਮਕਸਦ ਨਾਲ 2008 ਵਿੱਚ ਅਕਾਲੀ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਵਿੱਚ ਹੀ ਸੋਧ ਕਰਕੇ ਸਰਕਾਰ ਵੱਲੋਂ ਇਸ ਵਿੱਚ ਸਖ਼ਤ ਧਾਰਾਵਾਂ ਸ਼ਾਮਲ ਕਰ ਦਿੱਤੀਆਂ ਜਾਣਗੀਆਂ। ਇਸ ਸੰਬੰਧੀ ਸੋਧ ਕਰਨ ਲਈ ਪੰਜਾਬ ਵਿਧਾਨ ਸਭਾ ਵੱਲੋਂ 13 ਅਪ੍ਰੈਲ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਕੁਝ ਹੀ ਸਮੇਂ ਵਿੱਚ ਪੰਜਾਬ ਸਰਕਾਰ ਨੇ ਇਸ ਮੁੱਦੇ ਉੱਤੇ ਕਈ ਸਟੈਂਡ ਬਦਲੇ ਹਨ। ਪਹਿਲਾਂ ਭਗਵੰਤ ਮਾਨ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਬਣਾਏ ਗਏ ਬੇਅਦਬੀ ਰੋਕੂ ਕਾਨੂੰਨ ਨੂੰ ਸੋਧ ਕੇ ਇਸ ਵਿੱਚ ਨਵੀਆਂ ਸਖ਼ਤ ਧਾਰਾਵਾਂ ਸ਼ਾਮਲ ਕਰਨ ਦੀ ਗੱਲ ਕਰ ਰਹੀ ਸੀ। ਬਾਅਦ ਵਿੱਚ ਅਕਾਲੀ ਸਰਕਾਰ ਵੇਲੇ ਦੇ ਕਾਨੂੰਨ ਨੂੰ ਸੋਧਣ ਦੀ ਚਰਚਾ ਤੁਰ ਪਈ। ਯਾਦ ਰਹੇ, ਅਕਾਲੀ ਸਰਕਾਰ ਵੱਲੋਂ 2008 ਵਿੱਚ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ 2018 ਵਿੱਚ ਬੇਅਦਬੀਆਂ ਨੂੰ ਰੋਕਣ ਲਈ ਕਾਨੂੰਨ ਬਣਾਏ ਗਏ ਸਨ। ਅਕਾਲੀ ਸਰਕਾਰ ਵੇਲੇ ਬਣਾਇਆ ਗਿਆ ਕਾਨੂੰਨ ਇੱਕ ਤਰ੍ਹਾਂ ਦਾ ਰੈਗੂਲੇਟਰੀ ਕਾਨੂੰਨ ਹੈ, ਜਿਸ ਵਿੱਚ 10 ਸਾਲ ਦੀ ਸਜ਼ਾ ਦਾ ਉਪਬੰਧ ਹੈ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਸਮੇਤ ਪਬਲਿਸ਼ਿੰਗ ਅਤੇ ਵੰਡ ਦਾ ਜ਼ਿੰਮਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਗਿਆ ਹੈ। ਇਸ ਤੋਂ ਬਿਨਾ ਹੋਰ ਕੋਈ ਪ੍ਰਾਈਵੇਟ ਸੰਸਥਾ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਨਹੀਂ ਕਰ ਸਕੇਗੀ। ਕੈਪਟਨ ਅਮਰਿੰਦਰ ਸਿੰਘ ਵੇਲੇ ਬਣੇ ਕਾਨੂੰਨ ਵਿੱਚ ਬਾਕੀ ਧਰਮਾਂ ਦੇ ਗ੍ਰੰਥਾਂ ਦੀ ਬੇਅਦਬੀ ਨੂੰ ਰੋਕਣ ਦੀ ਮਦ ਵੀ ਪਾਈ ਗਈ ਸੀ। ਇਸ ਕਾਨੂੰਨ ਦੇ ਬਿਲ ਨੂੰ ਰਜਪਾਲ ਨੇ ਮਨਜ਼ੂਰੀ ਨਾ ਦੇ ਕੇ ਰਾਸ਼ਟਰਪਤੀ ਨੂੰ ਭੇਜ ਦਿੱਤਾ ਸੀ। ਇਸ ਖਰੜੇ ਵਿੱਚ ਸਾਰੇ ਧਰਮਾਂ ਦੀ ਬਰਾਬਰੀ ਦੀ ਮਦ ਜੋੜ ਕੇ ਇਸ ਨੂੰ ਪਾਸ ਕਰ ਦਿੱਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਪਟਿਆਲਾ ਜ਼ਿਲ੍ਹੇ ਨਾਲ ਸੰਬੰਧਤ ਕਸਬੇ ਸਮਾਣਾ ਵਿੱਚ ਦੋ ਸਾਲ ਤੋਂ ਇੱਕ ਮੋਰਚਾ ਚੱਲ ਰਿਹਾ ਹੈ। ਇਸ ਵਿੱਚ ਭਾਈ ਗੁਰਜੀਤ ਸਿੰਘ ਦੋ ਸਾਲ ਤੋਂ ਇੱਕ ਟਾਵਰ 'ਤੇ ਚੜ੍ਹ ਕੇ ਬੈਠੇ ਹੋਏ ਹਨ ਅਤੇ ਬੇਅਦਬੀਆਂ ਰੋਕਣ ਲਈ ਇੱਕ ਸਖ਼ਤ ਕਾਨੂੰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਵੱਲੋਂ ਵੀ ਇਹ ਬਿਆਨ ਦਿੱਤੇ ਜਾ ਰਹੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਵੇਂ ਸਖਤ ਕਾਨੂੰਨ ਦੇ ਰਾਹ ਵਿੱਚ ਅੜਿੱਕੇ ਪਾ ਰਹੀ ਹੈ। ਉਨ੍ਹਾਂ ਦੀ ਹਮਾਇਤ ਕਰ ਰਹੀਆਂ ਸਿੱਖ ਜਥੇਬੰਦੀਆਂ ਵੀ ਸੋਸ਼ਲ ਮੀਡੀਆ 'ਤੇ ਇਸ ਕਿਸਮ ਦੀ ਮੁਹਿੰਮ ਚਲਾ ਰਹੀਆਂ ਹਨ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਆਪਣੇ ਰਾਜਨੀਤਿਕ ਮਕਸਦਾਂ ਲਈ ਇਸ ਕਾਨੂੰਨ ਨੂੰ ਬਣਨ ਤੋਂ ਰੋਕ ਰਹੇ ਹਨ। ਇਹ ਸਵਾਲ ਵੀ ਉਠ ਕੇ ਆਇਆ ਕਿ ਸਰਕਾਰ ਇਸ ਕਾਨੂੰਨ ਨੂੰ ਬਣਾਉਣ ਵਿੱਚ ਸੁਹਿਰਦ ਨਹੀਂ ਹੈ। ਅਸਲ ਵਿੱਚ ਇਹ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਿੱਖਾਂ ਨੂੰ ਖੁਸ਼ ਕਰਕੇ ਮੁੜ ਗੱਦੀ ਹਾਸਲ ਕਰਨ ਦਾ ਯਤਨ ਮਾਤਰ ਹੈ।

ਇਸ ਦੌਰਾਨ ਇਸੇ ਮਸਲੇ ਨੂੰ ਲੈ ਕੇ ਸਿੱਖ ਰੈਡੀਕਲ ਧਿਰਾਂ ਵੱਲੋਂ ਵੀ ਇੱਕ ਦਿਨ ਪਹਿਲਾਂ ਰਈਏ ਵਿੱਚ ਇੱਕ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੌਰਾਨ ਗਹਿਨ ਵਿਚਾਰ ਚਰਚਾ ਤੋਂ ਬਾਅਦ ਇਹ ਰਾਏ ਉਭਰ ਕੇ ਸਾਹਮਣੇ ਆਈ ਕਿ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਨਵੇਂ ਪੁਰਾਣੇ ਕਾਨੂੰਨ ਬਣਾਉਣ ਵੱਲ ਨਹੀਂ ਝਾਕਣਾ ਚਾਹੀਦਾ, ਸਗੋਂ ਖਾਲਸੇ ਨੂੰ ਆਪ ਗੁਰੂ ਗ੍ਰੰਥ ਸਾਹਿਬ ਬੇਅਦਬੀ ਰੋਕਣ ਲਈ ਪਹਿਰੇਦਾਰੀ ਅਤੇ ਤਾਬਿਆ ਵਿੱਚ ਰਹਿਣਾ ਚਾਹੀਦਾ ਹੈ। ਸਿੱਖ ਗਰਮ ਖਿਆਲੀ ਆਗੂ ਨਰਾਇਣ ਸਿੰਘ ਚੌੜਾ ਨੇ ਕਿਹਾ ਕਿ ਗ੍ਰੰਥੀ ਤੋਂ ਇਲਾਵਾ ਇੱਕ ਪਹਿਰੇਦਾਰ ਗੁਰਦੁਆਰਾ ਸਾਹਿਬ ਦੇ ਗੇਟ ਉਤੇ ਅਤੇ ਇੱਕ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿੱਚ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਸਿੱਖ ਲਿਟਰੇਚਰ ਅਨੁਸਾਰ ਗੁਰਿਆਈ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨੂੰ ਸਾਂਝੇ ਤੌਰ 'ਤੇ ਦਿੱਤੀ ਗਈ ਹੈ। ਗੁਰੂ ਖਾਲਸਾ ਨੇ ਹੀ ਗੁਰੂ ਗ੍ਰੰਥ ਸਾਹਿਬ ਦੀ ਪਹਿਰੇਦਾਰੀ ਦਾ ਜ਼ਿੰਮਾ ਲੈਣਾ ਹੈ।

ਦਲ ਖਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਇਸ ਸੈਮੀਨਾਰ ਵਿੱਚ ਬੋਲਦਿਆਂ ਕਿਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਨ੍ਹਾਂ ਸੰਸਥਾਵਾਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਾਪਸ ਲੈ ਲੈਣੇ ਚਾਹੀਦੇ ਹਨ, ਜਿੱਥੇ ਸਿੱਖ ਮਰਿਯਾਦਾ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੀ। ਉਨ੍ਹਾਂ ਮਾਝੇ ਦੇ ਇੱਕ ਪਿੰਡ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਈ ਪਿੰਡਾਂ ਵਿੱਚ 18-18 ਗੁਰਦੁਆਰੇ ਹਨ। ਇਸ ਹਾਲਤ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਿਵੇਂ ਰੋਕੀ ਜਾ ਸਕਦੀ ਹੈ! ਉਨ੍ਹਾਂ ਕਿਹਾ ਕਿ ਜਾਤਾਂ ਦੇ ਆਧਾਰ 'ਤੇ ਗੁਰਦੁਆਰੇ ਹੋਣੇ ਵੀ ਸ਼ਬਦ ਗੁਰੂ ਦੀ ਬੇਅਦਬੀ ਹੈ। ਇਸ ਲਈ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਇੱਕ ਪਿੰਡ 'ਚ ਇੱਕ ਹੀ ਗੁਰਦੁਆਰਾ ਸਾਹਿਬ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਗੁਰੂ ਮਾਹਰਾਜ ਦੀ ਪਹਿਰੇਦਾਰੀ ਸੌਖੀ ਹੋ ਸਕੇਗੀ। ਉਨ੍ਹਾਂ ਜਾਤੀ ਆਧਾਰਤ ਗੁਰਦੁਆਰੇ ਖਤਮ ਕਰਨ ਦੀ ਵੀ ਗੱਲ ਕਹੀ।


PRIME PROPERTY MANAGEMENT

Reliable Real Estate Solutions for Smart Investors

PRIME PROPERTY MANAGEMENT

Our Services Include:

- Full-Service Property Management
- Tenant Placement & Screening
- Buying & Selling Representation
- Investment Property Analysis *(Cap Rate, DSCR, Cash Flow)*
- Rental Evaluations & Portfolio Growth Strategy

ਸਾਡੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਪੂਰੀ-ਸੇਵਾ ਜਾਇਦਾਦ ਪ੍ਰਬੰਧਨ
- ਕਿਰਾਏਦਾਰ ਪਲੇਸਮੈਂਟ ਅਤੇ ਸਕ੍ਰੀਨਿੰਗ
- ਖਰੀਦਦਾਰੀ ਅਤੇ ਵੇਚਣ ਦੀ ਪ੍ਰਤੀਨਿਧਤਾ
- ਨਿਵੇਸ਼ ਜਾਇਦਾਦ ਵਿਸ਼ਲੇਸ਼ਣ *(ਕੈਪ ਦਰ, DSCR, ਨਕਦ ਪ੍ਰਵਾਹ)*
- ਕਿਰਾਏ ਦੇ ਮੁਲੰਕਣ ਤੇ ਪੋਰਟਫੋਲੀਓ ਵਿਕਾਸ ਰਣਨੀਤੀ



ਵਰੁਣ ਮਲਹੋਤਰਾ
ਫੋਨ: 331-203-3733
*(ਸਥਾਨਕ ਨਿਵੇਸ਼ਕ ਅਤੇ ਰੀਅਲ ਅਸਟੇਟ ਪੇਸ਼ੇਵਰ)*

ਭਾਵੇਂ ਤੁਸੀਂ ਨਿਵੇਸ਼ਕ, ਖਰੀਦਦਾਰ ਜਾਂ ਵਿਕਰੇਤਾ ਹੋ - ਅਸੀਂ ਤੁਹਾਨੂੰ ਉਚਿਤ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਡੇਟਾ-ਆਧਾਰਿਤ ਸੂਝ ਪ੍ਰਦਾਨ ਕਰਦੇ ਹਾਂ

Providing professional property management and real estate services across Illinois.

Serving Plainfield, Naperville, Romeoville, Lemont, Oswego & Surrounding Communities

Referrals are always appreciated

*ਸ਼ਿਕਾਗੋਲੈਂਡ ਵਿੱਚ ਰਿਹਾਇਸ਼ੀ ਅਤੇ ਮਿਸ਼ਰਤ-ਵਰਤੋਂ ਵਾਲੀਆਂ ਜਾਇਦਾਦਾਂ ਨੂੰ ਪ੍ਰਾਪਤ ਕਰਨ, ਪ੍ਰਬੰਧਨ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਕੂਲ ਬਣਾਉਣ ਦਾ 10 ਸਾਲਾਂ ਤੋਂ ਵੱਧ ਦਾ ਤਜਰਬਾ...*



Email: varun@primepropertymgnt.com - www.primepropertymgnt.com

# ਗੁਰਦੁਆਰਾ ਪੈਲਾਟਾਈਨ ਚੋਣਾਂ: 'ਪੰਥਕ ਸਲੇਟ' ਦੇ ਚਾਰ ਅਤੇ 'ਚੜ੍ਹਦੀ ਕਲਾ ਸੇਵਕ' ਧਿਰ ਦੇ 2 ਉਮੀਦਵਾਰ ਜਿੱਤੇ

**ਕੁਲਜੀਤ ਸਿੰਘ**

**ਚੋਣਾਂ ਵਿੱਚ ਜੇਤੂ ਉਮੀਦਵਾਰ**


ਗੁਰਕੀਰਤ ਸਿੰਘ ਗਿੱਲ


ਤਰਲੋਚਨ ਸਿੰਘ ਮੁਲਤਾਨੀ


ਅਮਨਦੀਪ ਸਿੰਘ


ਸਤਿੰਦਰ ਸਿੰਘ ਬ੍ਰਹਮ



ਸਤਿਨਾਮ ਸਿੰਘ ਗਿੱਲ


ਸੁਰਿੰਦਰ ਕੌਰ ਸੰਘਾ

**ਸ਼ਿਕਾਗੋ:** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਬੋਰਡ ਆਫ ਟਰੱਸਟੀ (ਬੀ.ਓ.ਟੀ.) ਦੇ ਪੰਜ ਅਤੇ ਸੰਵਿਧਾਨ ਅਮਲ ਕਮੇਟੀ (ਸੀ.ਆਈ.ਸੀ.) ਦਾ ਇੱਕ ਮੈਂਬਰ ਚੁਣੇ ਜਾਣ ਲਈ ਲੰਘੇ ਐਤਵਾਰ ਨੂੰ ਹੋਈਆਂ ਚੋਣਾਂ ਨਿੱਕੇ-ਮੋਟੇ ਗੁੱਸੇ-ਗਿਲਿਆਂ, ਮਾਮੂਲੀ ਤਲਖੀ ਅਤੇ ਸਿਆਸੀ ਤਿਕੜਮਾਂ ਦੇ ਬਾਵਜੂਦ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਈਆਂ। ਇਨ੍ਹਾਂ ਚੋਣਾਂ ਵਿੱਚ ਬੀ.ਓ.ਟੀ. ਲਈ ਦੋਹਾਂ ਧਿਰਾਂ ਦੇ ਕੁੱਲ 8 ਉਮੀਦਵਾਰਾਂ ਵਿੱਚੋਂ 'ਪੰਥਕ ਸਲੇਟ' ਦੇ ਚਾਰ ਉਮੀਦਵਾਰ-ਗੁਰਕੀਰਤ ਸਿੰਘ ਗਿੱਲ, ਤਰਲੋਚਨ ਸਿੰਘ ਮੁਲਤਾਨੀ, ਅਮਨਦੀਪ ਸਿੰਘ ਤੇ ਸਤਿੰਦਰ ਸਿੰਘ ਬ੍ਰਹਮ ਅਤੇ 'ਚੜ੍ਹਦੀ ਕਲਾ ਸੇਵਕ' ਧਿਰ ਦਾ ਇੱਕ ਉਮੀਦਵਾਰ ਸਤਿਨਾਮ ਸਿੰਘ ਗਿੱਲ ਚੋਣ ਜਿੱਤ ਗਏ ਹਨ; ਜਦਕਿ ਸੀ.ਆਈ.ਸੀ. ਦੀ ਮੈਂਬਰੀ 'ਚੜ੍ਹਦੀ ਕਲਾ ਸੇਵਕਾਂ' ਦੀ ਝੋਲੀ ਪੈ ਗਈ ਹੈ। ਜ਼ਿਕਰਯੋਗ ਹੈ ਕਿ ਸੀ.ਆਈ.ਸੀ. ਲਈ ਦੋਹਾਂ ਧਿਰਾਂ ਵੱਲੋਂ ਇੱਕ-ਇੱਕ ਉਮੀਦਵਾਰ ਮੈਦਾਨ ਵਿੱਚ ਸੀ, ਜਿਸ ਵਿੱਚ ਬੀਬੀ ਸੁਰਿੰਦਰ ਕੌਰ ਸੰਘਾ ਜੇਤੂ ਰਹੇ ਹਨ।

ਇਸ ਤੋਂ ਇਲਾਵਾ ਕਰੀਬ 82 ਹਜ਼ਾਰ ਡਾਲਰ ਦੀ ਲਾਗਤ ਨਾਲ ਪਾਠ ਲਈ ਸਾਊਂਡਪਰੂਫ ਕਮਰਾ ਬਣਾਏ ਜਾਣ ਲਈ ਰੈਫਰੈਂਡਮ 30 ਵੋਟਾਂ ਦੇ ਫਰਕ ਨਾਲ ਫੇਲ੍ਹ ਹੋ ਗਿਆ। ਸੰਗਤ ਨੇ 'ਹਾਂ' ਵਿੱਚ 313 ਅਤੇ 'ਨਾਂਹ' ਵਿੱਚ 343 ਵੋਟਾਂ ਪਾਈਆਂ। ਕੁਝ ਸੰਗਤਾਂ ਨੇ ਇਸ ਸਬੰਧੀ ਕੋਈ 'ਹਾਂ' ਜਾਂ 'ਨਾਂਹ' ਨਾ ਕੀਤੀ। ਉਂਜ ਚੋਣ ਵਾਲੇ ਦਿਨ ਵੀ ਇਸ ਸਬੰਧੀ ਚਰਚਾ ਛਿੜੀ ਰਹੀ ਕਿ ਜੇ ਸੰਗਤ ਦੀਆਂ ਲੋੜਾਂ ਦੇ ਮੱਦੇਨਜ਼ਰ ਭਵਿੱਖ ਵਿੱਚ ਗੁਰਦੁਆਰਾ ਸਾਹਿਬ ਦਾ ਵਿਸਥਾਰ ਕਰਨ ਦੀ ਯੋਜਨਾ ਹੈ ਤਾਂ ਹੁਣ ਇੰਨੀ ਰਕਮ ਖਰਚਣ ਦਾ ਕੀ ਫਾਇਦਾ! ਵੋਟਾਂ ਦਾ ਨਤੀਜਾ ਉਡੀਕਦੇ ਕੁਝ ਸੱਜਣਾਂ ਦੀ ਦਿਲਚਸਪੀ ਰੈਫਰੈਂਡਮ ਦੇ ਪਾਸ/ਫੇਲ੍ਹ ਹੋਣ ਵਿੱਚ ਵੀ ਸੀ।









ਇਨ੍ਹਾਂ ਚੋਣਾਂ ਵਿੱਚ ਕੁਲ 1030 ਵੋਟਾਂ ਪੋਲ ਹੋਈਆਂ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ 666 ਵੋਟਾਂ ਗੁਰਕੀਰਤ ਸਿੰਘ ਗਿੱਲ ਨੂੰ ਪਈਆਂ, ਜਦਕਿ ਵੋਟਾਂ ਦੀ ਗਿਣਤੀ ਪੱਖੋਂ 656 ਵੋਟਾਂ ਨਾਲ ਦੂਜੇ ਨੰਬਰ ਉਤੇ ਤਰਲੋਚਨ ਸਿੰਘ ਮੁਲਤਾਨੀ ਰਹੇ। ਇਸੇ ਤਰ੍ਹਾਂ 624 ਵੋਟਾਂ ਨਾਲ ਤੀਜੇ ਨੰਬਰ 'ਤੇ ਅਮਨਦੀਪ ਸਿੰਘ, 614 ਵੋਟਾਂ ਪ੍ਰਾਪਤ ਕਰਕੇ ਸਤਿੰਦਰ ਸਿੰਘ ਬ੍ਰਹਮ ਚੌਥੇ ਅਤੇ ਸਤਿਨਾਮ ਸਿੰਘ ਗਿੱਲ 609 ਵੋਟਾਂ ਲੈ ਕੇ ਪੰਜਵੇਂ ਨੰਬਰ 'ਤੇ ਰਹੇ। ਬੀ.ਓ.ਟੀ. ਲਈ ਚੋਣ ਹਾਰ ਗਏ ਪ੍ਰਭਜੀਤ ਕੌਰ ਕਲੇਰ ਨੂੰ 494, ਤਰਲੋਚਨ ਸਿੰਘ ਨੂੰ 481 ਅਤੇ ਸਵਰਨਜੀਤ ਸਿੰਘ ਨੂੰ 347 ਵੋਟਾਂ ਮਿਲੀਆਂ। ਸੀ.ਆਈ.ਸੀ. ਦੀ ਮੈਂਬਰੀ ਲਈ ਜੇਤੂ ਸੁਰਿੰਦਰ ਕੌਰ ਸੰਘਾ 511 ਵੋਟਾਂ ਲੈ ਕੇ ਕੰਵਰ ਹਰਿੰਦਰ ਸਿੰਘ ਤੋਂ 55 ਵੋਟਾਂ ਦੇ ਫਰਕ ਨਾਲ ਜਿੱਤੇ ਹਨ। ਕੁੱਲ ਵੋਟਾਂ ਸਾਢੇ ਪੰਦਰਾਂ ਸੌ ਦੇ ਕਰੀਬ ਸਨ। ਅੰਦਾਜ਼ਨ 66 ਪ੍ਰਤੀਸ਼ਤ ਵੋਟਿੰਗ ਹੋਈ ਹੈ। ਕੁਝ ਵੋਟਾਂ ਇਸ ਲਈ ਰੱਦ ਹੋ ਗਈਆਂ, ਕਿਉਂਕਿ ਉਨ੍ਹਾਂ ਵੋਟਰਾਂ ਨੇ ਭੁਲੇਖੇ ਨਾਲ ਛੇ ਉਮੀਦਵਾਰਾਂ ਦੀ ਚੋਣ ਕਰ ਦਿੱਤੀ ਸੀ, ਜਦ ਕਿ ਬੀ.ਓ.ਟੀ. ਦੇ ਅੱਠ ਉਮੀਦਵਾਰਾਂ ਵਿੱਚੋਂ ਸਿਰਫ ਪੰਜ ਹੀ ਚੁਣਨੇ ਸਨ।

ਚੇਤੇ ਰਹੇ, ਸਾਲ 2022 ਦੀਆਂ ਗੁਰਦੁਆਰਾ ਚੋਣਾਂ ਵਿੱਚ 'ਪੰਥਕ ਸਲੇਟ' ਦੀ ਹੂੰਝਾ-ਫੇਰੂ ਜਿੱਤ ਹੋਈ ਸੀ, ਪਰ ਇਸ ਵਾਰ 'ਚੜ੍ਹਦੀ ਕਲਾ ਸੇਵਕ' ਧਿਰ ਦੇ ਦੋ ਮੈਂਬਰ ਚੁਣੇ ਜਾਣ ਕਾਰਨ ਸਮਝਿਆ ਜਾ ਰਿਹਾ ਹੈ ਕਿ ਇੱਕ ਤਰ੍ਹਾਂ ਵੰਝ ਬਰਾਬਰ ਗੱਡਿਆ ਗਿਆ ਹੈ; ਕਿਉਂਕਿ 'ਪੰਥਕ ਸਲੇਟ' ਤੋਂ ਨਾਰਾਜ਼ ਕੁਝ ਹਮਾਇਤੀਆਂ ਨੇ 'ਚੜ੍ਹਦੀ ਕਲਾ ਸੇਵਕ' ਧਿਰ ਦੀ ਜਿੱਤ ਲਈ ਜਿਸ ਤਰ੍ਹਾਂ ਦੀ ਖੇਡ ਖੇਡੀ ਸੀ, ਉਹ ਕੁਝ ਹੱਦ ਤੱਕ ਅਸਰ ਛੱਡ ਗਈ। ਉਂਜ 'ਪੰਥਕ ਸਲੇਟ' ਦੇ ਕੁਝ ਮੈਂਬਰਾਂ ਖਿਲਾਫ ਦੋਸ਼ ਮੜ੍ਹ ਕੇ ਕੀਤੇ ਗਏ ਪ੍ਰਚਾਰ ਨੂੰ ਲੈ ਕੇ ਕੁਝ ਦਿਨਾਂ ਤੋਂ ਪੈਦਾ ਹੋਈ ਤਲਖ਼ੀ ਵੋਟਾਂ ਵਾਲੇ ਦਿਨ ਤੱਕ ਵੀ ਅਸਰਅੰਦਾਜ਼ ਰਹੀ।

ਇੱਕ ਹੋਰ ਸਪਸ਼ਟ ਨਜ਼ਾਰਾ ਇਹ ਸੀ ਕਿ 'ਪੰਥਕ ਸਲੇਟ' ਦੇ ਕੁਝ ਹਮਾਇਤੀ ਵੋਟਾਂ 'ਚੜ੍ਹਦੀ ਕਲਾ ਸੇਵਕ' ਧਿਰ ਦੇ ਇੱਕ-ਦੋ ਉਮੀਦਵਾਰਾਂ ਨੂੰ ਪਾਉਣ ਲਈ ਵੀ ਪ੍ਰੇਰਦੇ ਦੇਖੇ-ਸੁਣੇ ਗਏ; ਤੇ ਕੁਝ ਹੱਦ ਤੱਕ ਇਹੋ ਜਿਹਾ 'ਚੜ੍ਹਦੀ ਕਲਾ ਸੇਵਕ' ਧਿਰ ਦੇ ਇੱਕ-ਦੋ ਹਮਾਇਤੀ ਵੀ ਕਰਦੇ ਦੇਖੇ ਗਏ। ਉਂਜ ਗੁਰੂਘਰ ਵਿੱਚ ਸੰਗਤ ਦੀਆਂ ਰੌਣਕਾਂ ਦੇਖ ਕੇ ਕਰੀਬ-ਕਰੀਬ ਸਾਰਾ ਦਿਨ ਇਹ ਚਰਚਾ ਹੁੰਦੀ ਰਹੀ ਕਿ ਅੱਜ ਉਹ ਲੋਕ ਵੀ ਪਰਿਵਾਰਾਂ ਸਮੇਤ ਨਜ਼ਰ ਆਏ ਹਨ, ਜੋ ਕਦੇ-ਕਦਾਈਂ ਜਾਂ ਸਾਲ ਪਿੱਛੋਂ ਹੀ ਗੁਰੂਘਰ ਆਉਂਦੇ ਹਨ। ਅਸਲ ਵਿੱਚ ਇਹ ਸਭ ਰਿਸ਼ਤੇਦਾਰੀਆਂ ਤੇ ਨਜ਼ਦੀਕੀਆਂ ਦੀ ਠੁੱਕ ਬਣਾਈ ਰੱਖਣ ਦੀ ਪ੍ਰਵਿਰਤੀ ਦਾ ਹਿੱਸਾ ਤਾਂ ਸੀ ਹੀ, ਪਰ ਕਿਧਰੇ-ਕਿਧਰੇ 'ਪੰਚਾਇਤੀ ਚੋਣਾਂ ਵਿੱਚ ਫਲਾਣੇ ਦੀ ਅੜ ਭੰਨ੍ਹਣ' ਵਾਂਗ ਆਪਣਿਆਂ ਦੇ ਹੀ ਬਰਖ਼ਿਲਾਫ ਵੋਟ ਭੁਗਤੀ/ਭੁਗਤਾਈ ਗਈ। ਹੁਣ ਅਗਲਾ ਮਸਲਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਾ ਆਣ ਪਿਆ ਹੈ। ਸੂਤਰਾਂ ਅਨੁਸਾਰ ਉਸ ਸਬੰਧੀ ਹੁਣੇ ਤੋਂ ਗਿਣਤੀਆਂ-ਮਿਣਤੀਆਂ ਸ਼ੁਰੂ ਹੋ ਗਈਆਂ ਹਨ। ਇਸ ਸਭ ਦੇ ਮੱਦੇਨਜ਼ਰ ਇਹ ਕਹਿਣਾ ਗਲਤ ਨਹੀਂ ਲੱਗਦਾ ਕਿ ਕੜਿਆਲਾਂ ਜਿਨ੍ਹਾਂ ਦੇ ਹੱਥਾਂ ਵਿੱਚ ਹਨ, ਉਹ ਹੀ ਸ਼ਾਹਸਵਾਰ ਹਨ!





ਵੋਟਾਂ ਵਾਲੇ ਦਿਨ ਦੋਹਾਂ ਧਿਰਾਂ ਦੇ ਲੱਗੇ ਟੇਬਲਾਂ ਨੇੜੇ ਦਿਲਚਸਪ ਨਜ਼ਾਰਾ ਇਹ ਸੀ ਕਿ ਜਦੋਂ ਕੋਈ ਸੰਗਤ ਮੈਂਬਰ ਇੱਕ ਧਿਰ ਦੇ ਨੁਮਾਇੰਦਿਆਂ ਨਾਲ ਗੱਲ ਕਰਦਾ ਤਾਂ ਦੂਜੀ ਧਿਰ ਨੂੰ ਧੁੜਕੂ ਜਿਹਾ ਲੱਗ ਜਾਂਦਾ ਕਿ ਫਲਾਣੀ ਫਲਾਣੀ ਵੋਟ ਉਸ ਧਿਰ ਨੂੰ ਚਲੇ ਜਾਵੇਗੀ; ਜਦਕਿ ਅਜਿਹਾ ਨਹੀਂ ਸੀ! ਗੁਰਦੁਆਰੇ ਦੀਆਂ ਪ੍ਰਬੰਧਕੀ/ਸਿਆਸੀ ਸਫਾਂ ਵਿੱਚ ਸਰਗਰਮ ਸ਼ਖ਼ਸੀਅਤਾਂ ਨੇ ਪਹਿਲਾਂ ਹੀ ਤੱਥ ਕੱਢ ਲਏ ਸਨ ਕਿ ਕਿਹੜੀ ਧਿਰ ਦਾ ਕਿਹੜਾ ਉਮੀਦਵਾਰ ਜਿੱਤ ਸਕਦਾ ਹੈ। ਬੇਸ਼ੱਕ ਵਧੇਰੇ ਗਿਣਤੀ ਸੰਗਤ ਨੇ ਇਹ ਪਹਿਲਾਂ ਹੀ ਧਾਰ ਲਿਆ ਹੋਇਆ ਸੀ ਕਿ ਕਿਸ ਕਿਸ ਨੂੰ ਵੋਟ ਪਾਉਣੀ ਹੈ, ਪਰ ਫਿਰ ਵੀ ਦੋਹਾਂ ਧਿਰਾਂ ਦੇ ਸਮਰਥਕ ਅਤੇ ਉਮੀਦਵਾਰ ਸਾਰੀ ਸੰਗਤ ਨੂੰ ਵੋਟਾਂ ਉਨ੍ਹਾਂ ਦੇ ਹੱਕ ਵਿੱਚ ਪਾਉਣ ਦੀ ਅਪੀਲ ਕਰਦੇ ਰਹੇ। ਉਂਜ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ ਉਮੀਦਵਾਰਾਂ ਤੇ ਉਨ੍ਹਾਂ ਦੇ ਸਮਰਥਕਾਂ ਵਿੱਚ ਇਤਫ਼ਾਕੀਆ ਸਾਂਝ ਬਣੀ ਰਹੀ। ਹਾਂ! ਕੁਝ ਕੁ ਸੱਜਣਾਂ ਦਰਮਿਆਨ ਨਿੱਜੀ ਤੌਰ ਉੱਤੇ ਪੈਦਾ ਹੋਈ ਆਪਸੀ ਕੁੜੱਤਣ ਵੀ ਕਈਆਂ ਨੇ ਉਚੇਚੇ ਤੌਰ 'ਤੇ ਮਹਿਸੂਸ ਕੀਤੀ।

ਹਾਲਾਂਕਿ ਚੋਣ ਵਾਲੇ ਦਿਨ ਵੀ ਕਥਿਤ ਤੌਰ 'ਤੇ ਜਾਅਲੀ ਵੋਟਾਂ ਬਣਾਏ ਜਾਣ ਅਤੇ ਕੁਝ ਮੈਂਬਰਾਂ ਦਾ ਨਾਂ ਵੋਟਰ ਲਿਸਟਾਂ ਵਿੱਚ ਨਾ ਹੋਣ ਕਾਰਨ ਪ੍ਰਬੰਧਕੀ ਕਮਜ਼ੋਰੀਆਂ ਦੇ ਦੋਸ਼ ਲੱਗਦੇ ਰਹੇ। ਗੁਰਦੁਆਰਾ ਮੈਂਬਰਸ਼ਿਪ ਲਈ ਹੋਈ ਹੋਣ ਦੇ ਬਾਵਜੂਦ ਕੁਝ ਕੁ ਗਿਣਤੀ ਸੰਗਤ ਦਾ ਨਾਂ ਵੋਟਰ ਸੂਚੀ ਵਿੱਚ ਨਹੀਂ ਸੀ, ਜਿਸ ਕਾਰਨ ਉਨ੍ਹਾਂ ਨੂੰ ਕੁਝ ਨਿਰਾਸ਼ਾ ਹੋਈ, ਪਰ ਬਾਅਦ ਵਿੱਚ ਗੁਰੂਘਰ ਦੇ ਦਫਤਰੀ ਰਿਕਾਰਡ ਦੇ ਆਧਾਰ 'ਤੇ ਉਨ੍ਹਾਂ ਨੂੰ ਵੋਟ ਪਾਉਣ ਦਿੱਤੀ ਗਈ।

ਇਸੇ ਦੌਰਾਨ ਸੰਗਤ ਦੇ ਕੁਝ ਮੈਂਬਰਾਂ ਨੂੰ ਵੋਟ ਭੁਗਤਾਉਣ ਲਈ ਕਤਾਰ ਵਿੱਚ ਲੰਮਾ ਸਮਾਂ ਇੰਤਜ਼ਾਰ ਕਰਨਾ ਪਿਆ ਤੇ ਉਨ੍ਹਾਂ ਨੇ ਕਥਿਤ ਨਾਕਸ ਪ੍ਰਬੰਧ ਉੱਤੇ ਨਾਰਾਜ਼ਗੀ ਪ੍ਰਗਟਾਈ। ਨਾਮ ਨਾਲ ਅਖੀਰ ਵਿੱਚ ਲੱਗੇ 'ਸਿੰਘ ਅਤੇ ਕੌਰ' ਵਾਲਿਆਂ ਦੀ ਕਤਾਰ ਤੇਜ਼ੀ ਨਾਲ ਅੱਗੇ ਵਧਦੀ ਦੇਖ, ਵੱਖ-ਵੱਖ ਗੋਤਾਂ ਦੇ ਨਾਂਵਾਂ ਵਾਲਿਆਂ ਨੇ ਨਾਰਾਜ਼ਗੀ ਜ਼ਾਹਰ ਕੀਤੀ, ਕਿਉਂਕਿ ਉਨ੍ਹਾਂ ਨੂੰ ਉਡੀਕ ਕਰਨੀ ਪੈ ਰਹੀ ਸੀ। ਇਸ ਸਬੰਧੀ ਚੋਣ ਕਮੇਟੀ ਦੇ ਚੇਅਰਮੈਨ ਨੇ ਸਪਸ਼ਟ ਕੀਤਾ ਕਿ ਬਜ਼ੁਰਗਾਂ ਜਾਂ ਜਿਨ੍ਹਾਂ ਨੇ ਕੰਮਾਂ-ਕਾਰਾਂ ਉਤੇ ਜਾਣਾ ਸੀ, ਉਨ੍ਹਾਂ ਨੂੰ ਪਹਿਲਾਂ ਜਾਣ ਦਿੱਤਾ ਗਿਆ। ਇਸ ਤੋਂ ਇਲਾਵਾ ਜਿਨ੍ਹਾਂ ਜੋੜਿਆਂ ਵਿੱਚੋਂ ਪਤਨੀ ਦੇ ਨਾਮ 'ਤੇ ਮੈਂਬਰਸ਼ਿਪ ਲਈ ਫਾਰਮ ਭਰੇ ਗਏ ਸਨ, ਉਨ੍ਹਾਂ ਜਾਂ ਫਿਰ ਜਿਨ੍ਹਾਂ ਦੇ ਘਰ ਦੇ ਪਤੇ ਬਦਲ ਗਏ ਸਨ, ਦੀ ਸ਼ਨਾਖਤ ਸਮੇਂ ਇੱਕਾ-ਦੁੱਕਾ ਮਾਮੂਲੀ ਸਮੱਸਿਆ ਆਈ।





ਮੈਂਬਰਸ਼ਿਪ ਚੋਣ ਕਮੇਟੀ ਦੇ ਚੇਅਰਮੈਨ ਹਰਵਿੰਦਰ ਸਿੰਘ ਘੋਤੜਾ ਅਨੁਸਾਰ ਚੋਣ ਪ੍ਰਕਿਰਿਆ ਦੌਰਾਨ ਚੋਣ ਕਮੇਟੀ ਦੀ ਸਕੱਤਰ ਇਮਾਨਪ੍ਰੀਤ ਕੌਰ ਗਿੱਲ, ਆਬਜ਼ਰਵਰ ਹਰਦਿਆਲ ਸਿੰਘ ਦਿਓਲ ਤੇ ਜਸਵੀਰ ਕੌਰ ਮਾਨ ਅਤੇ ਸੀ.ਆਈ.ਸੀ. ਦੇ ਚੇਅਰਮੈਨ ਗੁਰਦੀਪ ਸਿੰਘ ਸੰਘਾ ਤੇ ਸੈਕਟਰੀ ਕਰਮਜੀਤ ਸਿੰਘ ਭਟਨੂਰਾ ਆਦਿ ਨੇ ਆਪੋ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਤਿੰਨ ਟੇਬਲਾਂ ਉਤੇ ਦੋਹਾਂ ਧਿਰਾਂ ਦੇ ਦੋ-ਦੋ ਨੁਮਾਇੰਦੇ ਨਿਗਰਾਨੀ ਲਈ ਉਨ੍ਹਾਂ ਦੇ ਨਾਲ ਸਨ। ਮੈਂਬਰਸ਼ਿਪ ਚੋਣ ਕਮੇਟੀ ਨੇ ਚੋਣਾਂ ਦੌਰਾਨ ਸੰਗਤਾਂ, ਵਾਲੰਟੀਅਰਾਂ, ਉਮੀਦਵਾਰਾਂ ਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਚੋਣ ਅਮਲ ਦੀ ਪ੍ਰਕਿਰਿਆ ਦੌਰਾਨ ਕੁਝ ਮਸਲੇ ਚੁਣੌਤੀ ਭਰਪੂਰ ਸਨ, ਜਿਨ੍ਹਾਂ ਨੂੰ ਵਿਚਾਰ-ਵਟਾਂਦਰੇ ਤੇ ਦਲੀਲਾਂ ਨਾਲ ਨਜਿੱਠ ਲਿਆ ਗਿਆ।

**ਅੰਤਿਕਾ:** ਗੁਰਦੁਆਰਾ ਪੈਲਾਟਾਈਨ ਦਾ ਮੰਜ਼ਰ-ਏ-ਚੋਣ ਇਹ ਸੀ ਕਿ ਸਾਲ 2022 ਦੀਆਂ ਚੋਣਾਂ ਦਾ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਆ ਗਿਆ। ਉਦੋਂ ਹੋਈਆਂ ਪ੍ਰਬੰਧਕੀ ਚੋਣਾਂ ਦਾ ਧਿਆਨ ਧਰਦਿਆਂ ਮੈਂ ਛੋਟਾ ਜਿਹਾ ਕਾਵਿ ਟੋਟਾ ਲਿਖਿਆ ਸੀ। ਹਾਲੀਆ ਚੋਣਾਂ ਦੇ ਮੱਦੇਨਜ਼ਰ ਉਸ ਵਿੱਚ ਕੁੱਝ ਤਬਦੀਲੀ ਕਰਕੇ ਪੇਸ਼ ਕਰਨ ਦੀ ਗੁਸਤਾਖ਼ੀ ਕਰ ਰਿਹਾ ਹਾਂ। ਜ਼ਰਾ ਪੜ੍ਹ ਕੇ ਜੀ...

## ਮੰਜ਼ਰ-ਏ-ਚੋਣ

ਮਾਹੌਲ ਪਿੰਡ ਦੀ ਪੰਚਾਇਤ ਦੀ ਚੋਣ ਜਿਹਾ ਸੀ
ਲੱਗੀਆਂ ਸਨ ਰੌਣਕਾਂ ਬੜੀਆਂ ਹੀ ਭਾਰੀਆਂ ਜੀ।
ਮਿਥ ਕੇ ਆਈਆਂ ਸਨ ਸੰਗਤਾਂ ਗੁਰੂ ਦੇ ਘਰ 'ਚ
ਵਿਚਾਰਾਂ ਪਹਿਲਾਂ ਹੀ ਮਨਾਂ 'ਚ ਸਨ ਧਾਰੀਆਂ ਜੀ।

ਧਿਰ ਆਪਣੀ ਨੂੰ ਜਿਤਾਉਣ ਲਈ ਪੈਲਾਟਾਈਨ 'ਚ
ਖੁੱਲ੍ਹੇਆਮ ਤੇ ਚੁੱਪ-ਚੁੱਪੀਤੇ ਜ਼ੋਰ ਲਾਇਆ ਕਈਆਂ ਨੇ।
ਮਾਹੌਲ ਆਖਰੀ ਦਿਨਾਂ 'ਚ ਮੁਕਾਬਲੇ ਦਾ ਬਣ ਗਿਆ ਸੀ
ਤਾਂਹੀਂ ਪਸੰਦੀਦਾ ਉਮੀਦਵਾਰਾਂ ਨੂੰ ਵੋਟਾਂ ਵੱਧ ਪਈਆਂ ਨੇ।

ਵਿਚਾਰਧਾਰਕ ਪਾੜ ਬਣ ਜਾਂਦੇ ਖੱਡ ਡੂੰਘੀ ਸਮੇਂ ਨਾਲ
ਪਰ ਇਤਫ਼ਾਕ ਆਪਸ 'ਚ ਗੁਰੂ ਘਰ ਅੰਦਰ ਰੱਖੀਏ ਜੀ।
ਨਿਤ ਸੂਰਜ ਚੜ੍ਹਦੇ ਤੇ ਲੱਥਦੇ ਰਹਿੰਦੇ ਨੇ 'ਕੁਲਜੀਤ ਸਿਆਂ'
ਹਕੀਕਤ ਇਸ ਤੋਂ ਨਾ ਪਾਸਾ ਕਦੇ ਭੁੱਲ ਕੇ ਵੱਟੀਏ ਜੀ!

# ਅਕਾਲ ਪੁਰਖ ਦਾ ਸ਼ੁਕਰਾਨਾ ਅਤੇ ਗੁਰੂ ਪਿਆਰੀ ਸੰਗਤ ਦਾ ਬਹੁਤ ਬਹੁਤ ਧੰਨਵਾਦ

**ਗੁਰਦੁਆਰਾ ਸਾਹਿਬ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੀਆਂ 5 ਅਪਰੈਲ 2026, ਦਿਨ ਐਤਵਾਰ ਨੂੰ ਹੋਈਆਂ ਚੋਣਾਂ ਵਿੱਚ ਸੰਗਤ ਵੱਲੋਂ 'ਪੰਥਕ ਸਲੇਟ' ਦੇ ਉਮੀਦਵਾਰਾਂ ਦੇ ਹੱਕ ਵਿੱਚ ਵੋਟ ਅਤੇ ਦਿੱਤੇ ਸਮਰਥਨ ਲਈ ਸਮੂਹ ਵੋਟਰਾਂ ਤੇ ਸਮਰਥਕਾਂ ਦਾ ਬਹੁਤ ਬਹੁਤ ਧੰਨਵਾਦ**



***ਗੁਰੂ ਸਾਹਿਬਾਨ ਦੀ ਬਖਸ਼ਿਸ਼ ਸਦਕਾ ਗੁਰਦੁਆਰਾ ਸਾਹਿਬ ਦੀ ਮਿਲੀ ਸੇਵਾ ਲਈ ਪੰਥਕ ਸਲੇਟ ਵੱਲੋਂ ਕੋਟਾਨਿ ਕੋਟਿ ਸ਼ੁਕਰਾਨਾ***

**ਖਾਲਸਾ ਪੰਥ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ ਸਮੂਹ ਸਿੱਖ ਕੌਮ ਨੂੰ ਲੱਖ ਲੱਖ ਵਧਾਈ ਹੋਵੇ**

**ਧੰਨਵਾਦ ਸਹਿਤ: ਪੰਥਕ ਸਲੇਟ**



# ਧੰਨਵਾਦ ! ਧੰਨਵਾਦ ! ! ਧੰਨਵਾਦ ! ! !

## ਗੁਰਦੁਆਰਾ ਪੈਲਾਟਾਈਨ ਦੀਆਂ ਚੋਣਾਂ ਵਿੱਚ ਮਿਲੇ ਭਰਵੇਂ ਹੁੰਗਾਰੇ ਲਈ ਪਰਮਾਤਮਾ ਅਤੇ ਸੰਗਤ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ !

ਗੁਰੂ ਸਾਹਿਬਾਨ ਦੀ ਬਖਸ਼ਿਸ਼ ਸਦਕਾ ਸੰਗਤ ਵੱਲੋਂ ਗੁਰਦੁਆਰਾ ਪ੍ਰਬੰਧ ਦੀ ਸੇਵਾ ਨਿਭਾਉਣ ਲਈ 'ਚੜ੍ਹਦੀ ਕਲਾ ਸੇਵਕਾਂ' ਨੂੰ ਗੁਰੂਘਰ ਦੀਆਂ ਚੋਣਾਂ ਵਿੱਚ ਜ਼ਿੰਮੇਵਾਰੀ ਸੌਂਪੀ ਗਈ ਸੀ। ਸੰਗਤ ਵੱਲੋਂ ਦਿੱਤੇ ਗਏ ਫਤਵੇ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਵੱਲੋਂ ਮਿਲੇ ਵੋਟ ਤੇ ਸੁਪੋਰਟ ਲਈ ਅਸੀਂ ਖਾਸ ਤੌਰ 'ਤੇ ਸ਼ੁਕਰਗੁਜ਼ਾਰ ਹਾਂ। ਸੰਗਤਾਂ ਨੇ ਸਾਰੇ ਸੇਵਾਦਾਰਾਂ ਦੀ ਚੜ੍ਹਦੀ ਕਲਾ ਲਈ ਅਹਿਮ ਭੂਮਿਕਾ ਨਿਭਾਈ ਹੈ, ਅਸੀਂ ਉਨ੍ਹਾਂ ਦੀਆਂ ਆਸਾਂ-ਉਮੀਦਾਂ ਉਤੇ ਖ਼ਰਾ ਉਤਰਦਿਆਂ ਗੁਰ ਮਰਯਾਦਾ ਅਨੁਸਾਰ ਸਮਰਪਿਤ ਭਾਵਨਾ ਨਾਲ ਸੇਵਾ ਕਰਦੇ ਰਹਾਂਗੇ।

**ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਲੱਖ ਲੱਖ ਵਧਾਈ**



ਸੁਰਿੰਦਰ ਕੌਰ ਸੰਘਾ



ਸਤਿਨਾਮ ਸਿੰਘ ਗਿੱਲ



ਸਵਰਨਜੀਤ ਸਿੰਘ



ਤਰਲੋਚਨ ਸਿੰਘ

**ਸੰਗਤਾਂ ਦੇ ਦਾਸ: ਸਮੂਹ ਚੜ੍ਹਦੀ ਕਲਾ ਸੇਵਕ ਅਤੇ ਸਮਰਥਕ**

## ਬਲਵੰਤ ਸਿੰਘ ਰਾਜੋਆਣਾ ਦੀ ਜਥੇਦਾਰ ਨੂੰ ਚਿੱਠੀ

# ਬੰਦੀ ਸਿੰਘਾਂ ਦੀ ਰਿਹਾਈ ਲਈ ਚਾਰਾਜੋਈ ਦਾ ਸਮਾਂ

**ਜਸਵੀਰ ਸਿੰਘ ਮਾਂਗਟ**

### ਸਿੱਖ ਧਿਰਾਂ ਦੀ ਸਿਆਸੀ ਕਮਜ਼ੋਰੀ ਦੀ ਹਾਲਤ ਵਿੱਚ ਮੌਜੂਦਾ ਮੌਕਾ-ਏ-ਮੇਲ ਵੀ ਹੱਥੋਂ ਨਿਕਲ ਸਕਦਾ ਹੈ

ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਲਿਖੇ ਗਏ ਇੱਕ ਪੱਤਰ ਨਾਲ ਸਿੱਖ ਬੰਦੀਆਂ ਦੀ ਰਿਹਾਈ ਦਾ ਮਸਲਾ ਇੱਕ ਵਾਰ ਫਿਰ ਭਖ ਗਿਆ ਹੈ। ਆਪਣੇ ਤਾਜ਼ਾ ਪੱਤਰ ਵਿੱਚ ਉਨ੍ਹਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਲਿਖੇ ਇਸ ਪੱਤਰ ਵਿੱਚ ਬੇਨਤੀ ਕੀਤੀ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕਰਨ ਕਿ ਭਾਰਤ ਦੇ ਰਾਸ਼ਟਰਪਤੀ ਕੋਲ ਪਈ ਉਨ੍ਹਾਂ ਦੀ ਰਹਿਮ ਦੀ ਅਪੀਲ ਵਾਪਸ ਲਈ ਜਾਵੇ। ਜੇ 10 ਦਿਨਾਂ ਦੇ ਅੰਦਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਉਹ ਇਸ ਮਕਸਦ ਲਈ ਜੇਲ੍ਹ ਵਿੱਚ ਭੁੱਖ ਹੜਤਾਲ ਸ਼ੁਰੂ ਕਰਨਗੇ।

ਯਾਦ ਰਹੇ, ਭਾਈ ਰਾਜੋਆਣਾ ਬੀਤੇ 30 ਸਾਲਾਂ ਤੋਂ ਜੇਲ੍ਹ ਵਿੱਚ ਹਨ। ਫਾਂਸੀ ਚੱਕੀ ਵਿੱਚ ਬੰਦ ਕੀਤਿਆਂ ਵੀ ਉਨ੍ਹਾਂ ਨੂੰ 18 ਸਾਲ ਗੁਜ਼ਰ ਗਏ ਹਨ। ਇਸ ਕਿਸਮ ਦੀ ਬੰਦੀ ਘੋਰ ਮਾਨਸਿਕ ਤਸ਼ੱਦਦ ਦਾ ਬਾਇਸ ਬਣਦੀ ਹੈ, ਜਦੋਂ ਕਥਿਤ ਮੁਲਜ਼ਮ ਨੂੰ ਮੌਤ ਦੀ ਤੰਦੀ 'ਤੇ ਖਿਲਾਰ ਕੇ ਅਨੰਤ ਉਡੀਕ ਵਿੱਚ ਪਾ ਦਿੱਤਾ ਜਾਵੇ। ਭਾਈ ਰਾਜੋਆਣਾ ਨੇ ਆਪਣੇ ਤਾਜ਼ਾ ਪੱਤਰ ਵਿੱਚ ਕਿਹਾ ਹੈ ਕਿ ਤਿੰਨ ਦਹਾਕੇ ਜੇਲ੍ਹ ਵਿੱਚ ਰਹਿਣ ਤੋਂ ਪਿੱਛੋਂ ਅਜਿਹਾ (ਭੁੱਖ ਹੜਤਾਲ) ਕਦਮ ਚੁੱਕਣਾ ਤਕਲੀਫਦੇਹ, ਪਰ ਨਾ ਟਾਲਣਯੋਗ ਹੋਏਗਾ। ਯਾਦ ਰਹੇ, ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਅਜਿਹਾ ਪੱਤਰ ਸਾਲ 2023 ਵਿੱਚ ਵੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਲਿਖਿਆ ਗਿਆ ਸੀ। ਉਸ ਸਮੇਂ ਗਿਆਨੀ ਰਘਬੀਰ ਸਿੰਘ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ।

ਬਲਵੰਤ ਸਿੰਘ ਰਾਜੋਆਣਾ ਨੂੰ ਮਰਹੂਮ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਚੰਡੀਗੜ੍ਹ ਦੀ ਇੱਕ ਵਿਸ਼ੇਸ਼ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਸੀ। ਮੁੱਖ ਮੰਤਰੀ ਬੇਅੰਤ ਸਿੰਘ ਨੂੰ 31 ਅਗਸਤ 1995 ਨੂੰ 16 ਹੋਰ ਵਿਅਕਤੀਆਂ ਸਮੇਤ ਚੰਡੀਗੜ੍ਹ ਦੀ ਸਿਵਲ ਸਕੱਤਰੇਤ ਦੇ ਬਾਹਰ ਇੱਕ ਆਤਮਘਾਤੀ ਬੰਬ ਧਮਾਕੇ ਵਿੱਚ ਮਾਰ ਦਿੱਤਾ ਗਿਆ ਸੀ। ਇਸ ਘਟਨਾ ਨੂੰ ਅੰਜਾਮ ਦੇਣ ਲਈ ਦਿਲਾਵਰ ਸਿੰਘ ਨੇ ਇੱਕ ਮਨੁੱਖੀ ਬੰਬ ਵਜੋਂ ਸ਼ਹਾਦਤ ਦੇ ਦਿੱਤੀ ਸੀ, ਜਦਕਿ ਬਲਵੰਤ ਸਿੰਘ ਰਾਜੋਆਣਾ ਦੂਸਰੇ ਮਨੁੱਖੀ ਬੰਬ ਵਜੋਂ ਪਹਿਲੇ ਦੀ ਅਸਫਲਤਾ ਦੀ ਸੂਰਤ ਵਿੱਚ ਬੈਕ-ਅੱਪ ਦੇ ਰਹੇ ਸਨ। ਦਿਲਾਵਰ ਸਿੰਘ ਵਲੋਂ ਕੀਤੀ ਪਹਿਲੀ ਆਤਮਘਾਤੀ ਕੋਸ਼ਿਸ਼ ਵਿੱਚ ਹੀ ਸਫਲ ਹੋ ਜਾਣ ਤੋਂ ਬਾਅਦ ਉਹ ਘਟਨਾ ਤੋਂ ਬਾਅਦ ਬਚ ਕੇ ਨਿਕਲ ਗਏ ਸਨ, ਪਰ ਬਾਅਦ ਵਿੱਚ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਭਾਈ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਲਈ ਇੱਕ ਪਟੀਸ਼ਨ ਸੁਪਰੀਮ ਕੋਰਟ ਵਿੱਚ ਵੀ ਪਾਈ ਗਈ ਸੀ, ਪਰ ਸਰਬਉਚ ਅਦਾਲਤ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਫਾਂਸੀ ਦੇਣ ਵਿੱਚ ਦੇਰ ਕਰਨ ਕਰਕੇ ਸਰਕਾਰ ਨੂੰ ਝਾੜ ਪਾਉਂਦਿਆਂ ਤੁਰੰਤ ਫਾਂਸੀ ਦੇਣ ਦਾ ਫੈਸਲਾ ਸੁਣਾ ਦਿੱਤਾ ਸੀ। ਅਦਾਲਤ ਨੇ ਕੇਂਦਰ, ਪੰਜਾਬ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਪੁੱਛਿਆ ਸੀ ਕਿ ਹੁਣ ਤੱਕ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਕਿਉਂ ਨਹੀਂ ਦਿੱਤੀ ਗਈ? ਅਦਾਲਤ ਨੇ ਕੇਂਦਰ ਸਰਕਾਰ ਨੂੰ ਇਸ ਮਸਲੇ 'ਤੇ ਆਖਰੀ ਤਾਰੀਖ ਤੈਅ ਕਰਨ ਲਈ ਵੀ ਆਖ ਦਿੱਤਾ ਸੀ ਅਤੇ ਕਿਹਾ ਸੀ ਕਿ ਜੇ ਸਰਕਾਰ ਇਸ ਮਾਮਲੇ ਵਿੱਚ ਕੁਝ ਨਹੀਂ ਕਰੇਗੀ ਤਾਂ ਅਦਾਲਤ ਆਪ ਦਖਲ ਦੇਵੇਗੀ।

ਸਤੰਬਰ 2024 ਵਿੱਚ ਸੁਪਰੀਮ ਕੋਰਟ ਨੇ ਫਿਰ ਕੇਂਦਰ ਸਰਕਾਰ ਨੂੰ ਭਾਈ ਰਾਜੋਆਣਾ ਨੂੰ ਫਾਂਸੀ ਦੇਣ ਦੇ ਮਾਮਲੇ ਵਿੱਚ ਤਲਬ ਕੀਤਾ ਸੀ, ਪਰ ਕੇਂਦਰ ਸਰਕਾਰ ਦੇ ਪ੍ਰਤੀਨਿਧ ਨੇ ਅਦਾਲਤ ਵਿੱਚ ਜਵਾਬ ਦਾਇਰ ਕੀਤਾ ਸੀ ਕਿ ਇਹ ਮਸਲਾ ਬੇਹੱਦ ਸੰਵੇਦਨਸ਼ੀਲ ਅਤੇ ਯੋਗ ਅਧਿਕਾਰੀਆਂ ਦੇ ਵਿਚਾਰ ਅਧੀਨ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਪੰਜਾਬ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਵੀ ਜਵਾਬ ਤਲਬੀ ਕੀਤੀ ਸੀ। ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਰਹਿਮ ਦੀ ਅਪੀਲ ਦਾਖਲ ਕੀਤਿਆਂ ਵੀ 13 ਸਾਲ ਦਾ ਸਮਾਂ ਹੋ ਚੁੱਕਾ ਹੈ ਅਤੇ ਭਾਈ ਰਾਜੋਆਣਾ ਇਸ ਅਪੀਲ ਨੂੰ ਵੀ ਹੁਣ ਵਾਪਸ ਲੈਣ ਦੀ ਮੰਗ ਕਰਨ ਲੱਗੇ ਹਨ। ਭਾਈ ਰਾਜੋਆਣਾ ਨੇ ਆਪਣੇ ਤਾਜ਼ਾ ਪੱਤਰ ਵਿੱਚ ਫਾਂਸੀ ਬਾਰੇ ਫੈਸਲੇ ਵਿੱਚ ਦੇਰੀ ਲਈ ਸਰਕਾਰ ਅਤੇ ਸਿੱਖ ਸੰਸਥਾਵਾਂ- ਦੋਹਾਂ ਦੀ ਅਲੋਚਨਾ ਕੀਤੀ ਹੈ।



ਬਲਵੰਤ ਸਿੰਘ ਰਾਜੋਆਣਾ



ਬੰਦੀ ਸਿੰਘਾਂ ਦਾ ਇੱਕ ਚਿੱਤਰ

ਸਿੱਖ ਬੰਦੀਆਂ ਵਿੱਚੋਂ ਭਾਈ ਬਲਵੰਤ ਸਿੰਘ ਰਾਜੋਆਣਾ ਇਸ ਪੱਖੋਂ ਵਿਲੱਖਣ ਹਨ ਕਿ ਉਨ੍ਹਾਂ ਨੇ ਨਾ ਸਿਰਫ ਸਾਬਕਾ ਮੁੱਖ ਮੰਤਰੀ ਨੂੰ ਮਾਰਨ ਵਿੱਚ ਆਪਣੀ ਭੂਮਿਕਾ ਨੂੰ ਅਦਾਲਤ ਵਿੱਚ ਕਬੂਲਿਆ ਹੈ, ਸਗੋਂ ਇਸ ਐਕਸ਼ਨ ਦੀ ਵਜ਼ਾਹਤ ਜੋਗਰੀ ਲੇਖਣੀ ਅਤੇ ਬੌਧਿਕ ਸਰਗਰਮੀ ਕਰਨ ਦੇ ਵੀ ਉਹ ਸਮਰੱਥ ਹਨ। ਸਾਲ 2012 ਵਿੱਚ ਉਸ ਸਮੇਂ ਦੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਉਨ੍ਹਾਂ ਨੂੰ ਸਿੱਖਾਂ ਦੇ 'ਜ਼ਿੰਦਾ ਸ਼ਹੀਦ' ਦਾ ਰੁਤਬਾ ਦੇ ਦਿੱਤਾ ਸੀ।

ਆਪਣੀ ਬੌਧਿਕ ਅਤੇ ਜਨਤਕ ਅਪੀਲ ਦੇ ਆਸਰੇ ਉਨ੍ਹਾਂ ਇੱਕ ਵਾਰ ਜੇਲ੍ਹ ਵਿੱਚ ਬੈਠਿਆਂ ਹੀ ਆਪਣੀ ਫਾਂਸੀ ਦੇ ਖਿਲਾਫ ਇੱਕ ਲਹਿਰ ਖੜ੍ਹੀ ਕਰ ਲਈ ਸੀ; ਪਰ ਆਮ ਪੰਜਾਬੀ ਸ਼ਰੀਕੇਬਾਜ਼ੀ ਵਾਲੇ ਸੁਭਾਅ ਦਾ ਸ਼ਿਕਾਰ ਹੁੰਦਿਆਂ ਉਨ੍ਹਾਂ ਨੇ ਭਾਈ ਜਗਤਾਰ ਸਿੰਘ ਹਵਾਰਾ ਨਾਲ ਸ਼ਰੀਕੇ ਤਹਿਤ ਇਸ ਲਹਿਰ ਨੂੰ ਸਮੁੱਚੇ ਬੰਦੀ ਸਿੰਘਾਂ ਦੀ ਲਹਿਰ ਬਣਾਉਣ ਦੀ ਕੋਸ਼ਿਸ਼ 'ਤੇ ਰੱਟਾ ਖੜ੍ਹਾ ਕਰ ਲਿਆ ਸੀ। ਉਨ੍ਹਾਂ ਦੇ ਇਸ ਸੁਭਾਅ ਕਾਰਨ ਹੀ ਪੰਜਾਬ ਵਿੱਚ ਇਸ ਜਨਤਕ ਲਹਿਰ ਨੂੰ ਮਿਲਿਆ ਇੱਕ ਵਿਆਪਕ ਹੁੰਘਾਰਾ ਠੁੱਸ ਹੋ ਗਿਆ ਸੀ। ਜੇ ਇਸ ਮੁਹਿੰਮ ਨੂੰ ਉਸ ਸਮੇਂ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਦੀ ਲਹਿਰ ਵਿੱਚ ਬਦਲ ਲਿਆ ਜਾਂਦਾ ਤਾਂ ਬਲਵੰਤ ਸਿੰਘ ਰਾਜੋਆਣਾ ਸਿੱਖਾਂ ਦੇ ਵੱਡੇ ਅਤੇ ਨਿਰਵਿਵਾਦ ਲੀਡਰ ਵਜੋਂ ਉਭਰ ਸਕਦੇ ਸਨ। ਉਨ੍ਹਾਂ ਕੋਲ ਆਪਣੇ ਖਿਆਲਾਂ ਨੂੰ ਖੁਸ਼ਕੱਤ ਸ਼ਬਦਾਂ ਵਿੱਚ ਉਤਾਰਨ ਤੋਂ ਇਲਾਵਾ ਸੱਚ ਨੂੰ ਠਣਕਾ ਕੇ ਕਹਿਣ ਦੀ ਭਾਸ਼ਨ ਸਮਰੱਥਾ ਵੀ ਹੈ। ਰਾਜੋਆਣਾ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਵਿੱਚ ਇਸ ਕਿਸਮ ਦੀਆਂ ਯੋਗਤਾਵਾਂ ਵੇਖਣ ਨੂੰ ਮਿਲੀਆਂ ਹਨ, ਪਰ ਉਹ ਵੀ ਹੁਣ ਡਿਬਰੂਗੜ੍ਹ ਜੇਲ੍ਹ ਵਿੱਚ ਐਨ.ਐਸ.ਏ. ਅਧੀਨ ਬੰਦ ਹੈ। ਉਨ੍ਹਾਂ ਦੀ ਧਿਰ ਵੱਲੋਂ ਬਣਾਇਆ ਗਿਆ ਅਕਾਲੀ ਦਲ (ਵਾਰਸ ਪੰਜਾਬ ਦੇ) ਨਵੀਂ ਬੰਦੀ ਛੋੜ ਲਹਿਰ ਦੀ ਅਗਵਾਈ ਕਰ ਸਕਦਾ ਹੈ ਅਤੇ ਬਾਕੀ ਦਲਾਂ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਇਸ ਮੁਹਿੰਮ ਦਾ ਸਾਥ ਦੇਣ ਦਾ ਆਦੇਸ਼ ਦੇ ਸਕਦੇ ਹਨ।

ਬਲਵੰਤ ਸਿੰਘ ਰਾਜੋਆਣਾ ਪਿਛਲੇ ਸਮੇਂ ਵਿੱਚ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਰਹਿਮ ਦੀ ਅਪੀਲ ਵਾਪਸ ਲੈਣ ਦੀ ਤਾਂ ਮੰਗ ਕਰਦੇ ਰਹੇ ਹਨ, ਪਰ ਇਸ ਮਸਲੇ ਦੇ ਹੱਲ ਲਈ ਉਨ੍ਹਾਂ ਨੇ ਇੱਕ ਜਨਤਕ ਹੁੰਘਾਰਾ ਪੈਦਾ ਕਰਨ ਲਈ ਦੁਬਾਰਾ ਯਤਨ ਨਹੀਂ ਕੀਤੇ। ਜੇਲ੍ਹ ਵਿੱਚ ਬੰਦ ਰਹਿਣ ਦੇ ਮਾਮਲੇ ਵਿੱਚ ਸਿੱਖ ਰਾਜਨੀਤਿਕ ਕੈਦੀਆਂ ਨੇ ਭਾਵੇਂ ਦੱਖਣੀ ਅਫਰੀਕਾ ਦੇ ਮਸ਼ਹੂਰ ਆਗੂ ਨੈਲਸਨ ਮੰਡੇਲਾ ਨੂੰ ਵੀ ਮਾਤ ਪਾ ਦਿੱਤੀ ਹੈ, ਪਰ ਮੰਡੇਲਾ ਵਾਂਗ ਉਹ ਆਪਣੇ ਰਾਜਨੀਤਿਕ ਕਾਜ ਨੂੰ ਅੱਗੇ ਵਧਾਉਣ ਵਿੱਚ ਸਫਲ ਨਹੀਂ ਹੋ ਸਕੇ। ਸ਼ਾਇਦ ਇਸੇ ਕਾਰਨ ਉਨ੍ਹਾਂ ਦੀ ਰਾਜਨੀਤਿਕ ਬੰਦੀ ਵਿਰੁਧ ਕੌਮਾਂਤਰੀ ਆਮ ਰਾਏ ਵੀ ਪੈਦਾ ਨਹੀਂ ਹੋ ਸਕੀ। ਇਹ ਦੋਵੇ ਨਿਸ਼ਾਨੇ ਨੈਲਸਨ ਮੰਡੇਲਾ ਨੇ ਆਪਣੇ ਜੇਲ੍ਹ ਵਿੱਚ ਬੰਦ ਰਹਿੰਦਿਆਂ ਹਾਸਲ ਕਰ ਲਏ ਸਨ। ਉਸ ਨੂੰ ਸਮੇਂ ਅਨੁਸਾਰ ਪੈਂਤੜੇ ਬਦਲਣ ਅਤੇ ਰਾਜਨੀਤਿਕ ਨਿਸ਼ਾਨੇ ਨੂੰ ਹਾਸਲ ਕਰਨ ਲਈ ਵਕਤ ਅਨੁਸਾਰ ਢਲਣ ਦਾ ਵੱਲ ਆਉਂਦਾ ਸੀ। ਉਹ ਵੀ ਬਿਨਾ ਕਿਸੇ ਕਿਸਮ ਦਾ ਆਤਮ ਸਮਰਪਣ ਕੀਤੇ।

ਇਸ ਵਾਰ ਐਨ ਉਸ ਸਮੇਂ ਇਸ ਮਸਲੇ ਦਾ ਦੁਬਾਰਾ ਉੱਠਣਾ ਲਾਹੇਵੰਦ ਸਾਬਤ ਹੋ ਸਕਦਾ ਹੈ, ਜਦੋਂ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਹੀਆਂ ਹਨ। ਸਿਆਸੀ ਤੌਰ 'ਤੇ ਇੱਕ ਵਾਰ ਤਕਰੀਬਨ ਜ਼ੀਰੋ ਹੋਣ ਤੋਂ ਬਾਅਦ ਅਕਾਲੀ ਦਲ (ਬਾਦਲ) ਮੁੜ ਪੈਰਾਂ ਸਿਰ ਹੋਣ ਦਾ ਯਤਨ ਕਰ ਰਿਹਾ ਹੈ ਅਤੇ ਦੋ ਹੋਰ ਅਕਾਲੀ ਦਲ ਵੀ ਇਸ ਦੌੜ ਵਿੱਚ ਸ਼ਾਮਲ ਹਨ। ਕਿਸਾਨ ਲਹਿਰ ਤੋਂ ਬਾਅਦ ਭਾਰਤੀ ਜਨਤਾ ਪਾਰਟੀ 'ਅਕਾਲੀ-ਭਾਜਪਾ ਗੱਠਜੋੜ' ਦੀ ਅਣਹੋਂਦ ਵਿੱਚ ਪੰਜਾਬ ਵਿੱਚ ਆਪਣੀਆਂ ਸਿਆਸੀ ਜੜ੍ਹਾਂ ਮਜਬੂਤ ਕਰਨ ਦਾ ਯਤਨ ਕਰ ਰਹੀ ਹੈ। ਬੰਦੀ ਸਿੰਘਾਂ ਦੀਆਂ ਰਿਹਾਈਆਂ ਦਾ ਮਸਲਾ ਜੇ ਕਿਸੇ ਸਿੱਖ ਸਿਆਸੀ/ਧਾਰਮਿਕ ਧਿਰ ਵੱਲੋਂ ਜ਼ੋਰ ਅਤੇ ਜ਼ਾਬਤੇ ਨਾਲ ਉਠਾਇਆ ਜਾਂਦਾ ਹੈ ਤਾਂ ਕੇਂਦਰ ਵਿੱਚ ਮੌਜੂਦ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬੰਦੀ ਸਿੰਘ ਦੀ ਰਿਹਾਈ ਲਈ ਮਜਬੂਰ ਹੋ ਸਕਦੀ ਹੈ। ਪੰਜਾਬ ਵਿੱਚ ਆਪਣੀਆਂ ਸਿਆਸੀ ਖਾਹਿਸ਼ਾਂ ਨੂੰ ਅੱਗੇ ਵਧਾਉਣ ਦੇ ਯਤਨ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਸਿਆਸੀ ਕੀਮਤ ਉਹ ਅਦਾ ਕਰ ਸਕਦੇ ਹਨ। ਇਸ ਲਈ ਆਉਂਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖ ਰਾਜਨੀਤਿਕ ਕੈਦੀਆਂ ਦੀ ਰਿਹਾਈ ਦੀ ਸੰਭਾਵਨਾ ਬਣ ਸਕਦੀ ਹੈ। ਕਿਉਂਕਿ ਬੰਦੀ ਸਿੰਘਾਂ ਦੀਆਂ ਗ੍ਰਿਫਤਾਰੀਆਂ ਅਤੇ ਸਜ਼ਾਵਾਂ ਦਾ ਮਸਲਾ ਰਾਜਨੀਤਿਕ ਹੈ ਅਤੇ ਇਹ ਜਦੋਂ ਹਾਕਮ ਧਿਰ ਦੀ ਸਿਆਸੀ ਮਜਬੂਰੀ ਵੀ ਬਣ ਜਾਵੇ, ਉਸ ਸਮੇਂ ਇਸ ਦੇ ਹੱਲ ਦੀਆਂ ਸੰਭਾਵਨਾਵਾਂ ਮੌਜੂਦ ਰਹਿਣਗੀਆਂ; ਪਰ ਸ਼ਰਤ ਇਹ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਸਿਆਸੀ/ਧਾਰਮਿਕ ਧਿਰਾਂ ਦਾ ਕੋਈ ਸਾਂਝਾ ਮੋਰਚਾ ਤਾਕਤਵਰ ਜਨਤਕ ਸਿਆਸੀ ਲਹਿਰ ਦੀ ਅਗਵਾਈ ਕਰ ਰਿਹਾ ਹੋਵੇ। ਸਿੱਖ ਧਿਰਾਂ ਦੀ ਸਿਆਸੀ ਕਮਜ਼ੋਰੀ ਦੀ ਹਾਲਤ ਵਿੱਚ ਮੌਜੂਦਾ ਮੌਕਾ-ਏ-ਮੇਲ ਵੀ ਹੱਥੋਂ ਨਿਕਲ ਸਕਦਾ ਹੈ।

ਉਂਝ ਬੀਬੀ ਹਰਸਿਮਰਤ ਕੌਰ ਨੇ ਜਦੋਂ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਦਾ ਮਸਲਾ ਲੋਕ ਸਭਾ ਵਿੱਚ ਉਠਾਇਆ ਸੀ ਤਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਖ ਦਿੱਤਾ ਸੀ ਕਿ ਜਿਨ੍ਹਾਂ ਬੰਦੀਆਂ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੀ ਨਹੀਂ ਹੈ, ਉਨ੍ਹਾਂ ਨੂੰ ਰਿਹਾਅ ਕਿਵੇਂ ਕੀਤਾ ਜਾ ਸਕਦਾ ਹੈ? ਇਸ ਦਾ ਭਾਵ ਇਹ ਸੀ ਕਿ ਜੇ ਬੰਦੀ ਸਿੱਖ ਆਪਣੇ ਕੀਤੇ ਕਾਰਨਾਮਿਆਂ ਨੂੰ ਗਲਤ ਠਹਿਰਾ ਕੇ ਮੁਆਫੀ ਮੰਗ ਲੈਣ ਤਾਂ ਉਹ ਰਿਹਾਅ ਕੀਤੇ ਜਾ ਸਕਦੇ ਹਨ। ਲਗਦਾ ਹੈ ਕਿ ਅਜਿਹੀਆਂ ਸ਼ਰਤਾਂ ਅਧੀਨ ਜੇਲ੍ਹਾਂ ਵਿੱਚ ਬੰਦ ਸਿੰਘਾਂ ਵਿੱਚੋਂ ਸ਼ਾਇਦ ਇੱਕ ਵੀ ਆਪਣੀ ਰਿਹਾਈ ਨੂੰ ਸਵੀਕਾਰ ਨਾ ਕਰੇ। ਮਸਲੇ ਦੇ ਹੱਲ ਲਈ ਸਰਕਾਰ ਅਤੇ ਸਿੱਖ ਬੰਦੀਆਂ ਦੀ ਅਗਵਾਈ ਕਰਨ ਵਾਲੀਆਂ ਧਿਰਾਂ, ਦੋਹਾਂ ਨੂੰ ਕੁਝ ਨਾ ਕੁਝ ਨਰਮ ਹੋਣਾ ਪਏਗਾ। ਇਸ ਤੋਂ ਪਾਸਾ ਵੱਟਣ ਦੀ ਸੂਰਤ ਵਿੱਚ ਪੰਜਾਬ ਵਿੱਚ ਖਾਸ ਕਰਕੇ ਪੰਜਾਬ ਦੀ ਸਿੱਖ ਮਾਨਸਿਕਤਾ ਵਿੱਚ ਭਾਜਪਾ ਦੀ ਪ੍ਰਵਾਨਗੀ ਬੇਹੱਦ ਮੁਸ਼ਕਲ ਹੋਏਗੀ।


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਲਖਬੀਰ (ਲੱਕੀ) ਸਹੋਤਾ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)

ਪੰਜਾਬੀ ਪਰਵਾਜ਼ ਬਿਊਰੋ

# ਜੰਗ ਦਾ ਅਸਰ ਹੁਣ ਰਸੋਈ ਤੱਕ...

## ਦੁਨੀਆ ਭਰ ਵਿੱਚ ਮਹਿੰਗਾਈ ਆਮ ਜਨਤਾ ਨੂੰ ਬੇਹਾਲ ਕਰੇਗੀ

ਦੁਨੀਆ ਭਰ ਵਿੱਚ ਇਸ ਵੇਲੇ ਮਹਿੰਗਾਈ ਦੇ ਨਵੇਂ ਦੌਰ ਦੀ ਦਸਤਕ ਸੁਣਾਈ ਦੇ ਰਹੀ ਹੈ। ਸੰਕੇਤ ਸਾਫ਼ ਹਨ ਕਿ ਜੇ ਹਾਲਾਤ ਨਾ ਬਦਲੇ, ਤਾਂ ਆਉਣ ਵਾਲੇ ਸਮੇਂ ਵਿੱਚ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਸਕਦੀਆਂ ਹਨ ਅਤੇ ਇਸ ਦਾ ਸਿੱਧਾ ਅਸਰ ਹਰ ਘਰ ਦੀ ਰਸੋਈ ’ਤੇ ਪਵੇਗਾ।

ਮੱਧ ਪੂਰਬ ਵਿੱਚ ਚੱਲ ਰਹੇ ਟਕਰਾਅ ਨੇ ਦੁਨੀਆ ਭਰ ਦੀ ਆਰਥਿਕਤਾ ’ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਟਕਰਾਅ ਕਰਕੇ ਕੱਚੇ ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ। ਜਦੋਂ ਤੇਲ ਮਹਿੰਗਾ ਹੁੰਦਾ ਹੈ, ਤਾਂ ਇਸ ਦਾ ਅਸਰ ਸੀਮਿਤ ਨਹੀਂ ਰਹਿੰਦਾ, ਸਗੋਂ ਖੇਤੀਬਾੜੀ ਤੋਂ ਲੈ ਕੇ ਸਮਾਨ ਦੀ ਆਵਾਜਾਈ ਤੱਕ ਹਰ ਖੇਤਰ ’ਤੇ ਪੈਂਦਾ ਹੈ। ਇਸ ਨਾਲ ਖੇਤੀ ਦੀ ਲਾਗਤ ਵਧਦੀ ਹੈ ਅਤੇ ਆਖ਼ਰਕਾਰ ਇਹ ਵਾਧਾ ਖਾਣੇ ਦੀਆਂ ਕੀਮਤਾਂ ਵਿੱਚ ਦਿਖਾਈ ਦਿੰਦਾ ਹੈ।

ਸੰਯੁਕਤ ਰਾਸ਼ਟਰ ਦੀ ਖ਼ੁਰਾਕ ਅਤੇ ਖੇਤੀਬਾੜੀ ਸੰਸਥਾ ਵੱਲੋਂ ਜਾਰੀ ਤਾਜ਼ਾ ਰਿਪੋਰਟ ਮੁਤਾਬਕ ਦੁਨੀਆ ਭਰ ਵਿੱਚ ਖ਼ੁਰਾਕ ਦੀਆਂ ਕੀਮਤਾਂ ਲਗਾਤਾਰ ਦੂਜੇ ਮਹੀਨੇ ਵਧੀਆਂ ਹਨ। ਇਹ ਵਾਧਾ ਮੁੱਖ ਤੌਰ ’ਤੇ ਵਧ ਰਹੀਆਂ ਊਰਜਾ ਕੀਮਤਾਂ ਕਰਕੇ ਹੋਇਆ ਹੈ, ਜਿਸ ਨਾਲ ਖ਼ੁਰਾਕ ਦੇ ਬਾਜ਼ਾਰ ’ਤੇ ਦਬਾਅ ਬਣਿਆ ਹੋਇਆ ਹੈ।ਹਾਲਾਂਕਿ ਅਜੇ ਵੀ ਕੁਝ ਹੱਦ ਤੱਕ ਰਾਹਤ ਦੀ ਗੱਲ ਇਹ ਹੈ ਕਿ ਮੌਜੂਦਾ ਕੀਮਤਾਂ 2022 ਦੇ ਉੱਚ ਪੱਧਰ ਨਾਲੋਂ ਲਗਭਗ 20 ਫ਼ੀਸਦੀ ਘੱਟ ਹਨ, ਪਰ ਪਿਛਲੇ ਸਾਲ ਦੇ ਮੁਕਾਬਲੇ ਇਹ ਵਧਣ ਲੱਗੀਆਂ ਹਨ। ਇਹ ਦਰਸਾਉਂਦਾ ਹੈ ਕਿ ਮਹਿੰਗਾਈ ਹੌਲੀ-ਹੌਲੀ ਵਧ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਹੋਰ ਤੇਜ਼ ਹੋ ਸਕਦੀ ਹੈ।

ਮੌਜੂਦਾ ਸਮੇਂ ਵਿੱਚ ਦੁਨੀਆ ਵਿੱਚ ਅਨਾਜ ਦੀ ਘਾਟ ਨਹੀਂ ਹੈ। ਗੋਦਾਮਾਂ ਵਿੱਚ ਕਾਫ਼ੀ ਭੰਡਾਰ ਮੌਜੂਦ ਹੈ, ਜਿਸ ਕਰਕੇ ਕੀਮਤਾਂ ਵਿੱਚ ਵੱਡਾ ਉਛਾਲ ਅਜੇ ਤੱਕ ਨਹੀਂ ਆਇਆ; ਪਰ ਜੇ ਊਰਜਾ ਤੇ ਖਾਦ ਦੀਆਂ ਕੀਮਤਾਂ ਉੱਚੀਆਂ ਹੀ ਰਹਿੰਦੀਆਂ ਹਨ ਅਤੇ ਟਕਰਾਅ ਲੰਮਾ ਚੱਲਦਾ ਹੈ, ਤਾਂ ਆਉਣ ਵਾਲੇ ਮੌਸਮ ਵਿੱਚ ਪੈਦਾਵਾਰ ਘਟ ਸਕਦੀ ਹੈ, ਜਿਸ ਨਾਲ ਕੀਮਤਾਂ ਵਿੱਚ ਤੇਜ਼ ਵਾਧਾ ਹੋ ਸਕਦਾ ਹੈ।

ਰਿਪੋਰਟ ਮੁਤਾਬਕ ਖ਼ੁਰਾਕ ਕੀਮਤ ਸੂਚਕ ਅੰਕ ਮਾਰਚ ਮਹੀਨੇ ਵਿੱਚ 128.5 ਅੰਕ ’ਤੇ ਪਹੁੰਚ ਗਿਆ, ਜੋ ਫਰਵਰੀ ਨਾਲੋਂ 2.4 ਫ਼ੀਸਦੀ ਵੱਧ ਹੈ। ਪਿਛਲੇ ਸਾਲ ਨਾਲੋਂ ਵੀ ਇਸ ਵਿੱਚ ਇੱਕ ਫ਼ੀਸਦੀ ਤੋਂ ਵੱਧ ਵਾਧਾ ਦਰਜ ਕੀਤਾ ਗਿਆ ਹੈ। ਜੇ ਅਸੀਂ ਇਸ ਵਾਧੇ ਦੀ ਜੜ੍ਹ ਵੇਖੀਏ ਤਾਂ ਇਹ ਤੇਲ ਨਾਲ ਜੁੜੀ ਹੋਈ ਹੈ। ਜਦੋਂ ਦੁਨੀਆ ਵਿੱਚ ਤਣਾਅ ਵਧਦਾ ਹੈ, ਤਾਂ ਤੇਲ ਮਹਿੰਗਾ ਹੋ ਜਾਂਦਾ ਹੈ। ਇਸ ਨਾਲ ਟਰੈਕਟਰ ਚਲਾਉਣ ਤੋਂ ਲੈ ਕੇ ਖੇਤਾਂ ਵਿੱਚ ਵਰਤੇ ਜਾਣ ਵਾਲੇ ਸਾਧਨਾਂ ਅਤੇ ਫ਼ਸਲ ਨੂੰ ਮੰਡੀ ਤੱਕ ਪਹੁੰਚਾਉਣ ਦੀ ਲਾਗਤ ਵਧ ਜਾਂਦੀ ਹੈ। ਇਹ ਸਾਰਾ ਬੋਝ ਆਖ਼ਰਕਾਰ ਖਪਤਕਾਰਾਂ ’ਤੇ ਹੀ ਪੈਂਦਾ ਹੈ।

ਅੰਕੜਿਆਂ ਮੁਤਾਬਕ ਕਣਕ ਦੀਆਂ ਕੀਮਤਾਂ ’ਤੇ ਸਭ ਤੋਂ ਵੱਧ ਅਸਰ ਪਿਆ ਹੈ। ਵਿਸ਼ਵ ਪੱਧਰ ’ਤੇ ਕਣਕ ਦੀਆਂ ਕੀਮਤਾਂ ਵਿੱਚ 4.3 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਦੇ ਪਿੱਛੇ ਕਈ ਕਾਰਨ ਹਨ। ਅਮਰੀਕਾ ਵਿੱਚ ਸੋਕੇ ਕਾਰਨ ਫ਼ਸਲ ਦੀ ਉਮੀਦ ਘਟ ਗਈ ਹੈ, ਜਦਕਿ ਆਸਟ੍ਰੇਲੀਆ ਵਿੱਚ ਖਾਦ ਮਹਿੰਗੀ ਹੋਣ ਕਰਕੇ ਕਿਸਾਨ ਬੀਜਾਈ ਘਟਾ ਸਕਦੇ ਹਨ। ਇਸੇ ਤਰ੍ਹਾਂ ਮੱਕੀ ਦੀਆਂ ਕੀਮਤਾਂ ’ਤੇ ਵੀ ਦਬਾਅ ਬਣਿਆ ਹੋਇਆ ਹੈ। ਮਹਿੰਗੇ ਤੇਲ ਕਰਕੇ ਬਾਇਓ-ਬਾਲਣ ਦੀ ਮੰਗ ਵਧਣ ਦੀ ਸੰਭਾਵਨਾ ਹੈ, ਜਿਸ ਨਾਲ ਮੱਕੀ ਦੀ ਮੰਗ ਵਧੇਗੀ। ਮੱਕੀ ਦੀਆਂ ਕੀਮਤਾਂ ਵਿੱਚ 0.9 ਫ਼ੀਸਦੀ ਵਾਧਾ ਦਰਜ ਕੀਤਾ ਗਿਆ ਹੈ। ਜੌਂਅ ਅਤੇ ਜਵਾਰ ਵੀ ਮਹਿੰਗੇ ਹੋਏ ਹਨ। ਹਾਲਾਂਕਿ ਚੌਲ਼ਾਂ ਦੀਆਂ ਕੀਮਤਾਂ ਵਿੱਚ ਕੁਝ ਕਮੀ ਆਈ ਹੈ, ਜੋ ਕਿ ਅਸਥਾਈ ਮੰਨੀ ਜਾ ਰਹੀ ਹੈ। ਪਿਛਲੇ ਮਹੀਨੇ ਨਾਲੋਂ ਚੌਲ਼ਾਂ ਦੀਆਂ ਕੀਮਤਾਂ ਵਿੱਚ ਤਿੰਨ ਫ਼ੀਸਦੀ ਦੀ ਕਮੀ ਆਈ ਹੈ; ਪਰ ਇਹ ਰਾਹਤ ਜ਼ਿਆਦਾ ਸਮੇਂ ਲਈ ਰਹਿਣ ਦੀ ਸੰਭਾਵਨਾ ਨਹੀਂ ਹੈ।



ਖਾਣ ਵਾਲੇ ਤੇਲਾਂ ਦੀਆਂ ਕੀਮਤਾਂ ਵਿੱਚ ਸਭ ਤੋਂ ਵੱਧ ਤੇਜ਼ੀ ਦਰਜ ਕੀਤੀ ਗਈ ਹੈ। ਖਾਣ ਵਾਲੇ ਤੇਲ ਦਾ ਸੂਚਕ ਅੰਕ 5.1 ਫ਼ੀਸਦੀ ਵਧ ਕੇ 183.1 ਅੰਕ ’ਤੇ ਪਹੁੰਚ ਗਿਆ ਹੈ। ਇਹ ਲਗਾਤਾਰ ਤੀਜਾ ਮਹੀਨਾ ਹੈ, ਜਦੋਂ ਇਹ ਵਧਿਆ ਹੈ। ਪਾਮ ਤੇਲ ਦੀਆਂ ਕੀਮਤਾਂ 2022 ਤੋਂ ਬਾਅਦ ਸਭ ਤੋਂ ਉੱਚੇ ਪੱਧਰ ’ਤੇ ਪਹੁੰਚ ਗਈਆਂ ਹਨ। ਕੱਚੇ ਤੇਲ ਦੀਆਂ ਵਧ ਰਹੀਆਂ ਕੀਮਤਾਂ ਕਰਕੇ ਬਾਇਓ-ਬਾਲਣ ਦੀ ਮੰਗ ਵਧ ਰਹੀ ਹੈ, ਜਿਸ ਨਾਲ ਸੋਇਆਬੀਨ ਤੇਲ ਮਹਿੰਗਾ ਹੋ ਰਿਹਾ ਹੈ। ਕਾਲੇ ਸਮੁੰਦਰ ਵਾਲੇ ਖੇਤਰ ਵਿੱਚ ਸਪਲਾਈ ਘਟਣ ਕਰਕੇ ਸੂਰਜਮੁਖੀ ਤੇਲ ਦੀਆਂ ਕੀਮਤਾਂ ਵੀ ਵਧੀਆਂ ਹਨ।

ਚੀਨੀ ਦੀਆਂ ਕੀਮਤਾਂ ਵਿੱਚ ਵੀ ਵੱਡਾ ਵਾਧਾ ਹੋਇਆ ਹੈ। ਮਾਰਚ ਮਹੀਨੇ ਵਿੱਚ ਇਹ 7.2 ਫ਼ੀਸਦੀ ਵਧ ਗਈਆਂ ਹਨ। ਇਸਦਾ ਇੱਕ ਕਾਰਨ ਬ੍ਰਾਜ਼ੀਲ ਵਿੱਚ ਗੰਨੇ ਦਾ ਵੱਧ ਹਿੱਸਾ ਬਾਇਓ-ਈਂਧਨ ਬਣਾਉਣ ਲਈ ਵਰਤਿਆ ਜਾਣਾ ਹੈ। ਦੁੱਧ ਅਤੇ ਮਾਸ ਦੀਆਂ ਕੀਮਤਾਂ ਵੀ ਵਧਣ ਲੱਗੀਆਂ ਹਨ। ਦੁੱਧ ਨਾਲ ਸੰਬੰਧਿਤ ਉਤਪਾਦਾਂ ਦੀਆਂ ਕੀਮਤਾਂ ਵਿੱਚ ਜੁਲਾਈ 2025 ਤੋਂ ਬਾਅਦ ਪਹਿਲੀ ਵਾਰ ਵਾਧਾ ਹੋਇਆ ਹੈ। ਮਾਸ ਦੀਆਂ ਕੀਮਤਾਂ ਵਿੱਚ ਵੀ ਇੱਕ ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਇਹ ਹਾਲਾਤ ਜਾਰੀ ਰਹੇ, ਤਾਂ ਕਿਸਾਨਾਂ ਨੂੰ ਮੁਸ਼ਕਲ ਫ਼ੈਸਲੇ ਕਰਨੇ ਪੈ ਸਕਦੇ ਹਨ। ਮਹਿੰਗੀ ਖਾਦ ਅਤੇ ਊਰਜਾ ਕਰਕੇ ਕਿਸਾਨ ਘੱਟ ਖਾਦ ਵਰਤਣਗੇ ਜਾਂ ਬੀਜਾਈ ਘਟਾ ਦੇਣਗੇ। ਕੁਝ ਕਿਸਾਨ ਸਸਤੀਆਂ ਫ਼ਸਲਾਂ ਵੱਲ ਮੁੜ ਸਕਦੇ ਹਨ। ਇਸ ਦਾ ਅਸਰ ਤੁਰੰਤ ਨਹੀਂ, ਪਰ ਆਉਣ ਵਾਲੇ ਮੌਸਮ ਵਿੱਚ ਜ਼ਰੂਰ ਪਵੇਗਾ।

ਇਸ ਦੇ ਨਾਲ ਨਾਲ ਖੇਤੀਬਾੜੀ ਨਾਲ ਜੁੜੀਆਂ ਹੋਰ ਲਾਗਤਾਂ ਵੀ ਵਧ ਰਹੀਆਂ ਹਨ, ਜਿਵੇਂ ਕਿ ਮਜ਼ਦੂਰੀ, ਬੀਜ ਅਤੇ ਸਿੰਚਾਈ ਦੇ ਖ਼ਰਚੇ। ਇਹ ਸਾਰੇ ਕਾਰਕ ਕਿਸਾਨਾਂ ’ਤੇ ਦਬਾਅ ਵਧਾ ਰਹੇ ਹਨ। ਕਈ ਖੇਤਰਾਂ ਵਿੱਚ ਕਿਸਾਨ ਪਹਿਲਾਂ ਹੀ ਘਾਟੇ ਨਾਲ ਜੂਝ ਰਹੇ ਹਨ, ਜਿਸ ਕਰਕੇ ਉਹ ਖੇਤੀ ਘਟਾਉਣ ਜਾਂ ਹੋਰ ਧੰਦਿਆਂ ਵੱਲ ਜਾਣ ਬਾਰੇ ਵੀ ਸੋਚ ਰਹੇ ਹਨ। ਜੇ ਪੈਦਾਵਾਰ ਘਟਦੀ ਹੈ, ਤਾਂ ਸਪਲਾਈ ਘਟੇਗੀ ਅਤੇ ਕੀਮਤਾਂ ਵਿੱਚ ਤੇਜ਼ ਵਾਧਾ ਹੋਵੇਗਾ। ਇਹ ਸਥਿਤੀ ਖਾਸ ਕਰਕੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਜ਼ਿਆਦਾ ਮੁਸ਼ਕਲ ਬਣ ਸਕਦੀ ਹੈ। ਖਾਣ-ਪੀਣ ਦੀਆਂ ਬੁਨਿਆਦੀ ਵਸਤਾਂ ਮਹਿੰਗੀਆਂ ਹੋਣ ਨਾਲ ਲੋਕਾਂ ਦੀ ਖ਼ਰੀਦ ਸਮਰੱਥਾ ਘਟੇਗੀ ਅਤੇ ਗਰੀਬ ਵਰਗ ’ਤੇ ਸਭ ਤੋਂ ਵੱਧ ਅਸਰ ਪਵੇਗਾ।

ਮੌਜੂਦਾ ਹਾਲਾਤ ਇਹ ਦਰਸਾਉਂਦੇ ਹਨ ਕਿ ਦੁਨੀਆ ਅਜੇ ਸੰਕਟ ਵਿੱਚ ਨਹੀਂ, ਪਰ ਇੱਕ ਸੰਭਾਵਿਤ ਸੰਕਟ ਦੇ ਨੇੜੇ ਜ਼ਰੂਰ ਖੜੀ ਹੈ। ਅੱਜ ਭਾਵੇਂ ਬਾਜ਼ਾਰਾਂ ਵਿੱਚ ਅਨਾਜ ਉਪਲਬਧ ਹੈ, ਪਰ ਅਸਥਿਰਤਾ ਵੀ ਉਤਨੀ ਹੀ ਵੱਡੀ ਹੈ। ਜੇ ਹਾਲਾਤ ਨਹੀਂ ਬਦਲੇ, ਤਾਂ ਆਉਣ ਵਾਲੇ ਮਹੀਨਿਆਂ ਵਿੱਚ ਮਹਿੰਗਾਈ ਸਿਰਫ਼ ਇੱਕ ਆਰਥਿਕ ਖ਼ਬਰ ਨਹੀਂ ਰਹੇਗੀ, ਸਗੋਂ ਹਰ ਘਰ ਦੀ ਸਭ ਤੋਂ ਵੱਡੀ ਚਿੰਤਾ ਬਣ ਸਕਦੀ ਹੈ। ਰਸੋਈ ਦਾ ਖ਼ਰਚ ਵਧੇਗਾ ਅਤੇ ਆਮ ਲੋਕਾਂ ਦੀ ਜ਼ਿੰਦਗੀ ਹੋਰ ਮੁਸ਼ਕਲ ਹੋ ਸਕਦੀ ਹੈ।

ਇਸ ਲਈ ਲੋੜ ਹੈ ਕਿ ਵਿਸ਼ਵ ਪੱਧਰ ’ਤੇ ਸ਼ਾਂਤੀ ਬਣਾਈ ਜਾਵੇ ਅਤੇ ਊਰਜਾ ਤੇ ਖੇਤੀ ਨਾਲ ਜੁੜੇ ਮਸਲਿਆਂ ਦਾ ਹੱਲ ਲੱਭਿਆ ਜਾਵੇ, ਤਾਂ ਜੋ ਖਾਣ-ਪੀਣ ਦੀਆਂ ਕੀਮਤਾਂ ’ਤੇ ਕਾਬੂ ਪਾਇਆ ਜਾ ਸਕੇ ਅਤੇ ਲੋਕਾਂ ਨੂੰ ਆਉਣ ਵਾਲੇ ਵੱਡੇ ਸੰਕਟ ਤੋਂ ਬਚਾਇਆ ਜਾ ਸਕੇ। ਨਾਲ ਹੀ ਸਰਕਾਰਾਂ ਨੂੰ ਭੰਡਾਰ ਪ੍ਰਬੰਧਨ ਮਜਬੂਤ ਕਰਨਾ, ਸਪਲਾਈ ਲੜੀ ਸੁਧਾਰਨੀ ਅਤੇ ਗਰੀਬ ਵਰਗ ਲਈ ਰਾਹਤ ਦੇ ਕਦਮ ਚੁੱਕਣੇ ਲਾਜ਼ਮੀ ਹੋਣਗੇ, ਤਾਂ ਜੋ ਮਹਿੰਗਾਈ ਦਾ ਅਸਰ ਘੱਟ ਕੀਤਾ ਜਾ ਸਕੇ।



ਮੁਫ਼ਤ ਦੀ ਸਿਆਸਤ

# 'ਮੁਫ਼ਤ ਯੋਜਨਾਵਾਂ' ਦਾ ਵਧਦਾ ਬੋਝ

## ਰਾਜਾਂ ਦੀ ਆਰਥਿਕ ਹਾਲਤ ਪਾਣੀਓਂ ਪਤਲੀ

ਪੰਜਾਬੀ ਪਰਵਾਜ਼ ਬਿਊਰੋ

ਭਾਰਤ ਦੇਸ਼ ਵਿੱਚ ਚੋਣਾਂ ਦੌਰਾਨ ਦਿੱਤੀਆਂ ਜਾਣ ਵਾਲੀਆਂ ਮੁਫ਼ਤ ਯੋਜਨਾਵਾਂ, ਜਿਵੇਂ ਕਿ ਮੁਫ਼ਤ ਰਾਸ਼ਨ, ਔਰਤਾਂ ਨੂੰ ਨਕਦ ਮਦਦ ਆਦਿ, ਹੁਣ ਰਾਜਾਂ ਲਈ ਵੱਡਾ ਆਰਥਿਕ ਬੋਝ ਬਣ ਰਹੀਆਂ ਹਨ। ਇਹ ਯੋਜਨਾਵਾਂ ਲੋਕਾਂ ਨੂੰ ਤੁਰੰਤ ਰਾਹਤ ਤਾਂ ਦਿੰਦੀਆਂ ਹਨ, ਪਰ ਲੰਬੇ ਸਮੇਂ ਵਿੱਚ ਰਾਜਾਂ ਦੀ ਵਿੱਤੀ ਹਾਲਤ ਨੂੰ ਕਮਜ਼ੋਰ ਕਰ ਰਹੀਆਂ ਹਨ। ਹਾਲਾਤ ਇਹ ਹਨ ਕਿ ਕਈ ਰਾਜ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਨਾ ਤਾਂ ਕਾਫ਼ੀ ਆਮਦਨ ਇਕੱਠੀ ਕਰ ਪਾ ਰਹੇ ਹਨ ਅਤੇ ਨਾ ਹੀ ਸੰਤੁਲਿਤ ਬਜਟ ਤਿਆਰ ਕਰ ਸਕਦੇ ਹਨ। ਕੁਝ ਰਾਜਾਂ ਵਿੱਚ ਤਾਂ ਇਹ ਬੋਝ ਕੁੱਲ ਸਰਕਾਰੀ ਆਮਦਨ ਦਾ 30 ਤੋਂ 40 ਫ਼ੀਸਦੀ ਤੱਕ ਪਹੁੰਚ ਗਿਆ ਹੈ, ਜੋ ਕਿ ਕਾਫ਼ੀ ਚਿੰਤਾਜਨਕ ਹੈ। ਆਰਥਿਕ ਵਿਸ਼ਲੇਸ਼ਕਾਂ ਅਨੁਸਾਰ, ਜੇ ਇਹ ਦਰ 50 ਫ਼ੀਸਦੀ ਦੇ ਨੇੜੇ ਪਹੁੰਚਦੀ ਹੈ, ਤਾਂ ਰਾਜਾਂ ਲਈ ਵਿੱਤੀ ਸੰਕਟ ਹੋਰ ਵੀ ਗੰਭੀਰ ਹੋ ਸਕਦਾ ਹੈ।

ਹਿਮਾਚਲ ਪ੍ਰਦੇਸ਼ ਵਰਗੇ ਛੋਟੇ ਰਾਜ ਵਿੱਚ ਹਾਲਾਤ ਕਾਫ਼ੀ ਗੰਭੀਰ ਹੋ ਗਏ ਹਨ। ਇੱਥੇ ਨਕਦੀ ਦੀ ਘਾਟ ਕਾਰਨ ਮੁੱਖ ਮੰਤਰੀ, ਮੰਤਰੀਆਂ, ਵਿਧਾਇਕਾਂ ਅਤੇ ਅਧਿਕਾਰੀਆਂ ਦੀ ਤਨਖ਼ਾਹ ਅਤੇ ਪੈਨਸ਼ਨ ਤੱਕ ਟਾਲਣੀ ਪਈ। ਇਹ ਦਰਸਾਉਂਦਾ ਹੈ ਕਿ ਮੁਫ਼ਤ ਯੋਜਨਾਵਾਂ ਦਾ ਦਬਾਅ ਕਿੰਨਾ ਵੱਧ ਚੁੱਕਾ ਹੈ। ਕੁਝ ਰਿਪੋਰਟਾਂ ਮੁਤਾਬਕ, ਰਾਜ ਦੀ ਕਰਜ਼ਾ ਦਰ ਵੀ ਤੇਜ਼ੀ ਨਾਲ ਵੱਧ ਰਹੀ ਹੈ, ਜੋ ਭਵਿੱਖ ਲਈ ਚਿੰਤਾ ਦਾ ਵਿਸ਼ਾ ਹੈ।

ਤੇਲੰਗਾਨਾ ਵਿੱਚ ਚੋਣਾਵੀ ਵਾਅਦਿਆਂ ਨੂੰ ਪੂਰਾ ਕਰਨ ਲਈ ਹਰ ਸਾਲ ਲਗਭਗ 1 ਲੱਖ ਕਰੋੜ ਰੁਪਏ ਦੀ ਲੋੜ ਹੈ, ਪਰ ਬਜਟ ਦੀ ਕਮੀ ਕਾਰਨ ਕਈ ਯੋਜਨਾਵਾਂ ਅਧੂਰੀਆਂ ਪਈਆਂ ਹਨ। ਮੱਧ ਪ੍ਰਦੇਸ਼ ਵਿੱਚ 'ਲਾਡਲੀ ਬਹਿਨਾ' ਯੋਜਨਾ ਦੇ ਕਾਰਨ ਰਾਜ ਦਾ ਕਰਜ਼ਾ ਜੀ.ਡੀ.ਪੀ. ਦੇ ਮੁਕਾਬਲੇ 27 ਫ਼ੀਸਦੀ ਤੋਂ ਵੱਧ ਕੇ 32 ਫ਼ੀਸਦੀ ਹੋ ਗਿਆ ਹੈ। ਇਹ ਦਰਸਾਉਂਦਾ ਹੈ ਕਿ ਸਮਾਜਿਕ ਯੋਜਨਾਵਾਂ ਦਾ ਵਿੱਤੀ ਪ੍ਰਭਾਵ ਕਿੰਨਾ ਵੱਡਾ ਹੋ ਸਕਦਾ ਹੈ।

ਮਹਾਰਾਸ਼ਟਰ ਵਿੱਚ 'ਲਾਡਕੀ ਬਹਿਨ' ਯੋਜਨਾ ਦੇ ਦਬਾਅ ਕਰਕੇ ਸਰਕਾਰ ਨੂੰ ਹੋਰ ਯੋਜਨਾਵਾਂ ਵਿੱਚ ਕਟੌਤੀ ਕਰਨੀ ਪਈ ਹੈ। ਉਦਾਹਰਨ ਵਜੋਂ, ਤਿਉਹਾਰਾਂ ਦੌਰਾਨ ਮਿਲਣ ਵਾਲੀ ਰਾਸ਼ਨ ਕਿੱਟ ਯੋਜਨਾ ਬੰਦ ਕਰ ਦਿੱਤੀ ਗਈ ਹੈ। ਇਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਇੱਕ ਯੋਜਨਾ ਨੂੰ ਚਲਾਉਣ ਲਈ ਦੂਜੀ ਯੋਜਨਾ ਕੁਰਬਾਨ ਕਰਨੀ ਪੈ ਰਹੀ ਹੈ।




ਵਿਦਵਾਨਾਂ ਦਾ ਮੰਨਣਾ ਹੈ ਕਿ ਜੇ ਇਸ ਤਰ੍ਹਾਂ ਦੇ ਨਕਦ ਟ੍ਰਾਂਸਫਰ ਅਤੇ ਮੁਫ਼ਤ ਯੋਜਨਾਵਾਂ ਦੇ ਵਾਅਦੇ ਜਾਰੀ ਰਹੇ, ਤਾਂ ਕਈ ਰਾਜ ਡਿਫਾਲਟ ਦੀ ਸਥਿਤੀ ਵਿੱਚ ਪਹੁੰਚ ਸਕਦੇ ਹਨ। ਕੁਝ ਰਾਜ ਪਹਿਲਾਂ ਹੀ ਆਪਣੇ ਖਰਚੇ ਘਟਾਉਣ ਅਤੇ ਨਵੀਆਂ ਭਰਤੀਆਂ 'ਤੇ ਰੋਕ ਲਗਾਉਣ ਵਰਗੇ ਕਦਮ ਚੁੱਕ ਰਹੇ ਹਨ। ਇਸ ਸੰਕਟ ਦਾ ਮੁੱਖ ਕਾਰਨ ਹੈ- ਵਾਅਦੇ ਵੱਧ ਅਤੇ ਆਮਦਨ ਘੱਟ। ਮੱਧ ਪ੍ਰਦੇਸ਼ ਵਿੱਚ ਲਾਡਲੀ ਬਹਿਨਾ, ਮੁਫ਼ਤ ਸਿਲੰਡਰ ਅਤੇ ਬਿਜਲੀ ਸਬਸਿਡੀ 'ਤੇ ਹਰ ਸਾਲ ਲਗਭਗ 50 ਹਜ਼ਾਰ ਕਰੋੜ ਰੁਪਏ ਖਰਚ ਹੋ ਰਹੇ ਹਨ। ਤੇਲੰਗਾਨਾ ਵਿੱਚ 9 ਵਿੱਚੋਂ 6 ਵਾਅਦੇ ਲਾਗੂ ਹੋ ਚੁੱਕੇ ਹਨ, ਜਿਨ੍ਹਾਂ 'ਤੇ ਸਾਲਾਨਾ ਲਗਭਗ 50,713 ਕਰੋੜ ਖਰਚ ਹੁੰਦਾ ਹੈ, ਜਦਕਿ ਬਾਕੀ ਲਈ 40 ਹਜ਼ਾਰ ਕਰੋੜ ਹੋਰ ਚਾਹੀਦੇ ਹਨ।

ਪੰਜਾਬ ਵਿੱਚ ਸਰਕਾਰੀ ਆਮਦਨ ਲਗਭਗ 1.26 ਲੱਖ ਕਰੋੜ ਹੈ, ਜਦਕਿ ਯੋਜਨਾਵਾਂ 'ਤੇ 60 ਹਜ਼ਾਰ ਕਰੋੜ ਖਰਚ ਹੁੰਦੇ ਹਨ। ਇਸ ਤੋਂ ਇਲਾਵਾ ਤਨਖ਼ਾਹ, ਪੈਨਸ਼ਨ ਅਤੇ ਵਿਆਜ ਭੁਗਤਾਨ 'ਤੇ ਹੀ 90 ਹਜ਼ਾਰ ਕਰੋੜ ਖਰਚ ਹੋ ਜਾਂਦੇ ਹਨ। ਇਸ ਨਾਲ ਵਿਕਾਸ ਕਾਰਜਾਂ ਲਈ ਪੈਸਾ ਘੱਟ ਬਚਦਾ ਹੈ ਤੇ ਢਾਂਚਾਗਤ ਵਿਕਾਸ ਪ੍ਰਭਾਵਿਤ ਹੁੰਦਾ ਹੈ।

ਚੇਤੇ ਰਹੇ, ਪੰਜਾਬ ਦੀ ਕਰਜ਼ਾ ਰਕਮ 3.5 ਲੱਖ ਕਰੋੜ ਰੁਪਏ ਤੋਂ ਵੀ ਉੱਪਰ ਪਹੁੰਚ ਚੁੱਕੀ ਹੈ ਅਤੇ ਕਰਜ਼ਾ-ਜੀ.ਡੀ.ਪੀ. ਅਨੁਪਾਤ ਲਗਭਗ 45 ਫ਼ੀਸਦੀ ਦੇ ਨੇੜੇ ਦੱਸਿਆ ਜਾ ਰਿਹਾ ਹੈ, ਜੋ ਕਿ ਆਰਥਿਕ ਤੌਰ 'ਤੇ ਚਿੰਤਾਜਨਕ ਹੈ। ਹਰ ਸਾਲ ਰਾਜ ਨੂੰ ਕੇਵਲ ਵਿਆਜ ਦੇ ਭੁਗਤਾਨ 'ਤੇ ਹੀ ਕਰੀਬ 20 ਤੋਂ 25 ਹਜ਼ਾਰ ਕਰੋੜ ਰੁਪਏ ਖਰਚ ਕਰਨੇ ਪੈਂਦੇ ਹਨ। ਮਾਹਿਰਾਂ ਅਨੁਸਾਰ, ਜੇ ਇਹ ਰੁਝਾਨ ਜਾਰੀ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਰਾਜ ਦੀ ਵਿੱਤੀ ਸੁਤੰਤਰਤਾ ਘਟ ਸਕਦੀ ਹੈ।

ਪੰਜਾਬ ਵਿੱਚ ਮੁਫ਼ਤ ਬਿਜਲੀ ਯੋਜਨਾ ਵੀ ਵੱਡਾ ਵਿੱਤੀ ਬੋਝ ਬਣੀ ਹੋਈ ਹੈ, ਜਿਸ 'ਤੇ ਸਾਲਾਨਾ ਲਗਭਗ 15 ਤੋਂ 20 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪਾਣੀ, ਸਿਹਤ ਅਤੇ ਸਿੱਖਿਆ ਖੇਤਰਾਂ ਵਿੱਚ ਨਿਵੇਸ਼ ਦੀ ਲੋੜ ਹੋਣ ਦੇ ਬਾਵਜੂਦ ਉਨ੍ਹਾਂ ਲਈ ਲੋੜੀਂਦੇ ਫੰਡ ਨਹੀਂ ਬਚ ਰਹੇ। ਉਦਯੋਗਿਕ ਵਿਕਾਸ ਵੀ ਇਸ ਕਾਰਨ ਪ੍ਰਭਾਵਿਤ ਹੋ ਰਿਹਾ ਹੈ, ਜਿਸ ਨਾਲ ਨਵੇਂ ਰੋਜ਼ਗਾਰ ਦੇ ਮੌਕੇ ਘਟ ਰਹੇ ਹਨ।

ਰਾਜਸਥਾਨ ਵਿੱਚ ਵੀ ਮੁਫ਼ਤ ਯੋਜਨਾਵਾਂ ਦੇ ਦਬਾਅ ਕਰਕੇ ਸੜਕਾਂ ਅਤੇ ਪਾਣੀ ਵਰਗੇ ਜ਼ਰੂਰੀ ਖੇਤਰਾਂ ਦੇ ਬਜਟ ਵਿੱਚ ਲਗਭਗ 28 ਫ਼ੀਸਦੀ ਤੱਕ ਕਮੀ ਕੀਤੀ ਗਈ ਹੈ। ਇਸ ਦੇ ਨਾਲ ਹੀ ਕੁਝ ਸਮਾਜਿਕ ਯੋਜਨਾਵਾਂ, ਜਿਵੇਂ ਕਿ ਮੁਫ਼ਤ ਸੈਨਿਟਰੀ ਪੈਡ ਵੰਡ, ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਇਸ ਦੇ ਇਲਾਵਾ ਕਈ ਰਾਜਾਂ ਵਿੱਚ ਸਿਹਤ ਅਤੇ ਸਿੱਖਿਆ ਖੇਤਰਾਂ 'ਤੇ ਖਰਚ ਦੀ ਵਾਧੂ ਲੋੜ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਲੋੜੀਂਦੇ ਫੰਡ ਨਹੀਂ ਮਿਲ ਰਹੇ। ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਪੈਸਾ ਲੰਬੇ ਸਮੇਂ ਦੇ ਨਿਵੇਸ਼ਾਂ ਦੀ ਬਜਾਏ ਛੋਟੇ ਸਮੇਂ ਦੀਆਂ ਲੋਕ-ਭਰਮਾਊ ਯੋਜਨਾਵਾਂ 'ਤੇ ਖ਼ਰਚ ਕੀਤਾ ਜਾਂਦਾ ਰਿਹਾ, ਤਾਂ ਵਿਕਾਸ ਦੀ ਗਤੀ ਮੰਦ ਪੈ ਸਕਦੀ ਹੈ।

ਕੁਝ ਅੰਕੜਿਆਂ ਮੁਤਾਬਕ ਭਾਰਤ ਦੇ ਕਈ ਰਾਜਾਂ 'ਚ ਕਰਜ਼ਾ ਦਰ 35 ਤੋਂ 40 ਫ਼ੀਸਦੀ ਦੇ ਨੇੜੇ ਪਹੁੰਚ ਰਹੀ ਹੈ, ਜੋ ਵਿੱਤੀ ਅਨੁਸ਼ਾਸਨ ਲਈ ਠੀਕ ਨਹੀਂ ਮੰਨੀ ਜਾਂਦੀ। ਜੇ ਇਹ ਰੁਝਾਨ ਜਾਰੀ ਰਿਹਾ, ਤਾਂ ਆਉਣ ਵਾਲੇ ਸਾਲਾਂ ਵਿੱਚ ਵਿਆਜ ਦਾ ਬੋਝ ਹੋਰ ਵਧੇਗਾ ਅਤੇ ਸਰਕਾਰੀ ਖ਼ਰਚ ਦਾ ਵੱਡਾ ਹਿੱਸਾ ਸਿਰਫ਼ ਕਰਜ਼ਾ ਚੁਕਾਉਣ ਵਿੱਚ ਹੀ ਲੱਗੇਗਾ।

ਸਪੱਸ਼ਟ ਹੈ ਕਿ ਜੇ ਮੁਫ਼ਤ ਯੋਜਨਾਵਾਂ ਦਾ ਇਹ ਰੁਝਾਨ ਇਸੇ ਤਰ੍ਹਾਂ ਚੱਲਦਾ ਰਿਹਾ, ਤਾਂ ਰਾਜਾਂ ਲਈ ਆਪਣੀ ਆਰਥਿਕਤਾ ਸੰਭਾਲਣਾ ਮੁਸ਼ਕਲ ਹੋ ਜਾਵੇਗਾ। ਸਰਕਾਰਾਂ ਨੂੰ ਹੁਣ ਸੰਤੁਲਨ ਬਣਾਉਣ ਦੀ ਲੋੜ ਹੈ ਤਾਂ ਜੋ ਲੋਕਾਂ ਨੂੰ ਸਹਾਇਤਾ ਵੀ ਮਿਲੇ ਅਤੇ ਵਿੱਤੀ ਸਥਿਰਤਾ ਵੀ ਬਣੀ ਰਹੇ। ਲੰਬੇ ਸਮੇਂ ਲਈ ਟਿਕਾਊ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਯੋਜਨਾਵਾਂ ਨੂੰ ਸੋਚ-ਵਿਚਾਰ ਨਾਲ ਲਾਗੂ ਕੀਤਾ ਜਾਵੇ ਅਤੇ ਆਮਦਨ ਦੇ ਨਵੇਂ ਸਰੋਤ ਵੀ ਤਲਾਸ਼ੇ ਜਾਣ।

ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ॥੪॥੩॥

ਸਿੱਖ ਸੰਗਤ ਆਫ ਗਰੇਟਰ ਸ਼ਿਕਾਗੋ
ਅਤੇ 'ਚੜ੍ਹਦੀ ਕਲਾ ਸੇਵਕਾਂ' ਵੱਲੋਂ
ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ
ਗੁਰੂ ਨਾਨਕ ਸਾਹਿਬ ਦੇ
557ਵੇਂ ਪ੍ਰਕਾਸ਼ ਪੁਰਬ,
ਖਾਲਸਾ ਪਰਗਟ ਦਿਹਾੜੇ,
SIKH AWARENESS AND
APPRECIATION MONTH
ਅਤੇ



ਇਲੀਨਾਏ ਸਟੇਟ ਦੇ ਗਵਰਨਰ ਮਾਣਯੋਗ ਜੇ.ਬੀ. ਪ੍ਰਿਟਜ਼ਕਰ ਵੱਲੋਂ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ 'ਸਿੱਖ ਅਵੇਅਰਨੈਸ ਐਂਡ ਐਪਰੀਸੀਏਸ਼ਨ ਮੰਥ' ਮਤੇ ਉਤੇ ਦਸਤਖਤ ਕਰਨ ਸਮੇਂ ਦੀ ਤਸਵੀਰ

ਵੈਸਾਖੀ ਦੀਆਂ ਲੱਖ ਲੱਖ ਵਧਾਈਆਂ

1699 ਈ. ਦੀ ਵੈਸਾਖੀ ਵਾਲੇ ਦਿਨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਕਿਸਮ ਦੇ ਵਿਤਕਰੇ ਤੋਂ ਉਪਰ ਉਠ ਕੇ ਮਾਨਵ-ਮੁਕਤੀ ਦੇ ਧਾਰਮਿਕ-ਮਾਡਲ ਵਜੋਂ ਪਰਗਟ ਕੀਤਾ ਸੀ।

# ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੇ ਤਿਓਹਾਰ ਦੀ ਸਮੁੱਚੀ ਸਿੱਖ ਕੌਮ ਨੂੰ

# ਲੱਖ-ਲੱਖ ਵਧਾਈ

**ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਵਿਸਾਖੀ ਦਾ ਤਿਓਹਾਰ**
**ਸਮੁੱਚੇ ਭਾਈਚਾਰੇ ਲਈ ਚੜ੍ਹਦੀ ਕਲਾ ਨਾਲ ਭਰਪੂਰ ਹੋਵੇ**




## ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਸਬੰਧੀ ਵਿਸ਼ੇਸ਼ ਸਮਾਗਮ

**17 ਅਪਰੈਲ 2026 (ਸ਼ੁੱਕਰਵਾਰ): ਅਰੰਭ ਸ੍ਰੀ ਅਖੰਡ ਪਾਠ ਸਾਹਿਬ**
**19 ਅਪਰੈਲ 2026 (ਐਤਵਾਰ): ਭੋਗ ਸ੍ਰੀ ਅਖੰਡ ਪਾਠ ਸਾਹਿਬ**
**ਉਪਰੰਤ ਸ਼ਬਦ ਕੀਰਤਨ ਤੇ ਕਥਾ ਵਿਆਖਿਆ**
**ਅਖੰਡ ਪਾਠ ਦੀ ਸੇਵਾ ਸ. ਅਮਰੀਕ ਸਿੰਘ ਬਸਰਾ ਅਤੇ ਪਰਿਵਾਰ ਵੱਲੋਂ ਹੋਵੇਗੀ**

**ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਕਰਾਊਨ ਪੁਆਇੰਟ**

# Sikh Religious Society of North West Indiana

**10005 Colorado St, Crown Point, IN 46307, Ph: 219-793-9446**

# ਰਾਘਵ ਚੱਢਾ ਦੇ ਫੰਘ ਝਾੜੇ ਆਮ ਆਦਮੀ ਪਾਰਟੀ ਨੇ

ਜਸਵੀਰ ਸਿੰਘ ਮਾਂਗਟ

***ਰਾਜ ਸਭਾ ਵਿੱਚ ਪਾਰਟੀ ਦੇ ਡਿਪਟੀ ਲੀਡਰ ਦਾ ਟੈਗ ਲੱਥਾ**

***ਪੰਜਾਬ ਦੇ ਮਸਲੇ ਨਹੀਂ ਉਠਾਏ ਰਾਘਵ ਚੱਢਾ ਨੇ ਰਾਜ ਸਭਾ ਵਿੱਚ**



ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਸਮੇਤ ਆਮ ਆਦਮੀ ਪਾਰਟੀ ਨੇ ਆਪਣੇ ਸੀਨੀਅਰ ਲੀਡਰ ਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਜ਼ੋਰਦਾਰ ਆਲੋਚਨਾ ਕੀਤੀ ਹੈ। ਰਾਜ ਸਭਾ ਸਕੱਤਰੇਤ ਨੂੰ ਪਾਰਟੀ ਨੇ ਲਿਖ ਕੇ ਦੇ ਦਿੱਤਾ ਹੈ ਕਿ ਉਨ੍ਹਾਂ ਨੂੰ ਪਾਰਟੀ ਦੇ ਸਮੇਂ ਵਿੱਚੋਂ ਬੋਲਣ ਦਾ ਸਮਾਂ ਨਾ ਦਿੱਤਾ ਜਾਵੇ। ਪਾਰਟੀ ਆਗੂਆਂ ਨੇ ਆਪਣੇ ਵੱਖ-ਵੱਖ ਬਿਆਨਾਂ ਵਿੱਚ ਕਿਹਾ ਕਿ ਪਾਰਟੀ ਅਤੇ ਇਸ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ ਰਾਘਵ ਚੱਢਾ ਨੂੰ ਵੱਡੇ ਅਹੁਦਿਆਂ ਨਾਲ ਨਿਵਾਜਿਆ, ਪਰ ਜਦੋਂ ਪਾਰਟੀ ਅਤੇ ਇਸ ਦੇ ਸੀਨੀਅਰ ਲੀਡਰਾਂ 'ਤੇ ਭੀੜ ਪਈ ਤਾਂ ਰਾਘਵ ਚੱਢਾ ਪਾਰਟੀ ਨਾਲ ਨਹੀਂ ਖਲੋਤੇ। ਉਪਰੋਕਤ ਤੋਂ ਇਲਾਵਾ 'ਆਪ' ਦੇ ਪੰਜਾਬ ਯੂਨਿਟ ਦੇ ਪ੍ਰਧਾਨ ਅਮਨ ਅਰੋੜਾ ਤੇ 'ਆਪ' ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਵੀ ਰਾਘਵ ਚੱਢਾ ਖਿਲਾਫ ਆਪਣੇ ਬਿਆਨ ਵਿੱਚ ਕਿਹਾ ਕਿ ਰਾਜ ਸਭਾ ਵਿੱਚ ਰਹਿੰਦਿਆਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਕੋਲ ਪੰਜਾਬ ਦੇ ਕੇਂਦਰੀ ਮੁੱਦੇ ਨਹੀਂ ਚੁੱਕੇ।

ਸ. ਧਾਲੀਵਾਲ ਨੇ ਕਿਹਾ ਕਿ ਕੇਂਦਰ ਕੋਲ ਪੰਜਾਬ ਦੇ ਪੇਂਡੂ ਵਿਕਾਸ ਫੰਡ ਦੇ 8500 ਕਰੋੜ, ਜੀ.ਐਸ.ਟੀ. ਦੇ 60,000 ਕਰੋੜ ਅਤੇ ਹੜ੍ਹਾਂ ਵੇਲੇ ਪ੍ਰਧਾਨ ਮੰਤਰੀ ਵੱਲੋਂ ਐਲਾਨੇ ਗਏ 1600 ਕਰੋੜ ਰੁਪਏ ਕੇਂਦਰ ਕੋਲ ਪਏ ਹਨ। ਇਨ੍ਹਾਂ ਬਕਾਇਆਂ ਬਾਰੇ ਰਾਘਵ ਨੇ ਕੋਈ ਆਵਾਜ਼ ਨਹੀਂ ਉਠਾਈ। ਉਨ੍ਹਾਂ ਕਿਹਾ ਕਿ ਵਾਰ ਵਾਰ ਕਹਿਣ ਦੇ ਬਾਵਜੂਦ ਰਾਘਵ ਚੱਢਾ ਨੇ ਇਨ੍ਹਾਂ ਮਸਲਿਆਂ 'ਤੇ ਪਾਰਲੀਮੈਂਟ ਵਿੱਚ ਚੁੱਪ ਧਾਰੀ ਰੱਖੀ। ਉਪਰੋਕਤ ਲੀਡਰਾਂ ਨੇ ਆਪਣੇ ਬਿਆਨਾਂ ਵਿੱਚ ਕਿਹਾ ਕਿਸਾਨਾਂ ਦੇ ਮਸਲਿਆਂ ਅਤੇ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੇ ਮਸਲੇ ਪਾਰਲੀਮੈਂਟ ਵਿੱਚ ਨਾ ਉਠਾਉਣਾ ਪਾਰਟੀ ਨੂੰ ਬੰਪਰ ਜਿੱਤ ਦਿਵਾਉਣ ਵਾਲੇ ਪੰਜਾਬ ਦੇ ਲੋਕਾਂ ਨਾਲ ਗੱਦਾਰੀ ਦੇ ਤੁਲ ਹੈ।

ਉਪਰੋਕਤ ਤੋਂ ਇਲਾਵਾ ਰਾਘਵ ਚੱਢਾ 'ਤੇ ਪਾਰਟੀ ਵੱਲੋਂ ਤਿੰਨ ਪ੍ਰਮੁੱਖ ਦੋਸ਼ ਲਾਏ ਗਏ ਹਨ। ਪਹਿਲੇ ਵਿੱਚ ਕਿਹਾ ਗਿਆ ਹੈ ਕਿ ਜਦੋਂ ਰਾਜ ਸਭਾ ਵਿੱਚ ਵਿਰੋਧੀ ਧਿਰ ਵਾਕ ਆਊਟ ਕਰਦੀ ਹੈ ਤਾਂ ਉਹ ਸਦਨ ਵਿੱਚ ਕੁਰਸੀ 'ਤੇ ਇਕੱਲੇ ਬੈਠੇ ਰਹਿੰਦੇ ਹਨ। ਦੂਜੇ ਦੋਸ਼ ਤਹਿਤ ਕਿਹਾ ਗਿਆ ਹੈ ਕਿ ਜਦੋਂ ਮੁੱਖ ਚੋਣ ਕਮਿਸ਼ਨ ਨੂੰ ਹਟਾਉਣ ਲਈ ਦੋਸ਼ ਪੱਤਰ ਲਿਆਂਦਾ ਗਿਆ ਸੀ ਤਾਂ ਰਾਘਵ ਚੱਢਾ ਨੇ ਉਸ ਉੱਪਰ ਦਸਤਖਤ ਨਹੀਂ ਕੀਤੇ। ਤੀਜਾ ਇਹ ਕਿ ਰਾਘਵ ਚੱਢਾ ਭਾਜਪਾ ਦੀ ਅਲੋਚਨਾ ਤੋਂ ਡਰ ਗਿਆ ਸੀ। ਇਸ ਲਈ ਉਸ ਨੇ ਗੌਣ ਮੁੱਦੇ ਉਠਾਉਣੇ ਸ਼ੁਰੂ ਕਰ ਦਿੱਤੇ। ਉਸ ਨੂੰ ਕਿਹਾ ਵੀ ਗਿਆ ਸੀ ਕਿ ਸਦਨ ਵਿੱਚ ਉਠਾਉਣ ਤੋਂ ਪਹਿਲਾਂ ਉਹ ਮੁੱਦਿਆਂ ਨੂੰ ਪਾਰਟੀ ਅੰਦਰ ਵਿਚਾਰ ਲਿਆ ਕਰੇ, ਪਰ ਉਸ ਨੇ ਇਸ ਸਲਾਹ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਆਮ ਆਦਮੀ ਪਾਰਟੀ ਵਿੱਚ ਪੂਰੀ ਸਜ-ਧਜ ਨਾਲ ਅੱਗੇ ਵਧਾਏ ਗਏ ਆਮ ਆਦਮੀ ਪਾਰਟੀ ਦੇ ਆਗੂ ਰਾਘਵ ਚੱਢਾ ਨੂੰ ਪਾਰਟੀ ਨੇ ਰਾਜ ਸਭਾ ਵਿੱਚ ਡਿਪਟੀ ਲੀਡਰ ਦੇ ਅਹੁਦੇ ਤੋਂ ਵੀ ਹਟਾ ਦਿੱਤਾ ਹੈ। ਰਾਜ ਸਭਾ ਸਕੱਤਰੇਤ ਨੂੰ ਪਾਰਟੀ ਨੇ ਇਹ ਵੀ ਲਿਖ ਕੇ ਦੇ ਦਿੱਤਾ ਹੈ ਕਿ ਉਨ੍ਹਾਂ ਨੂੰ ਪਾਰਟੀ ਸਮੇਂ ਵਿੱਚੋਂ ਰਾਜ ਸਭਾ ਵਿੱਚ ਬੋਲਣ ਦਾ ਸਮਾਂ ਨਾ ਦਿੱਤਾ ਜਾਵੇ। ਪਾਰਟੀ ਦਾ ਇਹ ਨੋਟ 'ਆਪ' ਦੇ ਇੱਕ ਹੋਰ ਸੀਨੀਅਰ ਨੇਤਾ ਸੰਜੇ ਸਿੰਘ ਨੇ ਰਾਜ ਸਭਾ ਸਕੱਤਰੇਤ ਨੂੰ ਸੌਂਪਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਸਲੇ 'ਤੇ ਬੋਲਦਿਆਂ ਕਿਹਾ ਕਿ ਰਾਘਵ ਚੱਢਾ ਭਾਜਪਾ ਪ੍ਰਤੀ ਸਮਝੌਤਾ-ਪ੍ਰਸਤ ਹੋ ਗਏ ਸਨ। ਕੁਝ ਹੋਰ ਆਗੂਆਂ ਨੇ ਉਨ੍ਹਾਂ ਨੂੰ ਭਾਜਪਾ ਸਰਕਾਰ ਤੋਂ ਡਰਿਆ ਹੋਇਆ ਆਗੂ ਵੀ ਕਿਹਾ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਚੱਢਾ ਨੇ ਪਾਰਟੀ ਵੱਲੋਂ ਆਖੇ ਜਾਣ 'ਤੇ ਵੀ ਪਾਰਲੀਮੈਂਟ ਵਿੱਚ ਪੰਜਾਬ ਦੇ ਮੁੱਦੇ ਨਹੀਂ ਉਠਾਏ, ਸਗੋਂ ਹੋਰ ਛੋਟੇ-ਛੋਟੇ ਮੁੱਦਿਆਂ 'ਤੇ ਬੋਲਦਾ ਰਿਹਾ। ਰਾਘਵ ਚੱਢਾ 'ਤੇ ਇਹ ਦੋਸ਼ ਵੀ ਲੱਗਿਆ ਹੈ ਕਿ ਉਸ ਨੇ ਸੰਕਟ ਵਿੱਚ ਪਾਰਟੀ ਦਾ ਸਾਥ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਅਰਵਿੰਦ ਕੇਜਰੀਵਾਲ ਜੇਲ੍ਹ ਚਲੇ ਗਏ ਸਨ ਤਾਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਬੰਦ ਕੇਜਰੀਵਾਲ ਦੀ ਆਪਣੇ ਫੋਨ 'ਤੇ ਡੀ.ਪੀ. ਲਗਾਉਣ ਲਈ ਕਿਹਾ ਸੀ, ਪਰ ਉਨ੍ਹਾਂ ਇਹ ਨਹੀਂ ਕੀਤਾ।

ਪਾਰਟੀ ਆਗੂਆਂ ਵੱਲੋਂ ਲਗਾਏ ਗਏ ਦੋਸ਼ਾਂ ਦਾ ਜਵਾਬ ਦਿੰਦਿਆਂ ਰਾਘਵ ਚੱਢਾ ਨੇ ਇੱਕ ਵੀਡੀਓ ਪੇਸ਼ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਸਮੇਤ ਆਮ ਲੋਕਾਂ ਦੇ ਮਸਲੇ ਰਾਜ ਸਭਾ ਵਿੱਚ ਜ਼ੋਰ ਨਾਲ ਉਠਾਏ ਹਨ। ਪੇਸ਼ ਕੀਤੀ ਗਈ ਵੀਡੀਓ ਵਿੱਚ ਰਾਘਵ ਚੱਢਾ ਰਾਜ ਸਭਾ ਵਿੱਚ ਨਨਕਾਣਾ ਸਾਹਿਬ ਲਾਂਘੇ ਦਾ ਮਸਲਾ ਉਠਾਉਂਦੇ ਨਜ਼ਰ ਆ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਸਾਨਾਂ ਉਤੇ ਐਮ.ਐਸ.ਪੀ. ਦੇ ਤਸ਼ੱਦਦ ਦਾ ਮਸਲਾ ਵੀ ਰਾਜ ਸਭਾ ਵਿੱਚ ਉਠਾਇਆ। ਉਨ੍ਹਾਂ ਸ਼ਹੀਦ ਭਗਤ ਸਿੰਘ ਨੂੰ ਸ਼ਹਾਦਤ ਪਿੱਛੋਂ ਭਾਰਤ ਰਤਨ ਦੇਣ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਤਖਤ ਨੂੰ ਵਾਪਸ ਲਿਆਉਣ ਦੀ ਵੀ ਮੰਗ ਕੀਤੀ ਹੈ। ਰਾਘਵ ਚੱਢਾ ਨੇ ਕਿਹਾ ਕਿ 'ਪੰਜਾਬ' ਮੇਰੇ ਲਈ ਸਿਰਫ ਗੱਲਾਂਬਾਤਾਂ ਦਾ ਵਿਸ਼ਾ ਨਹੀਂ ਹੈ, ਇਹ ਮੇਰੀ ਆਪਣੀ ਧਰਤੀ ਹੈ, ਮੇਰੀ ਰੂਹ ਹੈ। ਆਪਣੀ ਇੱਕ ਹੋਰ ਸੋਸ਼ਲ ਪੋਸਟ ਵਿੱਚ ਰਾਘਵ ਚੱਢਾ ਨੇ ਕਿਹਾ ਕਿ ਉਸ ਨੂੰ ਖਾਮੋਸ਼ ਕੀਤਾ ਗਿਆ, ਪਰ ਉਹ ਹਾਰਿਆ ਨਹੀਂ ਹੈ। ਉਨ੍ਹਾਂ 'ਆਪ' ਲੀਡਰਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਗਿਣ ਮਿੱਥ ਕੇ ਇੱਕੋ ਭਾਸ਼ਾ ਬੋਲੀ ਜਾ ਰਹੀ ਹੈ।

ਇਹ ਵੀ ਸਾਹਮਣੇ ਆਇਆ ਹੈ ਕਿ ਰਾਘਵ ਚੱਢਾ ਨੇ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਦੀ ਆਲੋਚਨਾ ਵਾਲੀਆਂ ਵੀਡੀਓਜ਼ ਆਪਣੇ ਸੋਸ਼ਲ ਮੀਡੀਆ ਅਕਾਊਂਟਸ ਤੋਂ ਡਿਲੀਟ ਕਰ ਦਿੱਤੀਆਂ ਸਨ। ਪਾਰਟੀ ਦੇ ਪੰਜਾਬ ਯੂਨਿਟ ਦੇ ਪ੍ਰਧਾਨ ਅਮਨ ਅਰੋੜਾ ਨੇ ਵੀ ਰਾਘਵ ਚੱਢਾ ਦੀ ਆਲੋਚਨਾ ਕਰਦਿਆਂ ਕਿਹਾ ਸ੍ਰੀ ਕੇਜਰੀਵਾਲ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਵੱਡਾ ਰੁਤਬਾ ਦਿੱਤਾ, ਪਰ ਜਦੋਂ ਸਮਾਂ ਆਇਆ ਤਾਂ ਉਨ੍ਹਾਂ ਨੇ ਪਾਰਟੀ ਦਾ ਸਾਥ ਨਹੀਂ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਰਾਜ ਸਭਾ ਵਿੱਚ ਪੰਜਾਬ ਨਾਲ ਸੰਬੰਧਤ ਮਸਲੇ ਵੀ ਨਹੀਂ ਉਠਾਏ। ਸੀਨੀਅਰ 'ਆਪ' ਲੀਡਰ ਸੌਰਭ ਭਾਰਦਵਾਜ ਨੇ ਕਿਹਾ ਕਿ ਰਾਘਵ ਚੱਢਾ ਕਦੇ ਬੀ.ਜੇ.ਪੀ. ਅਤੇ ਪ੍ਰਧਾਨ ਮੰਤਰੀ ਦੇ ਤਿੱਖੇ ਆਲੋਚਕ ਸਨ, ਪਰ ਬਾਅਦ 'ਚ ਉਨ੍ਹਾਂ ਭਾਜਪਾ ਤੇ ਮੋਦੀ ਵਿਰੁਧ ਆਪਣੀਆਂ ਪੋਸਟਾਂ ਡਿਲੀਟ ਕਰ ਦਿੱਤੀਆਂ ਸਨ। ਇਸ ਮਗਰੋਂ ਆਪਣਾ ਬਦਲਿਆ ਤੇ ਧੋਤਾ ਸਵਾਰਿਆ ਚਿਹਰਾ ਮੀਡੀਆ 'ਚ ਪੇਸ਼ ਕੀਤਾ। ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿਸੇ ਨੂੰ ਵਾਸ਼ਿੰਗ ਮਸ਼ੀਨ ਵਿੱਚੋਂ ਧੋਅ ਸਵਾਰ ਕੇ ਬਾਹਰ ਕੱਢਿਆ ਹੋਵੇ।

ਯਾਦ ਰਹੇ, ਰਾਘਵ ਚੱਢਾ ਸ਼ੁਰੂ ਤੋਂ ਹੀ ਪਾਰਟੀ ਦੇ ਨਾਲ ਰਹੇ ਹਨ ਅਤੇ ਕਿੱਤੇ ਵਜੋਂ ਚਾਰਟਡ ਅਕਾਊਂਟੈਂਟ ਹਨ। ਅੰਨਾ ਹਜ਼ਾਰੇ ਲਹਿਰ ਦੇ ਆਖਰੀ ਦੌਰ ਵਿੱਚ ਉਹ ਅਰਵਿੰਦ ਕੇਜਰੀਵਾਲ ਨੂੰ ਮਿਲੇ ਸਨ, ਜਦੋਂ ਪਾਰਟੀ ਬਣਾਉਣ ਜਾਂ ਨਾ ਬਣਾਉਣ ਬਾਰੇ ਲੀਡਰਸ਼ਿਪ ਵਿਚਕਾਰ ਗੱਲਬਾਤ ਚੱਲ ਰਹੀ ਸੀ। ਉਨ੍ਹਾਂ ਨੂੰ ਪਾਰਟੀ ਨੇ ਦਿੱਲੀ ਦੇ ਲੋਕਪਾਲ ਬਿਲ ਨੂੰ ਡਰਾਫਟ ਕਰਨ ਦੀ ਜ਼ਿੰਮੇਵਾਰੀ ਵੀ ਸੌਂਪੀ ਸੀ। ਬਾਅਦ ਵਿੱਚ ਰਾਘਵ ਚੱਢਾ ਨੂੰ ਪਾਰਟੀ ਦਾ ਸਪੋਕਸਪਰਸਨ ਅਤੇ ਖਜ਼ਾਨਚੀ ਵੀ ਥਾਪਿਆ ਗਿਆ ਸੀ। 2020 ਦੀਆਂ ਦਿੱਲੀ ਚੋਣਾਂ ਵਿੱਚ ਚੱਢਾ ਰਾਜਿੰਦਰ ਨਗਰ ਦਿੱਲੀ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ ਸੀ। ਉਹ ਦਿੱਲੀ ਜਲ ਬੋਰਡ ਦੇ ਚੇਅਰਮੈਨ ਵੀ ਰਹੇ। 2022 ਵਿੱਚ ਉਨ੍ਹਾਂ ਨੂੰ ਰਾਜ ਸਭਾ ਮੈਂਬਰ ਵਜੋਂ ਚੁਣਿਆ ਗਿਆ ਸੀ। ਪਿਛਲੇ ਕਾਫੀ ਸਮੇਂ ਤੋਂ ਰਾਘਵ ਚੱਢਾ ਪ੍ਰਮੁੱਖ ਪਾਰਟੀ ਸਰਗਰਮੀਆਂ ਤੋਂ ਦੂਰ ਰਹਿ ਰਹੇ ਹਨ। ਉਨ੍ਹਾਂ ਨੇ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਦੀ ਰਿਹਾਈ ਵੇਲੇ ਕੋਈ ਖਾਸ ਪ੍ਰਤੀਕਰਮ ਵੀ ਨਹੀਂ ਸੀ ਜ਼ਾਹਰ ਕੀਤਾ।

ਧਾਰਮਿਕ ਤੇ ਸੱਭਿਆਚਾਰਕ ਭਾਵਨਾਵਾਂ ਦੇ ਸੁਮੇਲ ਵਿਸਾਖੀ ਦਿਹਾੜੇ ਦੀ
ਸਮੂਹ ਟਰੱਕਰ ਭਰਾਵਾਂ ਅਤੇ ਸੰਗਤ ਨੂੰ ਲੱਖ ਲੱਖ ਵਧਾਈ
AIR SYSTEMS
DPF SYSTEMS
COOLING
TIRES
BRAKING SYSTEMS
EXHAUST SYSTEMS
LUBE SERVICES
ELECTRICAL
SUSPENSION
DOT INSPECTIONS
BODY WORK
HEAVY LINE
TRUCK & TRAILER SERVICE LLC
5747 W RAYMOND
INDIANAPOLIS, IN 46241
463-325-3649

# ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਖਾਲਸਾ ਸਿਰਜਣਾ ਦਿਹਾੜੇ ਵਿਸਾਖੀ ਅਤੇ ਪ੍ਰਥਮ ਪਾਤਿਸ਼ਾਹ ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ (ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ) ਦੀ

# ਲੱਖ ਲੱਖ ਵਧਾਈ ਹੋਵੇ

ਕਲਗੀਧਰ ਦਸ਼ਮੇਸ਼ ਪਿਤਾ ਨੇ 1699 ਦੀ ਵਿਸਾਖੀ ਦੇ ਦਿਹਾੜੇ ਮਰਜੀਵੜਿਆਂ ਦੇ ਇੱਕ ਨਵੇਂ ਪੰਥ 'ਖਾਲਸਾ ਪੰਥ' ਨੂੰ ਪ੍ਰਗਟ ਕੀਤਾ ਅਤੇ ਨਿਸਚੈ ਕਰ ਅਪਨੀ ਜੀਤ ਕਰੋਂ ਦਾ ਵਰ ਦਿੱਤਾ




## ਵਿਸ਼ੇਸ਼ ਸਮਾਗਮ

14 ਅਪਰੈਲ 2026 (ਮੰਗਲਵਾਰ)
ਸ਼ਾਮ 6 ਤੋਂ 8 ਵਜੇ ਤੱਕ

**ਅਰੰਭ ਸ੍ਰੀ ਅਖੰਡ ਪਾਠ ਸਾਹਿਬ**
17 ਅਪਰੈਲ 2026 (ਸ਼ੁੱਕਰਵਾਰ)

**ਭੋਗ ਸ੍ਰੀ ਅਖੰਡ ਪਾਠ ਸਾਹਿਬ**
19 ਅਪਰੈਲ 2026 (ਐਤਵਾਰ)

ਉਪਰੰਤ ਸ਼ਬਦ ਕੀਰਤਨ ਤੇ ਕਥਾ ਵਿਆਖਿਆ



*ਭਾਈ ਹਰਸਿਮਰਨ ਸਿੰਘ, ਭਾਈ ਸੁਖਵਿੰਦਰ ਸਿੰਘ ਤੇ ਭਾਈ ਅਰਸ਼ਦੀਪ ਸਿੰਘ ਦਾ ਜਥਾ ਗੁਰਬਾਣੀ ਕੀਰਤਨ ਅਤੇ ਕਥਾਵਾਚਕ ਭਾਈ ਲਖਵਿੰਦਰ ਸਿੰਘ ਤੇ ਭਾਈ ਗੁਰਦੀਪ ਸਿੰਘ ਕਥਾ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ*

**ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਬਲਬੀਰ ਸਿੰਘ ਮੁਲਤਾਨੀ ਅਤੇ ਪਰਿਵਾਰ ਵੱਲੋਂ ਹੋਵੇਗੀ**

*ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ*

GURDUARA
BROOKFIELD WI

## ਗੁਰਦੁਆਰਾ ਬਰੁੱਕਫੀਲਡ (ਵਿਸਕਾਨਸਿਨ)

## Sikh Religious Society of Wisconsin

*(DBA Gurduara Brookfield Wisconsin Inc.)*

**3675 N. Calhoun Rd, Brookfield, WI 53207**


**Ph: 262-790-1600**

# ‘ਰੰਗਲਾ ਪੰਜਾਬ-26’ ਲਈ ਟੀਮਾਂ ਵੱਲੋਂ ਅਭਿਆਸ ਜ਼ੋਰਾਂ-ਸ਼ੋਰਾਂ ਨਾਲ

## *ਪ੍ਰੋਗਰਾਮ 25 ਅਪਰੈਲ, ਸਨਿਚਰਵਾਰ ਨੂੰ * ਪੀ.ਸੀ.ਐੱਸ. ਵੱਲੋਂ ਤਿਆਰੀਆਂ ਲਗਪਗ ਮੁਕੰਮਲ

**ਸ਼ਿਕਾਗੋ:** ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ (ਪੀ.ਸੀ.ਐੱਸ.) ਵੱਲੋਂ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਕਰਵਾਏ ਜਾਂਦੇ ਸਾਲਾਨਾ ਸਮਾਗਮ ‘ਰੰਗਲਾ ਪੰਜਾਬ’ ਲਈ ਗਿੱਧਾ-ਭੰਗੜਾ ਤੇ ਹੋਰ ਟੀਮਾਂ ਵੱਲੋਂ ਅਭਿਆਸ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਇਸ ਸਬੰਧੀ ਰਿਹਰਸਲਾਂ ਪਿਛਲੇ ਕਈ ਹਫਤਿਆਂ ਤੋਂ ਇੰਡੀਆ ਹੱਬ, ਸ਼ਾਮਬਰਗ ਵਿਖੇ ਹੋ ਰਹੀਆਂ ਹਨ, ਜਿਸ ਦੌਰਾਨ ਕਈ ਟੀਮਾਂ ਆਪਣੀ ਪੇਸ਼ਕਾਰੀ ਲਈ ਅਭਿਆਸ ਕਰ ਰਹੀਆਂ ਹਨ। ਇਸ ਤੋਂ ਇਲਾਵਾ ਕੁਝ ਗਿੱਧੇ ਦੀਆਂ ਟੀਮਾਂ ਦੀ ਤਿਆਰੀ ਘਰਾਂ ਵਿੱਚ ਚੱਲ ਰਹੀ ਹੈ। ‘ਰੰਗਲਾ ਪੰਜਾਬ-2026’ ਵਿੱਚ ਸ਼ਾਨਦਾਰ ਭੰਗੜਾ ਤੇ ਗਿੱਧਾ ਟੀਮਾਂ ਤੋਂ ਇਲਾਵਾ ਸੰਗੀਤਕ ਤੇ ਸਕਿੱਟ ਪ੍ਰਤਿਭਾ ਰਾਹੀਂ ਮਨੋਰੰਜਨ ਕੀਤਾ ਜਾਵੇਗਾ। ਸਮਾਗਮ 25 ਅਪਰੈਲ 2026, ਸ਼ਾਮ 5 ਵਜੇ ਤੋਂ ਕੋਪਰਨਿਕਸ ਸੈਂਟਰ (5216 ਵੈਸਟ ਲਾਰੈਂਸ ਐਵੇਨਿਊ, ਸ਼ਿਕਾਗੋ) ਵਿਖੇ ਹੋਵੇਗਾ।

ਪੀ.ਸੀ.ਐੱਸ. ਦੇ ਨੁਮਾਇੰਦੇ ਸੰਸਥਾ ਦੇ ਇਸ ਵੱਡੇ ਸਾਲਾਨਾ ਸਮਾਗਮ ਲਈ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਨਜ਼ਰੀਂ ਆਉਂਦੇ ਹਨ। ਉਂਜ ਤਿਆਰੀਆਂ ਲਗਪਗ ਮੁਕੰਮਲ ਹਨ, ਪਰ ਜਿਉਂ ਜਿਉਂ ‘ਰੰਗਲਾ ਪੰਜਾਬ’ ਸਮਾਗਮ ਦੇ ਦਿਨ ਨੇੜੇ ਆ ਰਹੇ ਹਨ, ਤਿਉਂ ਤਿਉਂ ਟੀਮਾਂ ਤਿਆਰ ਕਰਨ ਵਾਲੇ ਕੋਆਰਡੀਨੇਟਰ ਬੱਚਿਆਂ ਨੂੰ ਵਾਧੂ ਸਮਾਂ ਅਭਿਆਸ ਕਰਵਾਉਣ ਲੱਗੇ ਹਨ। ਜਿਨ੍ਹਾਂ ਘਰਾਂ ਵਿੱਚ ਦੋਹਰੀਆਂ-ਦੋਹਰੀਆਂ ਰਿਹਰਸਲਾਂ ਹੋਣ ਲੱਗੀਆਂ ਹਨ, ਉਨ੍ਹਾਂ ਪਰਿਵਾਰਾਂ ਨੂੰ ਬੱਚਿਆਂ ਨਾਲ ਆਏ ਮਾਪਿਆਂ ਦੀ ਟਹਿਲ-ਸੇਵਾ ਲਈ ਮੇਜ਼ਬਾਨੀ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪੈ ਰਹੀ ਹੈ। ਉਂਜ ਪਿਛਲੇ ਕਈ ਐਤਵਾਰਾਂ ਤੋਂ ‘ਇੰਡੀਆ ਹੱਬ’ ਵਿੱਚ ਬੱਚੇ ਜਦੋਂ ਆਪਣੇ ਅਭਿਆਸ ਵਿੱਚ ਰੁੱਝੇ ਹੋਏ ਹੁੰਦੇ ਹਨ ਤਾਂ ਉਥੇ ਹੋਰਨਾਂ ਭਾਈਚਾਰਿਆਂ ਦੇ ਕਿਸੇ ਹੋਰ ਪ੍ਰੋਗਰਾਮ ਜਾਂ ਸੈਮੀਨਾਰ ਲਈ ਪਹੁੰਚੇ ਲੋਕ ਵੀ ‘ਰੰਗਲਾ ਪੰਜਾਬ’ ਦੀ ਤਿਆਰੀ ਵਿੱਚ ਲੱਗੇ ਬੱਚਿਆਂ ’ਤੇ ਝਾਤ ਮਾਰ ਕੇ ਖੁਸ਼ਦਿਲ ਹੋ ਜਾਂਦੇ ਹਨ ਅਤੇ ਪੰਜਾਬੀ ਗੀਤਾਂ ਦੀਆਂ ਧੁਨਾਂ ਉਨ੍ਹਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਦੂਜੇ ਪਾਸੇ ਮਾਪੇ ਇੱਕ-ਦੂਜੇ ਨਾਲ ਗੱਲਾਂ ਵਿੱਚ ਜਾਂ ਫਿਰ ਆਪੋ-ਆਪਣੇ ਫੋਨਾਂ ਵਿੱਚ ਵਿਅਸਥ ਨਜ਼ਰ ਆਉਂਦੇ ਹਨ, ਕਿਉਂਕਿ ਜਿਨ੍ਹਾਂ ਮਾਪਿਆਂ ਦੇ ਦੋ-ਦੋ ਜਵਾਕ ਜਾਂ ਜਿਨ੍ਹਾਂ ਪਰਿਵਾਰਾਂ ਦੇ ਦੋ ਤੋਂ ਵੱਧ ਬੱਚੇ ਗਿੱਧੇ-ਭੰਗੜੇ ਦੇ ਅਭਿਆਸ ਲਈ ਆਏ ਹੁੰਦੇ ਹਨ, ਉਹ ਲੰਮਾ ਸਮਾਂ ਇੰਤਜ਼ਾਰ ਕੀਤੇ ਜਾਣ ਕਾਰਨ ਜਾਂ ਤਾਂ ਅਕੇਵਾਂ ਮਹਿਸੂਸ ਕਰਨ ਲੱਗ ਜਾਂਦੇ ਹਨ ਜਾਂ ਫਿਰ ਬੱਚਿਆਂ ਨੂੰ ਕਲਾਸ ਵਿੱਚ ਛੱਡ ਕੇ ਗਰੌਸਰੀ ਵਗੈਰਾ ਲਈ ਚਲੇ ਜਾਂਦੇ ਹਨ। ਖ਼ੈਰ! ਇਸ ਸਭ ਦੇ ਬਾਵਜੂਦ ਇੰਡੀਆ ਹੱਬ ਵਿੱਚ ਪੰਜਾਬੀ ਭਾਈਚਾਰੇ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਸੰਸਥਾ ਅਨੁਸਾਰ ਟੀਮਾਂ ਤਾਂ ਪਿਛਲੀ ਵਾਰ ਵਾਂਗ ਕਾਫੀ ਹੋ ਗਈਆਂ ਹਨ ਅਤੇ ਉਨ੍ਹਾਂ ਨੂੰ ਸਮਾਗਮ ਲਈ ਤਿਆਰ-ਬਰ-ਤਿਆਰ ਕਰਨਾ ਉਤਸ਼ਾਹ ਭਰਪੂਰ ਜ਼ਿੰਮੇਵਾਰੀ ਹੈ, ਜਿਸ ਵਿੱਚ ਸੰਸਥਾ ਦੇ ਨੁਮਾਇੰਦੇ ਅਤੇ ਕੋਆਰਡੀਨੇਟਰ ਆਪੋ-ਆਪਣੇ ਪੱਧਰ ’ਤੇ ਸਹਿਯੋਗ ਕਰ ਰਹੇ ਹਨ।



ਪੀ.ਸੀ.ਐੱਸ. ਸ਼ਿਕਾਗੋ ਦੇ ਪ੍ਰਧਾਨ ਬਿਕਰਮ ਸਿੰਘ ਸੋਹੀ

ਪੀ.ਸੀ.ਐੱਸ. ਦੇ ਮੌਜੂਦਾ ਪ੍ਰਧਾਨ ਬਿਕਰਮ ਸਿੰਘ ਸੋਹੀ ਅਨੁਸਾਰ ਸੰਸਥਾ ਹਰ ਸਾਲ ਭਾਈਚਾਰੇ ਦੇ ਬੱਚਿਆਂ ਨੂੰ ਬਿਨਾ ਕਿਸੇ ਫੀਸ ਦੇ ਗਿੱਧੇ-ਭੰਗੜੇ ਅਤੇ ਕੋਰਿਓਗ੍ਰਾਫੀ ਦੀ ਪੇਸ਼ਕਾਰੀ ਲਈ ਸਿਖਲਾਈ ਦੇਣ ਦਾ ਪ੍ਰਬੰਧ ਕਰਦੀ ਹੈ। ਉਨ੍ਹਾਂ ਨੇ ਵੱਖ-ਵੱਖ ਟੀਮਾਂ ਵਿੱਚ ਭਾਗ ਲੈ ਰਹੇ ਬੱਚਿਆਂ ਦੇ ਮਾਪਿਆਂ ਦਾ ਵੀ ਸਮਾਂ ਕੱਢ ਕੇ ਪੀ.ਸੀ.ਐਸ. ਦੇ ‘ਰੰਗਲਾ ਪੰਜਾਬ’ ਲਈ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕੀਤਾ ਹੈ। ਪ੍ਰਧਾਨ ਸੋਹੀ ਅਨੁਸਾਰ ਸਮਾਗਮ ਵਿੱਚ ਪਰਵਾਸੀ ਭਾਰਤੀ ਸਨਮਾਨ ਅਵਾਰਡ ਦੇ ਪ੍ਰਾਪਤਕਰਤਾ ਤੇ ਉਘੇ ਸਿੱਖ ਬਿਜਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੀ ਪਤਨੀ ਡੈਬਰਾ ਧਾਲੀਵਾਲ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ। ਸ਼ਿਕਾਗੋਲੈਂਡ ਤੋਂ ਇਲਾਵਾ ਨੇੜਲੀਆਂ ਸਟੇਟਾਂ-ਵਿਸਕਾਨਸਿਨ, ਮਿਸ਼ੀਗਨ ਤੇ ਇੰਡੀਆਨਾ ਤੋਂ ਵੀ ਮਹਿਮਾਨ ਆਉਣਗੇ। ਪ੍ਰਧਾਨ ਸੋਹੀ ਨੇ ਭਾਈਚਾਰੇ ਨੂੰ ‘ਰੰਗਲਾ ਪੰਜਾਬ’ ਲਈ ਨਿੱਘਾ ਸੱਦਾ ਦਿੱਤਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਬਿਕਰਮ ਸਿੰਘ ਸੋਹੀ ਪਹਿਲਾਂ ਵਾਈਸ ਪ੍ਰੈਜ਼ੀਡੈਂਟ ਸਮੇਤ ਕਈ ਪੀ.ਸੀ.ਐਸ. ਬੋਰਡ ਅਹੁਦਿਆਂ ‘ਤੇ ਸੇਵਾ ਨਿਭਾਅ ਚੁੱਕੇ ਹਨ ਅਤੇ ਵਰਤਮਾਨ ਵਿੱਚ ਪੈਂਪਰਡ ਸ਼ੈੱਫ - ਏ ਬਰਕਸ਼ਾਇਰ ਹੈਥਵੇ ਕੰਪਨੀ ਵਿੱਚ ਮੁੱਖ ਸੰਚਾਲਨ ਅਧਿਕਾਰੀ ਦਾ ਅਹੁਦਾ ਸੰਭਾਲਦੇ ਹਨ। ਪ੍ਰਧਾਨ ਸੋਹੀ ਅਨੁਸਾਰ ਸੰਸਥਾ ਦੇ ਇਸ ਸਾਲ ਦੇ ਚੇਅਰਵੂਮਨ ਡਾ. ਪ੍ਰਿਮਲ ਕੌਰ ਵੀ ‘ਰੰਗਲਾ ਪੰਜਾਬ’ ਲਈ ਕਾਫੀ ਉਤਸ਼ਾਹਿਤ ਹਨ ਅਤੇ ਉਹ ਉਚੇਚੇ ਤੌਰ ‘ਤੇ ਸਹਿਯੋਗ ਕਰ ਰਹੇ ਹਨ। ਪੀ.ਸੀ.ਐਸ. ਲਈ ਇਹ ਮਾਣ ਵਾਲੀ ਗੱਲ ਹੈ ਕਿ ਡਾ. ਪ੍ਰਿਮਲ ਕੌਰ ਐਮ.ਡੀ., ਐਮ.ਬੀ.ਏ., ਇੱਕ ਪ੍ਰਤਿਸ਼ਠਾਵਾਨ ਬਾਇਓਟੈਕ ਕਾਰਜਕਾਰੀ, ਬਾਇਓਫਾਰਮਾ ਉਦਯੋਗ ਵਿੱਚ 15 ਸਾਲਾਂ ਤੋਂ ਵੱਧ ਦਾ ਤਜਰਬਾ ਰੱਖਦੇ ਹਨ ਅਤੇ ਵਰਤਮਾਨ ਵਿੱਚ ਐਬਵੀ ਵਿਖੇ ਗਲੋਬਲ ਡਿਵੈਲਪਮੈਂਟ ਆਫ਼ ਇਮਯੂਨੋਲੋਜੀ, ਨਿਊਰੋਸਾਇੰਸ, ਆਈ ਕੇਅਰ ਤੇ ਸਪੈਸ਼ਲਿਟੀ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਵਜੋਂ ਸੇਵਾ ਨਿਭਾਅ ਰਹੇ ਹਨ।

ਸੰਸਥਾ ਅਨੁਸਾਰ ‘ਰੰਗਲਾ ਪੰਜਾਬ’ ਪੰਜਾਬੀ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ, ਸੱਭਿਆਚਾਰ, ਆਪਣੇ ਭਾਈਚਾਰੇ ਦੇ ਨੇੜੇ ਆਉਣ ਅਤੇ ਲੰਬੇ ਸਮੇਂ ਲਈ ਦੋਸਤ ਬਣਾਉਣ ਵਿੱਚ ਮਦਦ ਕਰਦਾ ਹੈ। ਇਹ ਅਸਲ ਵਿੱਚ ਇੱਕ ਭਾਈਚਾਰਕ ਨਿਰਮਾਣ ਦਾ ਯਤਨ ਹੈ। ‘ਰੰਗਲਾ ਪੰਜਾਬ’ ਲਈ ਔਨਲਾਈਨ ਟਿਕਟਾਂ ਆਰਡਰ ਕਰਨ ਲਈ www.pcschicago.org ’ਤੇ ਕਲਿੱਕ ਕਰੋ ਜਾਂ info@pcscihcago.org ’ਤੇ ਈ-ਮੇਲ ਕੀਤੀ ਜਾ ਸਕਦੀ ਹੈ।

# ਗਲੋਬਲ ਵਾਟਰ ਬੈਂਕਰਪਸੀ:ਤੇਜ਼ੀ ਨਾਲ਼ ਸੋਕੇ ਵੱਲ ਵੱਧ ਰਹੀ ਦੁਨੀਆ

**ਅਕਸ਼ਿਤ ਸੰਗੋਮਲਾ**

ਦੁਨੀਆ ਅੱਜ ਪਾਣੀ ਦੇ ਗੰਭੀਰ ਸੰਕਟ ਵੱਲ ਤੇਜ਼ੀ ਨਾਲ਼ ਵੱਧ ਰਹੀ ਹੈ। ਲੰਬੇ ਸਮੇਂ ਤੱਕ ਚੱਲਣ ਵਾਲੇ ਭਿਆਨਕ ਸੋਕੇ (ਮੇਗਾ-ਡ੍ਰਾਊਟ) ਅਤੇ ਕਈ ਥਾਵਾਂ ’ਤੇ ਡੁੱਬਦੇ ਸ਼ਹਿਰ ਇਸ ਗੱਲ ਦੀ ਚੇਤਾਵਨੀ ਦੇ ਰਹੇ ਹਨ ਕਿ ਧਰਤੀ ’ਤੇ ਮਿੱਠੇ ਪਾਣੀ ਦੇ ਸਰੋਤ ਖ਼ਤਰਨਾਕ ਢੰਗ ਨਾਲ਼ ਘਟ ਰਹੇ ਹਨ। ਇਹ ਸਿਰਫ਼ ਕਿਸੇ ਇੱਕ ਖੇਤਰ ਦੀ ਸਮੱਸਿਆ ਨਹੀਂ ਰਹੀ, ਸਗੋਂ ਪੂਰੀ ਮਨੁੱਖਤਾ ਲਈ ਵੱਡਾ ਖ਼ਤਰਾ ਬਣ ਚੁੱਕੀ ਹੈ।

ਈਰਾਨ, ਇਰਾਕ ਅਤੇ ਸੀਰੀਆ ਵਰਗੇ ਦੇਸ਼ ਲੰਬੇ ਸਮੇਂ ਤੋਂ ਸੋਕੇ ਨਾਲ਼ ਜੂਝ ਰਹੇ ਹਨ, ਪਰ ਇਹ ਹਾਲਤ ਹੁਣ ਦੁਨੀਆ ਦੇ ਹਰ ਮਹਾਂਦੀਪ ਵਿੱਚ ਵੇਖੀ ਜਾ ਰਹੀ ਹੈ। ਦੱਖਣੀ ਅਮਰੀਕਾ ਦੇ ਚਿਲੀ ਦਾ ਉਦਾਹਰਨ ਕਾਫ਼ੀ ਚਿੰਤਾਜਨਕ ਹੈ, ਜਿੱਥੇ 2010 ਤੋਂ ਲਗਾਤਾਰ ਸੋਕਾ ਪਿਆ ਹੋਇਆ ਹੈ। ਇੱਥੇ ਮੀਂਹ ਵਿੱਚ 20 ਤੋਂ 60 ਫ਼ੀਸਦੀ ਤੱਕ ਕਮੀ ਦਰਜ ਕੀਤੀ ਗਈ ਹੈ। ਚਿਲੀ ਦੀਆਂ ਪਹਾੜੀ ਝੀਲਾਂ, ਜੋ ਮਿੱਠੇ ਪਾਣੀ ਦਾ ਮੁੱਖ ਸਰੋਤ ਸਨ, 2010 ਤੋਂ 2020 ਦੇ ਦਰਮਿਆਨ ਕਾਫ਼ੀ ਹੱਦ ਤੱਕ ਸੁੱਕ ਗਈਆਂ ਹਨ। ਇੱਕ ਅਧਿਐਨ ਮੁਤਾਬਕ ਇਸ ਦੌਰਾਨ 12 ਝੀਲਾਂ ਦਾ ਖੇਤਰਫਲ 7 ਤੋਂ 25 ਫ਼ੀਸਦੀ ਤੱਕ ਘਟ ਗਿਆ।

ਇਸ ਸੰਕਟ ਨੂੰ ਹੋਰ ਗੰਭੀਰ ਬਣਾਉਣ ਵਿੱਚ ਮਨੁੱਖੀ ਗਤੀਵਿਧੀਆਂ ਦਾ ਵੀ ਵੱਡਾ ਹਿੱਸਾ ਹੈ। 1997 ਤੋਂ 2022 ਤੱਕ ਚਿਲੀ ਵਿੱਚ ਭੂ-ਗਰਭ ਪਾਣੀ ਦਾ ਸ਼ੋਸ਼ਣ 383 ਫ਼ੀਸਦੀ ਵਧ ਗਿਆ, ਜਿਸ ਨਾਲ਼ ਪਾਣੀ ਦਾ ਸੰਤੁਲਨ ਵਿਗੜ ਗਿਆ। ਇਸ ਦੇ ਨਤੀਜੇ ਵਜੋਂ 2022 ਵਿੱਚ ਰਾਜਧਾਨੀ ਸੈਂਟਿਆਗੋ ਵਿੱਚ ਪਾਣੀ ਦੀ ਰਾਸ਼ਨਿੰਗ ਲਾਗੂ ਕਰਨੀ ਪਈ, ਜੋ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ।

ਦੁਨੀਆ ਦੇ ਹੋਰ ਹਿੱਸਿਆਂ ਵਿੱਚ ਵੀ ਸੋਕੇ ਦੇ ਗੰਭੀਰ ਪ੍ਰਭਾਵ ਵੇਖਣ ਨੂੰ ਮਿਲ ਰਹੇ ਹਨ। ਆਸਟ੍ਰੇਲੀਆ ਅਤੇ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਲੰਬੇ ਸਮੇਂ ਦੇ ਸੋਕੇ ਕਾਰਨ ਜੰਗਲਾਂ ਵਿੱਚ ਭਿਆਨਕ ਅੱਗਾਂ ਲੱਗੀਆਂ। 2025 ਵਿੱਚ ਕੈਲੀਫੋਰਨੀਆ ਦੀਆਂ ਅੱਗਾਂ ਕਾਰਨ ਲਗਭਗ 60 ਅਰਬ ਡਾਲਰ ਦਾ ਨੁਕਸਾਨ ਹੋਇਆ। ਵਿਗਿਆਨੀ ਇਸਨੂੰ ‘ਹਾਈਡਰੋਕਲਾਈਮੇਟਿਕ ਵਿਪਲੈਸ਼’ ਕਹਿੰਦੇ ਹਨ, ਜਿਸ ਵਿੱਚ ਇੱਕ ਸਾਲ ਭਾਰੀ ਮੀਂਹ ਅਤੇ ਅਗਲੇ ਸਾਲ ਤਿੱਖੀ ਗਰਮੀ ਤੇ ਸੋਕਾ ਆਉਂਦਾ ਹੈ, ਜੋ ਅੱਗ ਦੇ ਖ਼ਤਰੇ ਨੂੰ ਕਈ ਗੁਣਾ ਵਧਾ ਦਿੰਦਾ ਹੈ।

ਇੱਕ ਅਧਿਐਨ ਅਨੁਸਾਰ 1980 ਤੋਂ 2018 ਤੱਕ 500 ਲੰਬੇ ਸਮੇਂ ਦੇ ਸੋਕਿਆਂ ਦਾ ਵਿਸ਼ਲੇਸ਼ਣ ਕਰਨ ’ਤੇ ਪਤਾ ਲੱਗਾ ਕਿ ਹੁਣ ਇਹ ਸੋਕੇ ਪਹਿਲਾਂ ਨਾਲ਼ੋਂ ਜ਼ਿਆਦਾ ਗਰਮ, ਲੰਬੇ ਅਤੇ ਖ਼ਤਰਨਾਕ ਹੋ ਗਏ ਹਨ। ਹਰ ਸਾਲ ਲਗਭਗ 49,000 ਵਰਗ ਕਿਲੋਮੀਟਰ ਨਵਾਂ ਖੇਤਰ ਸੋਕੇ ਦੀ ਲਪੇਟ ਵਿੱਚ ਆ ਰਿਹਾ ਹੈ, ਜੋ ਕਿ ਇੱਕ ਵੱਡੀ ਚੇਤਾਵਨੀ ਹੈ। ਸੋਕੇ ਨਾਲ਼ ਜੁੜੇ ਤਾਪਮਾਨ ਵਿੱਚ ਵਾਧਾ ਵੀ ਚਿੰਤਾਜਨਕ ਹੈ। ਹਰ ਦਹਾਕੇ ਵਿੱਚ ਤਾਪਮਾਨ 0.26 ਤੋਂ 0.35 ਡਿਗਰੀ ਸੈਲਸੀਅਸ ਵਧ ਰਿਹਾ ਹੈ, ਜੋ ਕਿ ਗਲੋਬਲ ਤਾਪਮਾਨ ਵਾਧੇ ਦੇ ਬਰਾਬਰ ਹੈ। ਇਸਦਾ ਮਤਲਬ ਹੈ ਕਿ ਸੋਕਾ ਅਤੇ ਗਰਮੀ ਇਕੱਠੇ ਵਧ ਰਹੇ ਹਨ, ਜਿਸ ਨਾਲ਼ ਕੁਦਰਤ ਦਾ ਸੰਤੁਲਨ ਟੁੱਟ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਅਸਰ ਕੁਦਰਤ ਅਤੇ ਮੌਜੂਦਾ ਹਾਲਾਤ ’ਤੇ ਪੈ ਰਿਹਾ ਹੈ। ਘਾਹ ਵਾਲੇ ਮੈਦਾਨਾਂ ਵਿੱਚ ਹਰਿਆਲੀ ਤੇਜ਼ੀ ਨਾਲ਼ ਘਟ ਰਹੀ ਹੈ। ਮੰਗੋਲੀਆ, ਦੱਖਣ-ਪੂਰਬੀ ਆਸਟ੍ਰੇਲੀਆ ਅਤੇ ਪੱਛਮੀ ਅਮਰੀਕਾ ਵਿੱਚ ਇਸ ਦਾ ਵੱਡਾ ਨੁਕਸਾਨ ਹੋਇਆ ਹੈ। ਕੁਝ ਖੇਤਰਾਂ ਵਿੱਚ ਹਰਿਆਵਲ 30 ਤੋਂ 33 ਫ਼ੀਸਦੀ ਤੱਕ ਘਟ ਗਈ ਹੈ, ਜਿਸ ਨਾਲ਼ ਜੰਗਲੀ ਜੀਵਨ ਅਤੇ ਵੰਨ-ਸੁਵੰਨਤਾ ਨੂੰ ਭਾਰੀ ਨੁਕਸਾਨ ਪਹੁੰਚ ਰਿਹਾ ਹੈ।

ਇੱਕ ਹੋਰ ਗੰਭੀਰ ਗੱਲ ਇਹ ਹੈ ਕਿ ਖੁਸ਼ਕ ਖੇਤਰ ਹੋਰ ਤੇਜ਼ੀ ਨਾਲ਼ ਸੁੱਕ ਰਹੇ ਹਨ, ਜਦਕਿ ਨਮੀ ਵਾਲੇ ਖੇਤਰ ਉਤਨੀ ਤੇਜ਼ੀ ਨਾਲ਼ ਨਮੀ ਨਹੀਂ ਵਧਾ ਰਹੇ। ਇਸ ਨਾਲ਼ ਪੂਰੀ ਧਰਤੀ ’ਤੇ ਕੁੱਲ ਮਿਲਾ ਕੇ ਸੋਕਾ ਵਧ ਰਿਹਾ ਹੈ। 2002 ਤੋਂ 2024 ਦੇ ਦਰਮਿਆਨ ਹਰ ਸਾਲ ਦੋਵੇਂ ਖੇਤਰ ਕੈਲੀਫੋਰਨੀਆ ਦੇ ਦੁੱਗਣੇ ਖੇਤਰ ਦੇ ਬਰਾਬਰ ਵੱਧ ਰਹੇ ਹਨ।

ਭਾਰਤ ਵੀ ਇਸ ਸੰਕਟ ਤੋਂ ਬਚਿਆ ਨਹੀਂ। ਪਹਿਲਾਂ ਪੰਜਾਬ ਅਤੇ ਰਾਜਸਥਾਨ ਨੂੰ ਸੋਕੇ ਦੇ ਮੁੱਖ ਹਾਟਸਪਾਟ ਮੰਨਿਆ ਜਾਂਦਾ ਸੀ, ਪਰ ਹੁਣ ਦਿੱਲੀ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵੀ ਇਸ ਵਿੱਚ ਸ਼ਾਮਲ ਹੋ ਰਹੇ ਹਨ। ਇਹ ਖੇਤਰ ਹੁਣ ਪਾਕਿਸਤਾਨ, ਅਫਗਾਨਿਸਤਾਨ, ਇਰਾਨ ਅਤੇ ਉੱਤਰੀ ਅਫਰੀਕਾ ਦੇ ਹੋਰ ਸੁੱਕੇ ਖੇਤਰਾਂ ਨਾਲ਼ ਜੁੜਦੇ ਜਾ ਰਹੇ ਹਨ, ਜਿਸ ਨਾਲ਼ ਇੱਕ ਵੱਡਾ ‘ਮੈਗਾ-ਡ੍ਰਾਇੰਗ ਜ਼ੋਨ’ ਬਣਦਾ ਜਾ ਰਿਹਾ ਹੈ।

ਦੁਨੀਆ ਦੇ ਕਈ ਵੱਡੇ ਦਰਿਆਈ ਖੇਤਰ ਵੀ ਤੇਜ਼ੀ ਨਾਲ਼ ਸੁੱਕ ਰਹੇ ਹਨ। ਸਿੰਧੂ ਦਰਿਆ ਬੇਸਿਨ ਵਿੱਚ ਹਰ ਸਾਲ ਲਗਭਗ 1.23 ਸੈਂਟੀਮੀਟਰ ਪਾਣੀ ਘਟ ਰਿਹਾ ਹੈ, ਜਦਕਿ ਗੰਗਾ-ਬ੍ਰਹਮਪੁਤਰ ਬੇਸਿਨ ਵਿੱਚ ਇਹ ਘਟਾਓ ਲਗਭਗ 1.09 ਸੈਂਟੀਮੀਟਰ ਹੈ। ਇਹ ਹਾਲਾਤ ਖੇਤੀਬਾੜੀ ਅਤੇ ਪੀਣ ਵਾਲੇ ਪਾਣੀ ਲਈ ਵੱਡਾ ਸੰਕਟ ਪੈਦਾ ਕਰ ਰਹੇ ਹਨ। ਇਸਦੇ ਨਾਲ਼ ਹੀ, ਇਹ ਵਧਦਾ ਸੋਕਾ ਸਮੁੰਦਰੀ ਪੱਧਰ ਵਿੱਚ ਵਾਧੇ ਦਾ ਵੀ ਇੱਕ ਵੱਡਾ ਕਾਰਨ ਬਣ ਰਿਹਾ ਹੈ। ਅਧਿਐਨਾਂ ਮੁਤਾਬਕ, ਜ਼ਮੀਨ ’ਤੇ ਪਾਣੀ ਦੀ ਘਾਟ ਸਮੁੰਦਰੀ ਪੱਧਰ ਵਧਣ ਵਿੱਚ ਲਗਭਗ 44 ਫ਼ੀਸਦੀ ਯੋਗਦਾਨ ਪਾ ਰਹੀ ਹੈ, ਜੋ ਗਲੇਸ਼ੀਅਰਾਂ ਦੇ ਪਿਘਲਣ ਨਾਲ਼ੋਂ ਵੀ ਵੱਧ ਹੈ।

ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਨੇ ਇਸ ਹਾਲਤ ਨੂੰ “ਵਾਟਰ ਬੈਂਕਰਪਸੀ” ਕਿਹਾ ਹੈ, ਜਿਸਦਾ ਅਰਥ ਹੈ ਪਾਣੀ ਦੇ ਸਰੋਤਾਂ ਦਾ ਲਗਭਗ ਖ਼ਤਮ ਹੋ ਜਾਣਾ। ਰਿਪੋਰਟ ਮੁਤਾਬਕ, ਦੁਨੀਆ ਦੀ ਤਿੰਨ-ਚੌਥਾਈ ਅਬਾਦੀ ਅਜਿਹੇ ਖੇਤਰਾਂ ਵਿੱਚ ਰਹਿੰਦੀ ਹੈ, ਜਿੱਥੇ ਪਾਣੀ ਦੀ ਭਾਰੀ ਕਮੀ ਹੈ ਜਾਂ ਪਾਣੀ ਅਸੁਰੱਖਿਅਤ ਹੈ।

ਕਈ ਨਦੀਆਂ ਹੁਣ ਸਮੁੰਦਰ ਤੱਕ ਨਹੀਂ ਪਹੁੰਚਦੀਆਂ ਅਤੇ ਝੀਲਾਂ ਤੇਜ਼ੀ ਨਾਲ਼ ਘਟ ਰਹੀਆਂ ਹਨ। ਦੁਨੀਆ ਨੇ ਪਿਛਲੇ 50 ਸਾਲਾਂ ਵਿੱਚ ਲਗਭਗ 410 ਮਿਲੀਅਨ ਹੈਕਟੇਅਰ ਵੈਟਲੈਂਡ ਗੁਆ ਲਈ ਹੈ, ਜੋ ਕਿ ਕੁਦਰਤ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਇਹ ਖੇਤਰ ਵੰਨ-ਸੁਵੰਨਤਾ ਨਾਲ਼ ਭਰੇ ਹੋਏ ਹੁੰਦੇ ਹਨ ਅਤੇ ਜੀਵ-ਜੰਤੂਆਂ ਲਈ ਆਸਰਾ ਬਣਦੇ ਹਨ।

ਧਰਤੀ ਹੇਠਲੇ ਪਾਣੀ ਦੀ ਵਧ ਰਹੀ ਦੁਰਵਰਤੋਂ ਨਾਲ਼ ਜ਼ਮੀਨ ਵੀ ਧਸ ਰਹੀ ਹੈ। ਲਗਭਗ 60 ਲੱਖ ਵਰਗ ਕਿਲੋਮੀਟਰ ਖੇਤਰ ਇਸ ਦਾ ਸ਼ਿਕਾਰ ਹੋ ਚੁੱਕੇ ਹਨ। ਕੁਝ ਥਾਵਾਂ ’ਤੇ ਹਰ ਸਾਲ 25 ਸੈਂਟੀਮੀਟਰ ਤੱਕ ਜ਼ਮੀਨ ਡੁੱਬ ਰਹੀ ਹੈ, ਜਿਸ ਨਾਲ਼ ਪਾਣੀ ਸਟੋਰ ਕਰਨ ਦੀ ਸਮਰੱਥਾ ਘਟਦੀ ਜਾ ਰਹੀ ਹੈ ਅਤੇ ਹੜ੍ਹਾਂ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਇਸ ਦੇ ਨਾਲ਼ ਹੀ, ਗਲੇਸ਼ੀਅਰ ਵੀ ਤੇਜ਼ੀ ਨਾਲ਼ ਪਿਘਲ ਰਹੇ ਹਨ। 1970 ਤੋਂ ਹੁਣ ਤੱਕ ਦੁਨੀਆ ਦੇ 30 ਫ਼ੀਸਦੀ ਗਲੇਸ਼ੀਅਰ ਖ਼ਤਮ ਹੋ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਕਈ ਪੂਰੀ ਤਰ੍ਹਾਂ ਗਾਇਬ ਹੋ ਸਕਦੇ ਹਨ। ਇਸ ਨਾਲ਼ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਅਤੇ ਰੋਜ਼ਗਾਰ ਪ੍ਰਭਾਵਿਤ ਹੋਵੇਗਾ, ਜੋ ਦਰਿਆਵਾਂ ਅਤੇ ਹਿਮ-ਨਦੀਆਂ ’ਤੇ ਨਿਰਭਰ ਹਨ।

ਖੇਤੀਬਾੜੀ, ਜੋ ਦੁਨੀਆ ਦੇ ਲਗਭਗ 70 ਫ਼ੀਸਦੀ ਮਿੱਠੇ ਪਾਣੀ ਦੀ ਵਰਤੋਂ ਕਰਦੀ ਹੈ, ਸਭ ਤੋਂ ਵੱਡੇ ਖ਼ਤਰੇ ਵਿੱਚ ਹੈ। ਪਾਣੀ ਦੀ ਘਟਦੀ ਉਪਲਬਧਤਾ ਨਾਲ਼ ਫਸਲਾਂ ’ਤੇ ਅਸਰ ਪੈ ਰਿਹਾ ਹੈ ਅਤੇ ਅਨਾਜ ਸੁਰੱਖਿਆ ਨੂੰ ਵੀ ਖ਼ਤਰਾ ਹੈ। ਇਸ ਦੇ ਨਾਲ਼ ਹੀ, ਪਾਣੀ ਦੀ ਗੁਣਵੱਤਾ ਵੀ ਘਟ ਰਹੀ ਹੈ ਕਿਉਂਕਿ ਉਦਯੋਗ, ਖੇਤੀ ਅਤੇ ਗੰਦਲੇ ਪਾਣੀ ਦੇ ਕਾਰਨ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਅੱਜ ਦੀ ਲੋੜ ਹੈ ਕਿ ਪਾਣੀ ਦੀ ਸਹੀ ਮੈਨੇਜਮੈਂਟ ਕੀਤੀ ਜਾਵੇ। ਪਾਣੀ ਦੀ ਬੱਚਤ, ਦੁਬਾਰਾ ਵਰਤੋਂ ਅਤੇ ਕੁਦਰਤ ਨਾਲ਼ ਸੰਤੁਲਨ ਬਣਾਉਣ ਲਈ ਸਖ਼ਤ ਕਦਮ ਚੁੱਕਣੇ ਪੈਣਗੇ। ਜੇ ਅਸੀਂ ਹੁਣ ਵੀ ਨਾ ਜਾਗੇ, ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਪਾਣੀ ਉਪਲਬਧ ਕਰਵਾਉਣਾ ਬਹੁਤ ਮੁਸ਼ਕਲ ਹੋ ਜਾਵੇਗਾ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group


ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
"ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌ ਕਰੌ ਨਿਵਾਸ॥
ਖ਼ਾਲਸਾ ਮੇਰੋ ਮੁਖ ਹੈ ਅੰਗਾ॥ ਖ਼ਾਲਸੇ ਕੇ ਹੌਂ ਸਦ ਸਦ ਸੰਗਾ॥
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪੰਥ ਦੀ ਸਾਜਨਾ ਦਿਵਸ ਨੂੰ ਸਮਰਪਿਤ
ਵਿਸਾਖੀ ਦਿਹਾੜਾ
19 ਅਪ੍ਰੈਲ 2026 ਦਿਨ ਐਤਵਾਰ ਨੂੰ
ਗੁਰਦੁਆਰਾ ਸਿੱਖ ਸੁਸਾਇਟੀ ਔਫ ਵਿਸਕਾਨਸਿਨ, ਮੈਡੀਸਨ
6970 Century Ave, Middleton, WI 53562
ਮੁਫ਼ਤ ਅੱਖਾਂ ਦੀ ਜਾਂਚ ਕੈਂਪ
ਸ਼ਨੀਵਾਰ, 18 ਅਪ੍ਰੈਲ 2026
ਸਮਾਂ: ਦੁਪਹਿਰ 1:00 ਵਜੇ ਤੋਂ ਸ਼ਾਮ 5:00 ਵਜੇ ਤੱਕ
ਵਿਖੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹੁਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।
ਵਿਸ਼ੇਸ਼:-
ਕਵੀਸ਼ਰੀ ਜਥਾ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ
ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਨਗੇ।
ਸਮਾਂ: 11:30 ਤੋਂ 1:30
ਵੱਲੋਂ :- ਸਮੂਹ ਸਾਧ ਸੰਗਤ ਅਤੇ ਮੈਡੀਸਨ ਟਰੱਕਰਜ਼

# ਜੰਗਾਂ ਨੂੰ ਉਤਸਵ ਬਣਾਉਣਾ ਮਨੁੱਖਤਾ ਨਾਲ ਸਭ ਤੋਂ ਵੱਡੀ ਬੇਇਨਸਾਫ਼ੀ

ਕ੍ਰਿਸ਼ਨ ਪ੍ਰਤਾਪ ਸਿੰਘ
ਸੀਨੀਅਰ ਪੱਤਰਕਾਰ



ਅੱਜ ਜੰਗਾਂ ਸਿਰਫ਼ ਮੈਦਾਨਾਂ ਤੱਕ ਸੀਮਿਤ ਨਹੀਂ ਰਹੀਆਂ, ਸਗੋਂ ਉਹ ਮੀਡੀਆ ਦੇ ਪਰਦਿਆਂ 'ਤੇ ਇੱਕ 'ਦ੍ਰਿਸ਼-ਪ੍ਰਦਰਸ਼ਨ' ਵਾਂਗ ਪੇਸ਼ ਕੀਤੀਆਂ ਜਾ ਰਹੀਆਂ ਹਨ। ਟੈਲੀਵਿਜ਼ਨ ਚੈਨਲਾਂ ਅਤੇ ਡਿਜ਼ੀਟਲ ਮਾਧਿਅਮਾਂ 'ਤੇ ਜੰਗਾਂ ਦੀਆਂ ਖ਼ਬਰਾਂ ਵਿੱਚ ਜ਼ਿਆਦਾ ਧਿਆਨ ਇਸ ਗੱਲ 'ਤੇ ਦਿੱਤਾ ਜਾਂਦਾ ਹੈ ਕਿ 'ਦੁਸ਼ਮਣ' ਨੂੰ ਕਿੰਨਾ ਨੁਕਸਾਨ ਪਹੁੰਚਾਇਆ ਗਿਆ, ਕਿਹੜੇ ਢਾਂਚੇ ਤਬਾਹ ਹੋਏ ਅਤੇ ਕਿਹੜੀਆਂ ਸੈਨਿਕ ਕਾਰਵਾਈਆਂ ਕਿੰਨੀ ਕਾਮਯਾਬ ਰਹੀਆਂ। ਪਰ ਇਸ ਸਾਰੀ ਚਰਚਾ ਵਿੱਚ ਉਹ ਮਾਸੂਮ ਲੋਕ ਲਗਭਗ ਗਾਇਬ ਹਨ, ਜੋ ਇਸ ਜੰਗ ਦੇ ਅਸਲ ਸ਼ਿਕਾਰ ਹੁੰਦੇ ਹਨ।

ਅਸਲ ਵਿਚ, ਮੀਡੀਆ ਵੱਲੋਂ ਜੰਗਾਂ ਨੂੰ ਦਿਖਾਉਣ ਦਾ ਅੰਦਾਜ਼ ਹੌਲੀ-ਹੌਲੀ ਬਦਲਦਾ ਗਿਆ ਹੈ। ਪਹਿਲਾਂ ਜੰਗਾਂ ਦੀਆਂ ਤਸਵੀਰਾਂ ਅਤੇ ਰਿਪੋਰਟਾਂ ਵਿੱਚ ਵੀਰਤਾ, ਕੁਰਬਾਨੀ ਅਤੇ ਦੇਸ਼-ਭਗਤੀ ਨੂੰ ਉਭਾਰਿਆ ਜਾਂਦਾ ਸੀ। ਕ੍ਰਾਈਮੀਆ ਜੰਗ ਤੋਂ ਲੈ ਕੇ ਵਿਸ਼ਵ ਯੁੱਧਾਂ ਤੱਕ, ਕਈ ਵਾਰ ਮੀਡੀਆ ਨੇ ਜੰਗ ਦੀ ਭਿਆਨਕਤਾ ਨੂੰ ਲੁਕਾ ਕੇ ਉਸ ਨੂੰ ਇੱਕ 'ਵੀਰ ਗਾਥਾ' ਵਾਂਗ ਪੇਸ਼ ਕੀਤਾ। ਇਹ ਰਵਾਇਤ ਅੱਜ ਵੀ ਜਾਰੀ ਹੈ, ਪਰ ਹੁਣ ਇਸ ਵਿੱਚ ਤਕਨਾਲੋਜੀ ਦਾ ਰੰਗ ਹੋਰ ਵੀ ਗੂੜ੍ਹਾ ਹੋ ਗਿਆ ਹੈ।

ਆਧੁਨਿਕ ਦੌਰ ਵਿੱਚ ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਨੇ ਜੰਗਾਂ ਨੂੰ ਇੱਕ ਤਰ੍ਹਾਂ ਦੇ 'ਲਾਈਵ ਸ਼ੋਅ' ਵਿੱਚ ਬਦਲ ਦਿੱਤਾ ਹੈ। ਬੰਬਾਂ ਦੇ ਧਮਾਕੇ, ਮਿਜ਼ਾਈਲਾਂ ਦੇ ਹਮਲੇ ਅਤੇ ਸੈਨਿਕ ਕਾਰਵਾਈਆਂ ਨੂੰ ਨਾਟਕੀ ਸੰਗੀਤ ਅਤੇ ਆਕਰਸ਼ਕ ਗ੍ਰਾਫਿਕਸ ਨਾਲ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਹ ਡਰਾਉਣੇ ਦ੍ਰਿਸ਼ਾਂ ਦੀ ਬਜਾਏ ਰੋਮਾਂਚਕ ਦ੍ਰਿਸ਼ ਲੱਗਣ ਲੱਗਦੇ ਹਨ। ਦਰਸ਼ਕਾਂ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਜਿਹੜਾ ਦ੍ਰਿਸ਼ ਉਹ ਦੇਖ ਰਹੇ ਹਨ, ਉਹ ਅਸਲ ਵਿੱਚ ਕਿਸੇ ਦੇ ਘਰ ਦਾ ਤਬਾਹ ਹੋਣਾ, ਕਿਸੇ ਪਰਿਵਾਰ ਦਾ ਉਜੜਨਾ ਜਾਂ ਕਿਸੇ ਬੱਚੇ ਦੀ ਜ਼ਿੰਦਗੀ ਦਾ ਖ਼ਤਮ ਹੋਣਾ ਹੈ।

ਖਾੜੀ ਜੰਗ ਦੌਰਾਨ ਪਹਿਲੀ ਵਾਰ ਇਹ ਰੁਝਾਨ ਵੱਡੇ ਪੱਧਰ 'ਤੇ ਸਾਹਮਣੇ ਆਇਆ, ਜਦੋਂ ਟੈਲੀਵਿਜ਼ਨ ਚੈਨਲਾਂ ਨੇ ਜੰਗ ਦੇ ਲਾਈਵ ਦ੍ਰਿਸ਼ ਦਿਖਾਉਣੇ ਸ਼ੁਰੂ ਕੀਤੇ। ਬਗਦਾਦ 'ਤੇ ਹੋ ਰਹੀ ਬੰਬਬਾਰੀ ਨੂੰ ਇਵੇਂ ਦਿਖਾਇਆ ਗਿਆ ਜਿਵੇਂ ਕੋਈ ਆਤਿਸ਼ਬਾਜ਼ੀ ਹੋ ਰਹੀ ਹੋਵੇ। ਇਹੀ ਰੁਝਾਨ ਅਗਲੀਆਂ ਜੰਗਾਂ ਵਿੱਚ ਹੋਰ ਮਜਬੂਤ ਹੋਇਆ, ਜਿਵੇਂ ਇਰਾਕ ਜੰਗ ਜਾਂ ਹੋਰ ਅੰਤਰਰਾਸ਼ਟਰੀ ਟਕਰਾਵਾਂ ਦੌਰਾਨ। ਇਸ ਤਰ੍ਹਾਂ ਜੰਗ ਦੀ ਅਸਲ ਸੱਚਾਈ ਪਿੱਛੇ ਰਹਿ ਗਈ ਅਤੇ ਉਸ ਦੀ ਥਾਂ ਇੱਕ ਬਣਾਵਟੀ 'ਰੋਮਾਂਚ' ਨੇ ਲੈ ਲਈ।

ਪਰ ਜੰਗ ਦੀ ਅਸਲ ਤਸਵੀਰ ਇਸ ਤੋਂ ਬਿਲਕੁਲ ਵੱਖਰੀ ਹੈ। ਜੰਗ ਸਿਰਫ਼ ਫ਼ੌਜਾਂ ਦੀ ਲੜਾਈ ਨਹੀਂ ਹੁੰਦੀ, ਇਹ ਆਮ ਲੋਕਾਂ ਦੀ ਜ਼ਿੰਦਗੀ ਨੂੰ ਚਕਨਾਚੂਰ ਕਰ ਦਿੰਦੀ ਹੈ। ਸਭ ਤੋਂ ਵੱਡਾ ਨੁਕਸਾਨ ਉਨ੍ਹਾਂ ਲੋਕਾਂ ਨੂੰ ਹੁੰਦਾ ਹੈ, ਜਿਨ੍ਹਾਂ ਦਾ ਇਸ ਟਕਰਾਅ ਨਾਲ ਕੋਈ ਸਿੱਧਾ ਲੈਣਾ-ਦੇਣਾ ਨਹੀਂ ਹੁੰਦਾ। ਘਰ ਉੱਜੜ ਜਾਂਦੇ ਹਨ, ਪਰਿਵਾਰ ਟੁੱਟ ਜਾਂਦੇ ਹਨ ਅਤੇ ਲੋਕਾਂ ਨੂੰ ਆਪਣੇ ਹੀ ਦੇਸ਼ ਵਿੱਚ ਸ਼ਰਨਾਰਥੀ ਬਣਨਾ ਪੈਂਦਾ ਹੈ।

ਖ਼ਾਸ ਕਰਕੇ ਬੱਚਿਆਂ ਅਤੇ ਔਰਤਾਂ ਦੀ ਸਥਿਤੀ ਬਹੁਤ ਹੀ ਦੁਖਦਾਈ ਹੁੰਦੀ ਹੈ। ਬੱਚਿਆਂ ਦੀ ਪੜ੍ਹਾਈ ਰੁਕ ਜਾਂਦੀ ਹੈ, ਉਹ ਡਰ ਅਤੇ ਅਸੁਰੱਖਿਆ ਦੇ ਮਾਹੌਲ ਵਿੱਚ ਵੱਡੇ ਹੁੰਦੇ ਹਨ ਅਤੇ ਕਈ ਵਾਰ ਉਨ੍ਹਾਂ ਨੂੰ ਹਥਿਆਰਬੰਦ ਗਰੁੱਪਾਂ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਜਾਂਦਾ ਹੈ। ਔਰਤਾਂ ਨੂੰ ਹਿੰਸਾ, ਸ਼ੋਸ਼ਣ ਅਤੇ ਬੇਇੱਜ਼ਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਭੁੱਖ, ਪਾਣੀ ਦੀ ਕਮੀ ਅਤੇ ਦਵਾਈਆਂ ਦੀ ਘਾਟ ਕਾਰਨ ਬਿਮਾਰੀਆਂ ਫੈਲਦੀਆਂ ਹਨ ਅਤੇ ਹਜ਼ਾਰਾਂ ਲੋਕ ਬਿਨਾਂ ਇਲਾਜ ਦੇ ਮਰ ਜਾਂਦੇ ਹਨ।

ਜੰਗਾਂ ਦਾ ਇੱਕ ਹੋਰ ਭਿਆਨਕ ਪੱਖ ਇਹ ਹੈ ਕਿ ਇਹ ਪੂਰੀ ਪੀੜ੍ਹੀਆਂ ਨੂੰ ਤਬਾਹ ਕਰ ਦਿੰਦੀਆਂ ਹਨ। ਜਿਹੜੇ ਬੱਚੇ ਜੰਗ ਦੇ ਦੌਰ ਵਿੱਚ ਵੱਡੇ ਹੁੰਦੇ ਹਨ, ਉਹ ਆਪਣਾ ਬਚਪਨ, ਸਿੱਖਿਆ ਅਤੇ ਸੁਰੱਖਿਆ ਗੁਆ ਬੈਠਦੇ ਹਨ। ਉਨ੍ਹਾਂ ਦੀ ਜ਼ਿੰਦਗੀ ਵਿੱਚ ਡਰ ਅਤੇ ਅਸਥਿਰਤਾ ਐਨੀ ਗਹਿਰੀ ਹੋ ਜਾਂਦੀ ਹੈ ਕਿ ਉਹ ਇਸ ਤੋਂ ਕਦੇ ਵੀ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਸਕਦੇ। ਇਸ ਤਰ੍ਹਾਂ ਜੰਗ ਸਿਰਫ਼ ਵਰਤਮਾਨ ਨੂੰ ਹੀ ਨਹੀਂ, ਸਗੋਂ ਭਵਿੱਖ ਨੂੰ ਵੀ ਬਰਬਾਦ ਕਰ ਦਿੰਦੀ ਹੈ।

ਇਸ ਦੇ ਬਾਵਜੂਦ, ਮੀਡੀਆ ਵਿੱਚ ਜੰਗਾਂ ਨੂੰ ਅਕਸਰ 'ਕਾਮਯਾਬੀ' ਅਤੇ 'ਤਾਕਤ' ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਆਰਥਿਕ ਢਾਂਚਿਆਂ ਦੇ ਨੁਕਸਾਨ ਨੂੰ ਵੱਡੀ ਖ਼ਬਰ ਬਣਾਇਆ ਜਾਂਦਾ ਹੈ, ਪਰ ਮਨੁੱਖੀ ਜਾਨਾਂ ਦੇ ਨੁਕਸਾਨ ਨੂੰ ਘੱਟ ਅਹਿਮੀਅਤ ਦਿੱਤੀ ਜਾਂਦੀ ਹੈ। ਇਹ ਰੁਝਾਨ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਅੱਜ ਦੀ ਦੁਨੀਆ ਵਿੱਚ ਮਨੁੱਖੀ ਜ਼ਿੰਦਗੀ ਦੀ ਕਦਰ ਘਟਦੀ ਜਾ ਰਹੀ ਹੈ ਅਤੇ ਆਰਥਿਕ ਤੇ ਰਾਜਨੀਤਿਕ ਲਾਭ ਵੱਧ ਮਹੱਤਵਪੂਰਨ ਬਣ ਗਏ ਹਨ।

ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਚੱਲ ਰਹੀਆਂ ਜੰਗਾਂ- ਚਾਹੇ ਉਹ ਪੱਛਮੀ ਏਸ਼ੀਆ, ਯੂਰਪ ਵਿੱਚ ਜਾਂ ਕਿਸੇ ਹੋਰ ਖੇਤਰ ਵਿੱਚ ਹੋਣ, ਸਭ ਵਿੱਚ ਇੱਕ ਗੱਲ ਸਾਂਝੀ ਹੈ: ਆਮ ਲੋਕਾਂ ਦੀ ਪੀੜਾ। ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਦਰਸ਼ਕਾਂ ਲਈ ਇਹ ਸਿਰਫ਼ ਖ਼ਬਰਾਂ ਹੁੰਦੀਆਂ ਹਨ, ਪਰ ਜਿਹੜੇ ਲੋਕ ਇਸ ਨੂੰ ਜੀਅ ਰਹੇ ਹੁੰਦੇ ਹਨ, ਉਨ੍ਹਾਂ ਲਈ ਇਹ ਹਰ ਰੋਜ਼ ਦੀ ਲੜਾਈ ਹੁੰਦੀ ਹੈ-ਜ਼ਿੰਦਾ ਰਹਿਣ ਦੀ ਲੜਾਈ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਜੰਗਾਂ ਨੂੰ ਰੋਕਣ ਦੀ ਗੱਲ ਕਰਨ ਵਾਲੇ ਹੀ ਕਈ ਵਾਰ ਉਨ੍ਹਾਂ ਨੂੰ ਵਧਾਉਣ ਵਿੱਚ ਭੂਮਿਕਾ ਨਿਭਾਉਂਦੇ ਹਨ। ਤਾਕਤ ਦੀ ਰਾਜਨੀਤੀ ਵਿੱਚ ਫਸੇ ਦੇਸ਼ ਆਪਣੇ ਹਿੱਤਾਂ ਨੂੰ ਪਹਿਲ ਦਿੰਦੇ ਹਨ ਅਤੇ ਮਨੁੱਖਤਾ ਪਿੱਛੇ ਰਹਿ ਜਾਂਦੀ ਹੈ। ਇਸ ਕਾਰਨ ਜੰਗਾਂ ਖ਼ਤਮ ਹੋਣ ਦੀ ਥਾਂ ਲੰਬੀਆਂ ਖਿੱਚਦੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਨੁਕਸਾਨ ਹੋਰ ਵਧਦਾ ਜਾਂਦਾ ਹੈ।

ਇਸ ਸਾਰੇ ਪ੍ਰਸੰਗ ਵਿੱਚ ਸਭ ਤੋਂ ਵੱਡੀ ਲੋੜ ਇਹ ਹੈ ਕਿ ਅਸੀਂ ਜੰਗਾਂ ਨੂੰ ਦੇਖਣ ਦਾ ਆਪਣਾ ਨਜ਼ਰੀਆ ਬਦਲੀਏ। ਸਾਨੂੰ ਇਹ ਸਮਝਣਾ ਪਵੇਗਾ ਕਿ ਜੰਗ ਕੋਈ ਮਨੋਰੰਜਨ ਨਹੀਂ ਹੈ, ਨਾ ਹੀ ਇਹ ਕਿਸੇ ਜਿੱਤ ਦਾ ਜਸ਼ਨ ਮਨਾਉਣ ਵਾਲੀ ਘਟਨਾ ਹੈ। ਇਹ ਸਿਰਫ਼ ਤਬਾਹੀ, ਦੁੱਖ ਅਤੇ ਮਨੁੱਖੀ ਹਾਨੀ ਦਾ ਦੂਜਾ ਨਾਮ ਹੈ।

ਮੀਡੀਆ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਜੰਗਾਂ ਦੀ ਸਹੀ ਤਸਵੀਰ ਲੋਕਾਂ ਸਾਹਮਣੇ ਲਿਆਏ। ਸਿਰਫ਼ ਹਥਿਆਰਾਂ ਦੀ ਤਾਕਤ ਜਾਂ ਸੈਨਿਕ ਕਾਮਯਾਬੀਆਂ ਨੂੰ ਦਿਖਾਉਣ ਦੀ ਬਜਾਏ, ਉਸ ਨੂੰ ਉਨ੍ਹਾਂ ਲੋਕਾਂ ਦੀਆਂ ਕਹਾਣੀਆਂ ਵੀ ਦਿਖਾਉਣੀਆਂ ਚਾਹੀਦੀਆਂ ਹਨ ਜੋ ਇਸ ਦਾ ਅਸਲ ਭਾਰ ਝੱਲ ਰਹੇ ਹਨ। ਜਦੋਂ ਤੱਕ ਅਸੀਂ ਇਹ ਨਹੀਂ ਕਰਦੇ, ਤਦ ਤੱਕ ਜੰਗਾਂ ਇੱਕ 'ਦ੍ਰਿਸ਼' ਬਣ ਕੇ ਰਹਿਣਗੀਆਂ ਅਤੇ ਮਨੁੱਖੀ ਪੀੜਾ ਪਿੱਛੇ ਦੱਬੀ ਰਹੇਗੀ।

ਇਹ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਜੰਗ ਕਦੇ ਵੀ ਹੱਲ ਨਹੀਂ ਹੁੰਦੀ। ਇਹ ਸਿਰਫ਼ ਨਵੀਆਂ ਸਮੱਸਿਆਵਾਂ ਪੈਦਾ ਕਰਦੀ ਹੈ ਅਤੇ ਮਨੁੱਖਤਾ ਨੂੰ ਪਿੱਛੇ ਧੱਕਦੀ ਹੈ। ਜੇ ਅਸੀਂ ਇੱਕ ਬਿਹਤਰ ਦੁਨੀਆ ਦੀ ਕਲਪਨਾ ਕਰਦੇ ਹਾਂ, ਤਾਂ ਸਾਨੂੰ ਜੰਗਾਂ ਨੂੰ ਮਹਿਮਾ ਦੇਣ ਦੀ ਥਾਂ ਉਨ੍ਹਾਂ ਦੇ ਵਿਰੁੱਧ ਖੜ੍ਹਾ ਹੋਣਾ ਪਵੇਗਾ। ਜੰਗਾਂ ਨੂੰ ਉਤਸਵ ਬਣਾਉਣਾ ਮਨੁੱਖਤਾ ਨਾਲ ਸਭ ਤੋਂ ਵੱਡੀ ਬੇਇਨਸਾਫ਼ੀ ਹੈ।









ਨਿਤਾਣਿਆਂ ਦੇ ਤਾਣ ਅਤੇ ਨਿਮਾਣਿਆਂ ਦੇ ਮਾਣ ਵਾਲੀ

# ਵਿਸਾਖੀ 1699

ਸਮੂਹ ਸਿੱਖ ਭਾਈਚਾਰੇ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

## ਖਾਲਸਾ ਪੰਥ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੇ ਤਿਓਹਾਰ ਦੀ

# ਲੱਖ ਲੱਖ ਵਧਾਈ



ਗੁਰੂ ਸਾਹਿਬ ਦੀ ਅਪਾਰ ਕਿਰਪਾ ਸਦਕਾ ਸਿੱਖ ਸੈਂਟਰ ਆਫ ਵਿਸਕਾਨਸਿਨ ਦੀ ਇਮਾਰਤ ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ। ਮਿਡਵੈਸਟ (ਇੰਡੀਆਨਾ, ਮਿਲਵਾਕੀ, ਮਿਸ਼ੀਗਨ, ਸ਼ਿਕਾਗੋ) ਦੀ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਹ ਜਿੰਨਾ ਵੀ ਹੋ ਸਕੇ, ਆਪਣਾ ਬਣਦਾ ਯੋਗਦਾਨ ਪਾਉਣ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਗੁਰੂ ਸਾਹਿਬ ਨੇ ਸਾਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਹੋਇਆ ਹੈ, ਜਿਸ 'ਤੇ ਸਾਨੂੰ ਸਭ ਨੂੰ ਅਮਲ ਕਰ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ।

**ਵੱਲੋਂ: ਸਿੱਖ ਸੈਂਟਰ ਆਫ ਵਿਸਕਾਨਸਿਨ ਦੇ ਸਮੂਹ ਸੇਵਾਦਾਰ ਅਤੇ ਗੁਰੂ ਲਾਧੋ ਰੇ ਸੇਵਾ ਸੁਸਾਇਟੀ**

# Sikh Center of Wisconsin

**180 W. Grange Ave Milwaukee, WI 53207 Contact: 414-232-4803**

PAO
Punjabi American Organization

# ਵਿਸਾਖੀ ਮੁਬਾਰਕ

# Happy Vaisakhi

## ਸਮੂਹ ਭਾਈਚਾਰੇ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

## ਧਾਰਮਿਕ ਅਤੇ ਸੱਭਿਆਚਾਰਕ ਭਾਵਨਾਵਾਂ ਦੇ ਸੁਮੇਲ

## ਵਿਸਾਖੀ ਦਿਹਾੜੇ ਦੀ ਲੱਖ ਲੱਖ ਵਧਾਈ

## Teeyan Da Mela-2026

**August 2nd, 2026**

**Sunday** - *12:00PM to 4:00PM*

**Ashyana Banquet Hall**

1620 75th Street, Downers Grove, IL 60516

**Ladies Only**

*ਸਾਨੂੰ ਆਪਣੇ ਸਪਾਂਸਰਾਂ ਉਤੇ ਮਾਣ ਹੈ, ਜੋ ਹਰ ਸਾਲ 'ਤੀਆਂ ਦੇ ਮੇਲੇ' ਨੂੰ ਸਫਲ ਬਣਾਉਣ ਲਈ ਭਰਵਾਂ ਸਹਿਯੋਗ ਦਿੰਦੇ ਹਨ ਅਤੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰ ਕੇ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਉਂਦੇ ਹਨ*

### Teeyan Committee

Sukhi K. Singh
*(Chair Person)*
Jasmeet K. Suga
*(President)*
Minni Multani
Naiha Walia
Rajinder K. Mago
Naina Singh
Sheetal Kalra
Rosie Rehal
Shaloo Chhabra
Prabh Khaira
Kamal Hunjan
Gurpreet Singh
Pammi Sangha
Jeewan Dhami
Joti Khaira
Pinki Walia




| Managing Directors: | | | | |
|---|---|---|---|---|
| | Gulzar Singh Multani | Sukhwinder S. Hunjan | Jasbir Suga | Savi Singh Attal |
| | Paul Dandona | Jagmeet (Jesse) Singh | Dr. Harjinder S. Khaira | Devinder Singh |

## ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਸ਼ਿਕਾਗੋ)

# ਅਲਟਰਾ-ਪ੍ਰੋਸੈਸਡ ਫੂਡ ਘਟਾ ਸਕਦਾ ਮਾਂ-ਪਿਉ ਬਣਨ ਦੀ ਸੰਭਾਵਨਾ

## ਸਿਹਤ-ਸੰਭਾਲ

**ਲਲਿਤ ਮੌਰੀਆ**

ਨਵੀਂ ਸਟੱਡੀ ਵਿੱਚ ਸਾਹਮਣੇ ਆਇਆ ਹੈ ਕਿ ਅਲਟਰਾ-ਪ੍ਰੋਸੈਸਡ ਫੂਡ ਦਾ ਵੱਧ ਸੇਵਨ ਸਿਰਫ਼ ਮੋਟਾਪੇ ਜਾਂ ਲਾਈਫਸਟਾਈਲ ਬਿਮਾਰੀਆਂ ਤੱਕ ਹੀ ਸੀਮਿਤ ਨਹੀਂ ਰਹਿੰਦਾ, ਸਗੋਂ ਇਹ ਮਰਦਾਂ ਤੇ ਔਰਤਾਂ ਦੀ ਪ੍ਰਜਨਨ ਸਮਰੱਥਾ, ਗਰਭ ਧਾਰਨ ਵਿੱਚ ਲੱਗਣ ਵਾਲੇ ਸਮੇਂ ਅਤੇ ਗਰਭ ਵਿੱਚ ਪਲ ਰਹੇ ਭਰੂਣ ਦੇ ਸ਼ੁਰੂਆਤੀ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਖੋਜਕਾਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਪ੍ਰੋਸੈਸਡ ਫੂਡ ਦਾ ਵਧਦਾ ਰੁਝਾਨ ਜਾਰੀ ਰਿਹਾ, ਤਾਂ ਇਸਦਾ ਅਸਰ ਆਉਣ ਵਾਲੀਆਂ ਪੀੜੀਆਂ ਦੀ ਸਿਹਤ 'ਤੇ ਵੀ ਪੈ ਸਕਦਾ ਹੈ।

ਅੱਜ ਦੀ ਦੌੜ-ਭੱਜ ਭਰੀ ਜ਼ਿੰਦਗੀ ਵਿੱਚ ਜੰਕ ਅਤੇ ਪੈਕਟਬੰਦ ਰੈਡੀ-ਟੂ-ਈਟ ਖਾਣਾ ਸਾਡੀ ਥਾਲੀ ਦਾ ਹਿੱਸਾ ਬਣ ਗਿਆ ਹੈ, ਪਰ ਇੱਕ ਨਵੀਂ ਸਟੱਡੀ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਖਾਣ-ਪੀਣ ਸਿਰਫ਼ ਮੋਟਾਪਾ ਹੀ ਨਹੀਂ ਵਧਾ ਰਿਹਾ, ਸਗੋਂ ਮਾਂ-ਪਿਉ ਬਣਨ ਦੀ ਸੰਭਾਵਨਾ ਅਤੇ ਗਰਭ ਵਿੱਚ ਪਲ ਰਹੇ ਬੱਚੇ ਦੇ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

ਰਿਸਰਚ ਵਿੱਚ ਖ਼ੁਲਾਸਾ ਹੋਇਆ ਹੈ ਕਿ ਅਲਟਰਾ-ਪ੍ਰੋਸੈਸਡ ਫੂਡ ਨਾ ਸਿਰਫ਼ ਮਰਦਾਂ ਅਤੇ ਔਰਤਾਂ ਦੀ ਪ੍ਰਜਨਨ ਸਮਰੱਥਾ ਨੂੰ ਪ੍ਰਭਾਵਿਤ ਕਰਦੇ ਹਨ, ਸਗੋਂ ਗਰਭ ਅਵਸਥਾ ਦੇ ਸ਼ੁਰੂਆਤੀ ਦੌਰ ਵਿੱਚ ਭਰੂਣ ਦੇ ਵਿਕਾਸ ਨੂੰ ਵੀ ਹੌਲੀ ਕਰ ਸਕਦੇ ਹਨ। ਇਸ ਅਧਿਐਨ ਦੇ ਨਤੀਜੇ ਪ੍ਰਸਿੱਧ ਜਰਨਲ 'ਹਿਊਮਨ ਰਿਪਰੋਡਕਸ਼ਨ' ਵਿੱਚ ਪ੍ਰਕਾਸ਼ਿਤ ਹੋਏ ਹਨ। ਖਾਸ ਗੱਲ ਇਹ ਹੈ ਕਿ ਇਹ ਪਹਿਲਾ ਅਧਿਐਨ ਹੈ, ਜਿਸ ਵਿੱਚ ਮਾਂ ਅਤੇ ਪਿਤਾ- ਦੋਹਾਂ ਦੇ ਖਾਣ-ਪੀਣ ਦਾ ਗਰਭ ਧਾਰਨ ਅਤੇ ਭਰੂਣ ਦੇ ਸ਼ੁਰੂਆਤੀ ਵਿਕਾਸ 'ਤੇ ਪੈਣ ਵਾਲੇ ਸਾਂਝੇ ਪ੍ਰਭਾਵ ਨੂੰ ਦੇਖਿਆ ਗਿਆ ਹੈ।

ਦਰਅਸਲ ਅਲਟਰਾ-ਪ੍ਰੋਸੈਸਡ ਫੂਡ ਉਹ ਖ਼ੁਰਾਕੀ ਪਦਾਰਥ ਹਨ, ਜੋ ਕਈ ਪੜਾਵਾਂ ਵਾਲੀ ਉਦਯੋਗਿਕ ਪ੍ਰਕਿਰਿਆ ਨਾਲ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਵਿੱਚ ਆਮ ਤੌਰ 'ਤੇ ਨਮਕ, ਚੀਨੀ, ਬਨਾਵਟੀ ਮਿੱਠਾਸ, ਸੁਆਦ ਵਧਾਉਣ ਵਾਲੇ ਤੱਤ, ਪ੍ਰਿਜ਼ਰਵੇਟਿਵ, ਕੈਮੀਕਲ ਐਡਿਟਿਵ ਅਤੇ ਨੁਕਸਾਨਦਾਇਕ ਚਰਬੀਆਂ (ਸੈਚੁਰੇਟਡ ਅਤੇ ਟ੍ਰਾਂਸ ਫੈਟ) ਵੱਧ ਮਾਤਰਾ ਵਿੱਚ ਹੁੰਦੀਆਂ ਹਨ।

ਅਜਿਹੇ ਖਾਣ ਪਦਾਰਥ ਸਾਨੂੰ ਊਰਜਾ ਤਾਂ ਦਿੰਦੇ ਹਨ, ਪਰ ਇਨ੍ਹਾਂ ਵਿੱਚ ਕੁਦਰਤੀ ਅਤੇ ਲਾਜ਼ਮੀ ਪੋਸ਼ਕ ਤੱਤ ਬਹੁਤ ਘੱਟ ਹੁੰਦੇ ਹਨ। ਅਰਥਾਤ ਇਹ ਪੇਟ ਤਾਂ ਭਰ ਦਿੰਦੇ ਹਨ, ਪਰ ਸਰੀਰ ਨੂੰ ਲੋੜੀਂਦਾ ਪੋਸ਼ਣ ਨਹੀਂ ਦੇ ਸਕਦੇ। ਪੈਕਟਬੰਦ ਸਨੈਕਸ, ਇੰਸਟੈਂਟ ਨੂਡਲਜ਼, ਸੋਫਟ ਡ੍ਰਿੰਕ, ਪ੍ਰੋਸੈਸਡ ਮੀਟ, ਰੈਡੀ-ਟੂ-ਈਟ ਅਤੇ ਫ਼ਰੋਜ਼ਨ-ਫੂਡ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ।

ਮਾਹਿਰਾਂ ਅਨੁਸਾਰ ਲਗਭਗ 14 ਫ਼ੀਸਦੀ ਬਾਲਗ ਅਤੇ 12 ਫ਼ੀਸਦੀ ਬੱਚੇ ਅਲਟਰਾ-ਪ੍ਰੋਸੈਸਡ ਫੂਡ ਦੀ ਆਦਤ ਦਾ ਸ਼ਿਕਾਰ ਹੋ ਚੁੱਕੇ ਹਨ। ਲੋਕਾਂ ਵਿੱਚ ਇਨ੍ਹਾਂ ਨੁਕਸਾਨਦਾਇਕ ਖਾਣ ਪਦਾਰਥਾਂ ਲਈ ਲਗਾਅ ਸ਼ਰਾਬ ਅਤੇ ਤਮਾਕੂ ਵਰਗਾ ਹੀ ਵੱਧ ਰਿਹਾ ਹੈ।

ਇਸ ਸਟੱਡੀ ਵਿੱਚ 831 ਔਰਤਾਂ ਅਤੇ 651 ਮਰਦਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਸ ਨੇ ਹੈਰਾਨ ਕਰਨ ਵਾਲੀ ਤਸਵੀਰ ਪੇਸ਼ ਕੀਤੀ। ਅਧਿਐਨ ਵਿੱਚ ਖੋਜਕਾਰਾਂ ਨੇ ਗਰਭ ਅਵਸਥਾ ਦੇ ਸ਼ੁਰੂਆਤੀ ਦੌਰ, ਲਗਭਗ 12 ਹਫ਼ਤਿਆਂ 'ਤੇ, ਮਾਪਿਆਂ ਦੇ ਖਾਣ-ਪੀਣ ਦੀ ਜਾਣਕਾਰੀ ਇੱਕ ਪ੍ਰਸ਼ਨਾਵਲੀ ਰਾਹੀਂ ਇਕੱਠੀ ਕੀਤੀ। ਇਸ ਵਿੱਚ ਖਾਣ ਪਦਾਰਥਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ- ਪਹਿਲਾ ਅਲਟਰਾ-ਪ੍ਰੋਸੈਸਡ ਫੂਡ ਅਤੇ ਦੂਜਾ ਆਮ ਭੋਜਨ। ਫਿਰ ਰੋਜ਼ਾਨਾ ਦੇ ਕੁੱਲ ਭੋਜਨ ਵਿੱਚ ਅਲਟਰਾ-ਪ੍ਰੋਸੈਸਡ ਫੂਡ ਦੀ ਪ੍ਰਤੀਸ਼ਤ ਹਿੱਸੇਦਾਰੀ ਕੱਢੀ ਗਈ। ਉਸ ਵੇਲੇ ਸਾਰੀਆਂ ਔਰਤਾਂ ਗਰਭਵਤੀ ਸਨ। ਅਧਿਐਨ ਵਿੱਚ ਪਤਾ ਲੱਗਾ ਕਿ ਔਰਤਾਂ ਦੇ ਕੁੱਲ ਭੋਜਨ ਦਾ ਔਸਤ 22 ਫ਼ੀਸਦੀ ਅਤੇ ਮਰਦਾਂ ਦੇ ਭੋਜਨ ਦਾ 25 ਫ਼ੀਸਦੀ ਹਿੱਸਾ ਅਲਟਰਾ-ਪ੍ਰੋਸੈਸਡ ਫੂਡ ਸੀ।

ਪ੍ਰਸ਼ਨਾਵਲੀ ਰਾਹੀਂ ਇਹ ਵੀ ਜਾਣਕਾਰੀ ਲਈ ਗਈ ਕਿ ਗਰਭ ਧਾਰਨ ਵਿੱਚ ਕਿੰਨਾ ਸਮਾਂ ਲੱਗਾ, ਇੱਕ ਮਹੀਨੇ ਵਿੱਚ ਗਰਭ ਠਹਿਰਨ ਦੀ ਸੰਭਾਵਨਾ ਕੀ ਸੀ ਅਤੇ ਕਿਹੜੇ ਮਾਮਲਿਆਂ ਵਿੱਚ ਇੱਕ ਸਾਲ ਤੋਂ ਵੱਧ ਸਮਾਂ ਜਾਂ ਮੈਡੀਕਲ ਮਦਦ ਦੀ ਲੋੜ ਪਈ। ਅਜਿਹੇ ਮਾਮਲਿਆਂ ਨੂੰ ਘੱਟ ਪ੍ਰਜਨਨ ਸਮਰੱਥਾ ਵਾਲੀ ਸ਼੍ਰੇਣੀ ਵਿੱਚ ਰੱਖਿਆ ਗਿਆ। ਨਤੀਜੇ ਦੱਸਦੇ ਹਨ ਕਿ ਵੱਧ ਅਲਟਰਾ-ਪ੍ਰੋਸੈਸਡ ਫੂਡ ਖਾਣ ਨਾਲ ਮਰਦਾਂ ਨੂੰ ਪਿਤਾ ਬਣਨ ਲਈ ਲੰਮਾ ਇੰਤਜ਼ਾਰ ਕਰਨਾ ਪਿਆ ਅਤੇ ਉਨ੍ਹਾਂ ਵਿੱਚ ਪ੍ਰਜਨਨ ਸਮਰੱਥਾ ਘਟਣ ਦਾ ਖ਼ਤਰਾ ਵੀ ਵੱਧ ਗਿਆ।

ਦੂਜੇ ਪਾਸੇ, ਜਿਨ੍ਹਾਂ ਔਰਤਾਂ ਦੀ ਡਾਇਟ ਵਿੱਚ ਇਹ ਖਾਣ ਪਦਾਰਥ ਵੱਧ ਸਨ, ਉਨ੍ਹਾਂ ਦੇ ਗਰਭ ਵਿੱਚ ਪਲ ਰਹੇ ਬੱਚੇ ਦੀ ਵਿਕਾਸ ਦਰ ਹੌਲੀ ਪਾਈ ਗਈ। ਭਰੂਣ ਦਾ ਸ਼ੁਰੂਆਤੀ ਵਿਕਾਸ ਕੁਝ ਰੁਕਿਆ ਹੋਇਆ ਦਿੱਸਿਆ ਅਤੇ ਉਸਨੂੰ ਪੋਸ਼ਣ ਦੇਣ ਵਾਲੀ ਬਣਤਰ 'ਯੋਲਕ ਸੈਕ' ਦਾ ਆਕਾਰ ਵੀ ਛੋਟਾ ਮਿਲਿਆ। ਭਾਵੇਂ ਇਹ ਫ਼ਰਕ ਛੋਟੇ ਲੱਗਣ, ਪਰ ਵਿਗਿਆਨੀ ਚੇਤਾਵਨੀ ਦੇ ਰਹੇ ਹਨ ਕਿ ਜੇ ਇਹ ਰੁਝਾਨ ਵੱਡੇ ਪੱਧਰ 'ਤੇ ਜਾਰੀ ਰਿਹਾ ਤਾਂ ਆਉਣ ਵਾਲੀਆਂ ਪੀੜੀਆਂ ਦੀ ਸਿਹਤ 'ਤੇ ਡੂੰਘਾ ਅਸਰ ਪੈ ਸਕਦਾ ਹੈ।

ਕੁਝ ਅਮੀਰ ਦੇਸ਼ਾਂ ਵਿੱਚ ਅੱਜ ਹਾਲਤ ਇਹ ਹੈ ਕਿ ਲੋਕਾਂ ਦੇ ਕੁੱਲ ਖਾਣ ਦਾ 50 ਤੋਂ 60 ਫ਼ੀਸਦੀ ਹਿੱਸਾ ਅਲਟਰਾ-ਪ੍ਰੋਸੈਸਡ ਫੂਡ ਬਣ ਚੁੱਕਾ ਹੈ। ਅਧਿਐਨ ਨਾਲ ਜੁੜੀ ਮੁੱਖ ਖੋਜਕਾਰ ਸੇਲੀਨ ਲਿਨ ਨੇ ਕਿਹਾ ਕਿ ਔਰਤਾਂ ਵਿੱਚ ਅਲਟਰਾ-ਪ੍ਰੋਸੈਸਡ ਫੂਡ ਦਾ ਸੇਵਨ ਹਰ ਮਾਮਲੇ ਵਿੱਚ ਸਿੱਧੇ ਤੌਰ 'ਤੇ ਘੱਟ ਪ੍ਰਜਨਨ ਸਮਰੱਥਾ ਨਾਲ ਨਹੀਂ ਜੁੜਿਆ, ਪਰ ਗਰਭ ਅਵਸਥਾ ਦੇ ਸੱਤਵੇਂ ਹਫ਼ਤੇ ਤੱਕ ਭਰੂਣ ਦੀ ਵਾਧਾ ਦਰ ਕੁਝ ਘੱਟ ਅਤੇ ਯੋਲਕ ਸੈਕ ਦਾ ਆਕਾਰ ਕੁਝ ਛੋਟਾ ਪਾਇਆ ਗਿਆ। ਉਨ੍ਹਾਂ ਨੇ ਕਿਹਾ ਕਿ ਇਹ ਫ਼ਰਕ ਭਾਵੇਂ ਛੋਟੇ ਹਨ, ਪਰ ਵਿਗਿਆਨਕ ਤੌਰ 'ਤੇ ਮਹੱਤਵਪੂਰਨ ਹਨ। ਇਹ ਪਹਿਲੀ ਵਾਰ ਸਾਹਮਣੇ ਆਇਆ ਹੈ ਕਿ ਅਲਟਰਾ-ਪ੍ਰੋਸੈਸਡ ਫੂਡ ਦਾ ਅਸਰ ਸਿਰਫ਼ ਮਾਂ ਦੀ ਸਿਹਤ ਤੱਕ ਸੀਮਿਤ ਨਹੀਂ, ਸਗੋਂ ਬੱਚੇ ਦੇ ਸ਼ੁਰੂਆਤੀ ਵਿਕਾਸ ਨਾਲ ਵੀ ਜੁੜਿਆ ਹੋ ਸਕਦਾ ਹੈ।

ਮਰਦਾਂ ਵਿੱਚ ਹਾਲਤ ਕੁਝ ਵੱਖਰੀ ਪਾਈ ਗਈ। ਜਿਨ੍ਹਾਂ ਮਰਦਾਂ ਨੇ ਵੱਧ ਅਲਟਰਾ-ਪ੍ਰੋਸੈਸਡ ਫੂਡ ਖਾਧਾ, ਉਨ੍ਹਾਂ ਵਿੱਚ ਪ੍ਰਜਨਨ ਸਮਰੱਥਾ ਘਟਣ ਦਾ ਖ਼ਤਰਾ ਵੱਧ ਸੀ ਅਤੇ ਗਰਭ ਧਾਰਨ ਵਿੱਚ ਵੀ ਵੱਧ ਸਮਾਂ ਲੱਗਿਆ, ਹਾਲਾਂਕਿ ਇਸ ਦਾ ਭਰੂਣ ਦੇ ਸ਼ੁਰੂਆਤੀ ਵਿਕਾਸ ਨਾਲ ਸਿੱਧਾ ਸੰਬੰਧ ਨਹੀਂ ਮਿਲਿਆ। ਵਿਗਿਆਨੀ ਮੰਨਦੇ ਹਨ ਕਿ ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਸਪਰਮ ਖਾਣ-ਪੀਣ ਦੇ ਪ੍ਰਭਾਵ ਲਈ ਵੱਧ ਸੰਵੇਦਨਸ਼ੀਲ ਹੁੰਦੇ ਹਨ, ਜਦਕਿ ਔਰਤਾਂ ਦੇ ਖਾਣ-ਪੀਣ ਦਾ ਅਸਰ ਬੱਚੇਦਾਨੀ ਦੇ ਮਾਹੌਲ 'ਤੇ ਪੈਂਦਾ ਹੈ, ਜਿੱਥੇ ਭਰੂਣ ਦਾ ਵਿਕਾਸ ਹੁੰਦਾ ਹੈ।




ਖੋਜਕਾਰਾਂ ਦਾ ਕਹਿਣਾ ਹੈ ਕਿ ਸੰਤੁਲਿਤ ਖਾਣਾ ਦੋਹਾਂ ਸਾਥੀਆਂ ਲਈ ਜ਼ਰੂਰੀ ਹੈ, ਕਿਉਂਕਿ ਇਸ ਨਾਲ ਨਾ ਸਿਰਫ਼ ਉਨ੍ਹਾਂ ਦੀ ਸਿਹਤ ਚੰਗੀ ਰਹਿੰਦੀ ਹੈ, ਸਗੋਂ ਗਰਭ ਧਾਰਨ ਦੀ ਸੰਭਾਵਨਾ ਅਤੇ ਬੱਚੇ ਦੀ ਸਿਹਤ 'ਤੇ ਵੀ ਸਕਾਰਾਤਮਕ ਅਸਰ ਪੈਂਦਾ ਹੈ।

ਧਿਆਨਯੋਗ ਹੈ ਕਿ ਇੱਕ ਹੋਰ ਅਧਿਐਨ ਵਿੱਚ ਇਹ ਵੀ ਸਾਹਮਣੇ ਆਇਆ ਕਿ ਅਲਟਰਾ-ਪ੍ਰੋਸੈਸਡ ਫੂਡ ਦਾ ਵੱਧ ਸੇਵਨ ਹੱਡੀਆਂ ਨੂੰ ਕਮਜ਼ੋਰ ਕਰ ਸਕਦਾ ਹੈ। ਇਸ ਅਧਿਐਨ ਵਿੱਚ ਪਾਇਆ ਗਿਆ ਕਿ ਜਿਹੜੇ ਲੋਕ ਵੱਧ ਮਾਤਰਾ ਵਿੱਚ ਅਲਟਰਾ-ਪ੍ਰੋਸੈਸਡ ਫੂਡ ਖਾਂਦੇ ਹਨ, ਉਨ੍ਹਾਂ ਦੀਆਂ ਹੱਡੀਆਂ ਦੀ ਮਿਨਰਲ ਡੈਂਸਿਟੀ ਘੱਟ ਹੋ ਸਕਦੀ ਹੈ, ਜਿਸ ਕਾਰਨ ਕੂਹਣੀ ਦੀ ਹੱਡੀ ਟੁੱਟਣ (ਹਿਪ ਫ੍ਰੈਕਚਰ) ਦਾ ਖ਼ਤਰਾ ਵੱਧ ਜਾਂਦਾ ਹੈ।

ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਸੰਤੁਲਿਤ ਅਤੇ ਪੌਸ਼ਟਿਕ ਖਾਣਾ ਨਾ ਸਿਰਫ਼ ਮਾਪਿਆਂ ਦੀ ਸਿਹਤ ਲਈ, ਸਗੋਂ ਸਿਹਤਮੰਦ ਗਰਭ ਧਾਰਨ ਅਤੇ ਬੱਚੇ ਦੇ ਚੰਗੇ ਵਿਕਾਸ ਲਈ ਵੀ ਬਹੁਤ ਜ਼ਰੂਰੀ ਹੈ। ਇਸ ਲਈ ਜੋੜਿਆਂ ਨੂੰ ਜੰਕ ਫੂਡ ਅਤੇ ਬਹੁਤ ਜ਼ਿਆਦਾ ਪ੍ਰੋਸੈਸ ਕੀਤੇ ਖਾਣ ਤੋਂ ਦੂਰ ਰਹਿ ਕੇ ਤਾਜ਼ੇ, ਪੌਸ਼ਟਿਕ ਅਤੇ ਕੁਦਰਤੀ ਭੋਜਨ ਨੂੰ ਤਰਜੀਹ ਦੇਣੀ ਚਾਹੀਦੀ ਹੈ।

## ਸਿਹਤਮੰਦ ਜੀਵਨ ਲਈ ਸੰਤੁਲਿਤ ਖਾਣਾ ਜ਼ਰੂਰੀ

*ਪਿਛਲੇ ਅਧਿਐਨਾਂ ਵਿੱਚ ਵੀ ਪਤਾ ਲੱਗਿਆ ਹੈ ਕਿ ਗਰਭ ਅਵਸਥਾ ਦੀ ਪਹਿਲੀ ਤਿਮਾਹੀ ਵਿੱਚ ਭਰੂਣ ਦਾ ਹੌਲਾ ਵਿਕਾਸ ਅੱਗੇ ਚੱਲ ਕੇ ਸਮੇਂ ਤੋਂ ਪਹਿਲਾਂ ਜਨਮ (ਪ੍ਰੀਮੇਚਿਊਰ ਡਿਲੀਵਰੀ), ਘੱਟ ਵਜ਼ਨ ਵਾਲੇ ਬੱਚੇ ਦਾ ਜਨਮ, ਬਚਪਨ ਵਿੱਚ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਅਤੇ ਗਰਭਪਾਤ ਵਰਗੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ।*



*ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਵਿਸ਼ੇ 'ਤੇ ਹੋਰ ਵੱਡੇ ਪੱਧਰ 'ਤੇ ਖੋਜ ਦੀ ਲੋੜ ਹੈ, ਤਾਂ ਜੋ ਇਹ ਸਪੱਸ਼ਟ ਹੋ ਸਕੇ ਕਿ ਇਹ ਅਸਰ ਕਿਸ ਕਾਰਨ ਨਾਲ ਹੋ ਰਿਹਾ ਹੈ-ਕੀ ਇਸ ਦਾ ਕਾਰਨ ਅਲਟਰਾ-ਪ੍ਰੋਸੈਸਡ ਫੂਡ ਵਿੱਚ ਪੋਸ਼ਕ ਤੱਤਾਂ ਦੀ ਘਾਟ ਹੈ ਜਾਂ ਫਿਰ ਇਨ੍ਹਾਂ ਵਿੱਚ ਮੌਜੂਦ ਕੈਮੀਕਲ, ਐਡਿਟਿਵ ਅਤੇ ਮਾਈਕ੍ਰੋਪਲਾਸਟਿਕ ਹਨ!*

*ਇਸ ਲਈ ਵਿਗਿਆਨੀ ਕਹਿੰਦੇ ਹਨ ਕਿ ਜੋ ਜੋੜੇ ਗਰਭ ਧਾਰਨ ਦੀ ਯੋਜਨਾ ਬਣਾ ਰਹੇ ਹਨ, ਉਨ੍ਹਾਂ ਨੂੰ ਅਲਟਰਾ-ਪ੍ਰੋਸੈਸਡ ਫੂਡ ਘੱਟ ਖਾਣਾ ਚਾਹੀਦਾ ਹੈ, ਕਿਉਂਕਿ ਇਸਦਾ ਅਸਰ ਸਿਰਫ਼ ਮਾਂ ਹੀ ਨਹੀਂ, ਪਿਤਾ ਦੀ ਸਿਹਤ ਅਤੇ ਬੱਚੇ ਦੇ ਵਿਕਾਸ 'ਤੇ ਵੀ ਪੈਂਦਾ ਹੈ। ਖੋਜਕਾਰਾਂ ਨੇ ਇਹ ਵੀ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਗਰਭ ਧਾਰਨ ਨੂੰ ਸਿਰਫ਼ ਮਾਂ ਦੀ ਜ਼ਿੰਮੇਵਾਰੀ ਸਮਝਣ ਵਾਲੀ ਸੋਚ ਬਦਲੀ ਜਾਵੇ, ਕਿਉਂਕਿ ਪਿਤਾ ਦਾ ਖਾਣ-ਪੀਣ ਅਤੇ ਸਿਹਤ ਵੀ ਉਤਨੀ ਹੀ ਮਹੱਤਵਪੂਰਨ ਹੈ।*




Dr. Sutpal Singh

Certified Regenerative Medical Therapy Specialist

ਪ੍ਰਮਾਣਿਤ ਰੀਜਨਰੇਟਿਵ ਮੈਡੀਕਲ ਥੈਰੇਪੀ ਸਪੈਸ਼ਲਿਸਟ

ਪੈਰ, ਗਿੱਟੇ ਤੇ ਲੱਤ ਦੇ ਹੇਠਲੇ ਹਿੱਸੇ ਦੇ ਮਾਹਰ ਡਾ. ਸੁਤਪਾਲ ਸਿੰਘ

- ਲੇਜ਼ਰ ਥੈਰੇਪੀ, ਸ਼ੌਕਵੇਵ ਥੈਰੇਪੀ, ਸਟੈਮ ਸੈੱਲ ਥੈਰੇਪੀ,
- ਲਿਪੋਸੋਨ ਫੈਟ ਪੈਡ ਦਾ ਟੀਕਾ, ਪੇਪਟਾਈਡਜ਼
- ਘੱਟੋ ਘੱਟ ਤੋਂ ਲੈ ਕੇ ਕੋਈ ਚੀਰਾ ਨਹੀਂ ਸਰਜੀਕਲ ਸਪੈਸ਼ਲਿਸਟ
- ਕੋਈ ਨੁਕਸਾਨਦਾਇਕ ਕੋਰਟੀਸੋਨ ਜਾਂ ਸਟੀਰੌਇਡ ਟੀਕੇ ਨਾ ਲਗਾਓ
- ਪੈਰ, ਗਿੱਟੇ ਅਤੇ ਲੱਤ ਦੇ ਹੇਠਲੇ ਹਿੱਸੇ ਵਿੱਚ ਦਰਦ: ਗੈਰ-ਸਰਜੀਕਲ ਤੇ ਸਰਜੀਕਲ ਵਿਕਲਪ
- ਸਰਜਰੀ ਤੋਂ ਬਿਨਾ ਖੇਡ ਸੱਟ ਦਾ ਇਲਾਜ: ਕਾਕੜੀ, ਕ੍ਰਿਕਟ, ਦੌੜ, ਵਾਲੀਬਾਲ... ਆਦਿ।

Ph: 847-310-1600

1555 Barrington Rd., Suite 235, Hoffman Estates, IL 60169


# Punjabi Cultural Society of Chicago

Celebrating 30+ Years of Community Service

*To Celebrate Vaisakhi PCS Presents...*

## ਰੰਗਲਾ ਪੰਜਾਬ

Rangla Punjab 2026!



**Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!**

## Saturday, April 25, 2026

## 5:00 PM - 10:00 PM

**Copernicus Center**
**5216 W Lawrence Ave**
**Chicago, IL 60630**

$125 (VIP Seats with Dinner)
$65 (Preferred Seats), $40 (General Seating)

- Assigned Seats for all
- Limited Free Parking
- Children Under 5 yr Free (Need to be in Lap)

**Sponsors & Advertisements Encouraged**

Please email: info@PCSChicago.org or call: (847) 359-5PCS

*Scan me!*

**More Information at:**
**https://www.pcschicago.org**
Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

## Chief Guest



*S. Darshan Singh Dhaliwal & Debra Dhaliwal (Pravasi Bharatiya Samman Award Recipient)*

### PCS Board of Directors 2026



Dr. Primal Kaur (Chairwoman) · Bikram Singh Sohi (President) · Gurlal S. Bhattal (Vice President) · Gurpreet Sidhu (Executive Secretary) · Jigerdeep Dhillon (Finance Secretary) · Parmjot S. Parmar (Director at Large) · Amitpaul Singh Gill (IT Director) · Paramvir Kaur (Women`s Empowerment Director) · Tejveer S. Soodan (Youth Director) · Kevindeep Atwal (Inter-community Director · Navtej S. Sohi (Past President) · Dr. Param Singh (Past Chairman)

### PCS Board of Governors



Rajinder S. Mago · Mohinderjit S. Saini · Harwinder Paul S. Lail · Bhinder S. Pamma · Jasbir S. Palia · Balwinder S. Girn · Amarjit K. Atwal · Vick Singh

### PCS Board of Advisors



Manjeet S. Bhalla · Bhupinder S. Dhaliwal · Parvinder S. Nanua · Gurmit S. Dhillon · Surinder S. Palia

# ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ

## Rangla Punjab 2026 Sponsors



| | | | | | | | | | | | |
|---|---|---|---|---|---|---|---|---|---|---|---|
| Dr. Bhupinder Singh Saini | Narinder S. Grewal MD | Jaidev S. Bhattal | Dr. Harjinder S. Khaira | Gulzar S. Multani | Amarjit S. Dhindsa | Lakhvir S. Dhindsa | Ranbir S. Dhaliwal | Gurinderjit Grewal | Dr. Vikram Singh Gill | Dr. Amrit Virk | Lucky Sahota |



| | | | | | | | | | | | |
|---|---|---|---|---|---|---|---|---|---|---|---|
| Jagjit Singh Dhindsa | Davinder S. Rangi | Paul Khalil | Nick Balwinder | Happy Heer | Sarwan S. Tiwana | Dharminder Khatra | Yadwinder Khatra | Sukhmel S. Atwal | Dr. Amrik Singh Sohi | Dr. Gagandeep S. Grover | Parminder S. Goldi |



| | | | | | | | | | | | |
|---|---|---|---|---|---|---|---|---|---|---|---|
| Amritpal S. Mangat | Parbhdeep S. Nanua | Avtar Singh Bhaura | Iqbal Singh Saini | Jaskaran Dhaliwal | Rajinder Dayal | Hargurmukhpal Singh (Dr.) | Lakhwinder Singh | Rajdeep Pamma | Dr. Mandeep Gill | Harpartap Chahal | Jasbir Suga |



| | | | | | | | | | | | |
|---|---|---|---|---|---|---|---|---|---|---|---|
| Pinky Saini | Dalvir Kaur Parmar | Midha Mahilpuria | Swaran S. Sekhon | Jassi Dhaliwal | Manjit S. Dhanoa | Pali Dhaliwal | Harkewal Singh Lally | Lakhbir S. Sandhu | Amrik Singh Chicago | Harbhajan S. Kalyanpur | Jairam S. Kahlon |

### Sher-E-Punjab Sports & Cultural Club, Chicago



| | | | | | | | | | | | | | |
|---|---|---|---|---|---|---|---|---|---|---|---|---|---|
| Pindi Chhina | Baljit Tiwana | Jaswinder Gill | Deepinder Virk | Kamaljit Ghuman | Honey Khangura | Jindi Khangura | Jinder Benipal | Onkar Sahota | Goldy Lally | Harjinder Samra | Manjit Singh | Manmohan S. Bhathal | Navjot Singh |

### Sher-E-Punjab Sports Club, Chicago (Midwest)



| | | | | | | | | | | | |
|---|---|---|---|---|---|---|---|---|---|---|---|
| Lakhwinder Singh | Jasroop singh | Amritpal Mangat | Amritpal Gill | Deepa Bandesha | Gurdev S. Gill | Parminder S. Walia | Amardev Bandesha | Balwinder Chatha | Darshan Pamma | Amarjit Bandesha | Manjinder Singh |

### Punjab Sports Club, Chicago



| | | | | | | | | | | | |
|---|---|---|---|---|---|---|---|---|---|---|---|
| Santokh Ghuman | Lucky Sahota | Ajaib Lakhan | Happy Heer | Harjinder Khaira | Narinder Sran | Jaskaran Dhaliwal | Rajinder Dayal | Harwinder Billa | Hardeep Gill | Parminder Saimbi | Jaspal Midha |


SIKH Religious Society ਗੁਰਦੁਆਰਾ ਪੈਲਾਟਾਈਨ

PAO

HT HAMPSHIRE TIRES

icons printing & Signs

Taste of India FINE DINING BISTRO

Pathfinder Realty
Serving our community for 35+ years
Vick Singh

5Rivers ENTERTAINMENT

Copernicus center

NORTHERN TRUST

abbvie

HAWK TRUCK DRIVING SCHOOL

Royal Family Real Estate
Pradeep Singh Realtor
Phone: 847.322.5832
Email: ishowhomes@yahoo.com
Harsh Singh Realtor
Phone: 847-246-2218
Email: harshleen.finance@gmail.com

NEW YORK LIFE

PATEL BROTHERS

Sun Shawn Inc.

THE GODDARD SCHOOL FOR EARLY CHILDHOOD DEVELOPMENT

ALFA TOOLS

Everything you need in Real Estate, All in One Place
RE/MAX SAWA
Licenced Illinois & Wisconsin States.
Why pay rent if you can buy Find Out How much you can qualify! Get Free Pre-Approval
Jesse Singh 847-606-3664
Buying, Selling, Renting or Investing
Buy through us Get 40% Cash Back New Construction 60% Cash Back.
Selling Commission just pay only 1%
CALL FOR MORE INFORMATION
Jesse Singh 847-606-3664
WEBSITE: jsingh.remax.com;
E-Mail: jsingh@remax.net

ਤੂੰ ਕਿੰਜ ਆਲ੍ਹਣਾ ਸਾਂਭੇਗਾ...

# ਮੰਡੀ 'ਚ ਗੁਆਚਦੀ ਕ੍ਰਿਕਟ ਦੀ ਰੂਹ

**ਸੁਸ਼ੀਲ ਦੁਸਾਂਝ**

ਨੀਲਾਮੀਆਂ ਦਾ ਦੌਰ ਹੈ ਅੱਜਕਲ੍ਹ। ਹਰ ਚੀਜ਼ ਨੀਲਾਮ ਹੋ ਰਹੀ ਹੈ। ਚਮਕ-ਦਮਕ, ਤੜਕ-ਭੜਕ ਦੀ ਮਾਰਾ-ਮਾਰੀ ਹੈ। ਮਸਨੂਈ ਰੌਸ਼ਨੀਆਂ ਨਾਲ ਅੰਦਰਲੇ ਹਨੇਰਿਆਂ ਨੂੰ ਕੱਜਣ ਦੇ ਢਕਵੰਜ ਹੋ ਰਹੇ ਹਨ। ਬਾਹਰੋਂ ਖ਼ੁਸ਼ ਨਜ਼ਰ ਆ ਰਿਹਾ ਬੰਦਾ ਅੰਦਰੋਂ ਪੀੜੋ-ਪੀੜ ਹੈ। ਰੌਸ਼ਨੀਆਂ ਦੇ ਸੁਪਨਿਆਂ ਨੂੰ ਕਾਲਖਾਂ ਦੇ ਘੇਰੇ ਹਨ। ਬੰਦਾ ਸੁਪਨੇ ਵਿੱਚ ਤਮਾਸ਼ਾਈ ਹੈ, ਪਰ ਹਕੀਕਤ ਵਿੱਚ ਖੁਦ ਤਮਾਸ਼ਾ ਹੈ। ਇਸੇ ਤਮਾਸ਼ੇ ਦੀ ਅਗਲੀ ਕੜੀ ਕ੍ਰਿਕਟ ਦਾ ਨੀਲਾਮ ਹੋ ਜਾਣਾ ਹੈ।

ਕ੍ਰਿਕਟ ਦੀ ਇਸ ਨੀਲਾਮੀ ਵਿੱਚ ਸ਼ਹਿਰਾਂ ਦੇ ਸ਼ਹਿਰ ਹੀ ਨਹੀਂ, ਮਹਾਂਨਗਰ ਤੱਕ ਨੀਲਾਮ ਹੋ ਗਏ ਹਨ। ਜਦੋਂ ਕ੍ਰਿਕਟ ਦਾ ਸ਼ੁੱਧ ਵਪਾਰਕ ਸੰਸਕਰਨ ਆਈ.ਪੀ.ਐੱਲ. ਸ਼ੁਰੂ ਹੋਇਆ ਤਾਂ ਅਖਬਾਰਾਂ ਵਿੱਚ ਸੁਰਖੀਆਂ ਸਨ- ਫਿਲਮ ਸਟਾਰ ਸ਼ਾਹਰੁਖ ਖ਼ਾਨ ਨੇ ਕੋਲਕਾਤਾ ਖ਼ਰੀਦ ਲਿਆ ਹੈ ਅਤੇ ਪ੍ਰੀਤੀ ਜ਼ਿੰਟਾ ਨੇ ਆਪਣੇ ਬੁਆਏ ਫਰੈਂਡ ਨੈਸ ਵਾਡੀਆ ਨਾਲ ਮਿਲ ਕੇ ਮੁਹਾਲੀ ਖ਼ਰੀਦ ਲਿਆ ਹੈ। ਮੈਂ ਮੁਹਾਲੀ ਰਹਿੰਦਾ ਹਾਂ। ਆਪਣੇ ਆਪ ਨੂੰ ਸਵਾਲ ਕਰਦਾ ਹਾਂ- "ਕੀ ਮੈਨੂੰ ਵੀ ਵੇਚ ਦਿੱਤਾ ਗਿਆ ਹੈ, ਉਹ ਵੀ ਮੈਨੂੰ ਪੁੱਛੇ ਬਿਨਾਂ ਹੀ?" ਕੈਸਾ ਸਮਾਂ ਆ ਗਿਆ ਹੈ। ਬੰਦਾ ਵਿਕ ਗਿਆ ਹੈ, ਪਰ ਉਹਨੂੰ ਪਤਾ ਹੀ ਨਹੀਂ। ਕਿਸ ਨੂੰ ਇਹ ਹੱਕ ਹੈ ਕਿ ਉਹ ਆਮ ਭਾਰਤੀ ਨਾਗਰਿਕ ਨੂੰ ਆਪਣੀ ਮਰਜ਼ੀ ਨਾਲ ਕਿਸੇ ਵੀ ਮੰਡੀ ਵਿਚ ਬੋਲੀ 'ਤੇ ਲਾ ਦੇਵੇ? ਤੇ ਕਿਸਨੇ ਦਿੱਤਾ ਹੈ ਇਹ ਹੱਕ? ਇਹ ਅਜਿਹੇ ਸੁਲਘਦੇ ਸਵਾਲ ਹਨ, ਜਿਨ੍ਹਾਂ ਨਾਲ ਦੋ-ਚਾਰ ਹੋਣਾ ਹੀ ਪੈਣਾ ਹੈ। ਅੱਜ ਮੁਹਾਲੀ, ਕੋਲਕਾਤਾ, ਮੁੰਬਈ, ਬੰਗਲੌਰ, ਹੈਦਰਾਬਾਦ, ਦਿੱਲੀ ਵਿਕੇ ਹਨ, ਕੱਲ੍ਹ ਨੂੰ ਸਾਰਾ ਮੁਲਕ ਹੀ ਵੇਚ ਦਿੱਤਾ ਜਾਵੇਗਾ।

ਸ਼ਾਇਰ ਇਨ੍ਹਾਂ ਪ੍ਰਸਥਿਤੀਆਂ ਨੂੰ ਬਾਖ਼ੂਬੀ ਸਮਝਦੇ ਹਨ। ਸ਼ਾਇਰ ਮਿੱਤਰ ਸੁਰਜੀਤ ਜੱਜ ਨੇ ਵੀ ਕਈ ਸਾਲ ਪਹਿਲਾਂ ਹੀ ਲਿਖ ਦਿੱਤਾ ਸੀ:

"ਤੂੰ ਕਿੰਜ ਆਲ੍ਹਣਾ ਸਾਂਭੇਗਾ,
ਜਦ ਬਿਰਖ ਉਨ੍ਹਾਂ ਕਟਵਾ ਦੇਣਾ,
ਤੂੰ ਮਰਦੈਂ ਚੰਦ ਸਿਆੜਾਂ ਲਈ
ਉਨ੍ਹਾਂ ਪੂਰਾ ਦੇਸ਼ ਵਿਕਾ ਦੇਣਾ।"


ਹਾਲਾਤ ਪੂਰਾ ਮੁਲਕ ਵਿਕਾ ਦੇਣ ਵਾਲੇ ਹੀ ਹਨ। ਕ੍ਰਿਕਟ ਦੇ ਨਾਂ 'ਤੇ ਸ਼ੁਰੂ ਹੋਈ ਨੀਲਾਮੀ ਇਸੇ ਪਾਸੇ ਵੱਲ ਹੀ ਸੇਧਤ ਹੈ। ਕ੍ਰਿਕਟ ਆਪਣੇ ਮੁਲਕ ਵਿੱਚ ਖੇਡ ਨਹੀਂ, ਜਨੂੰਨ ਬਣਾ ਦਿੱਤੀ ਗਈ ਹੈ, ਨਿਰਾ-ਪੂਰਾ ਵਪਾਰ।

ਆਈ.ਪੀ.ਐੱਲ. ਸ਼ੁਰੂ ਹੋਣ ਤੋਂ ਪਹਿਲਾਂ ਤੱਕ ਕ੍ਰਿਕਟ ਵਪਾਰ ਹੋਣ ਦੇ ਬਾਵਜੂਦ ਖੇਡ ਲੱਗਦੀ ਸੀ, ਪਰ ਹੁਣ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਇੰਡੀਅਨ ਪ੍ਰੀਮੀਅਰ ਲੀਗ ਬਣਾ ਕੇ ਤੇ ਸ਼ਹਿਰਾਂ ਦੇ ਨਾਂ 'ਤੇ ਟੀਮਾਂ ਵੇਚ ਕੇ ਕ੍ਰਿਕਟ ਨੂੰ ਪੂਰੀ ਤਰ੍ਹਾਂ ਬਾਜ਼ਾਰ ਦੇ ਹਵਾਲੇ ਕਰ ਦਿੱਤਾ ਹੈ। ਇੱਕ ਪਾਸੇ ਮੈਚ ਚੱਲ ਰਿਹਾ ਹੁੰਦਾ ਹੈ ਤੇ ਬਰਾਬਰ ਹੀ ਦਰਸ਼ਕਾਂ ਦੇ ਮਨੋਰੰਜਨ ਲਈ ਦੇਸੀ-ਵਿਦੇਸ਼ੀ ਗਾਇਕ ਅਤੇ ਨ੍ਰਿਤਕ ਆਪਣੀਆਂ ਅਦਾਵਾਂ ਨਾਲ ਥਿਰਕ ਰਹੇ ਹੁੰਦੇ ਸਨ। ਹੁਣ ਮੁਕਾਬਲੇ ਵਿੱਚ ਇਸ ਲੀਗ ਨੂੰ ਹੋਰ ਵੱਡੇ ਪੱਧਰ 'ਤੇ ਨੀਲਾਮ ਕਰਕੇ ਕ੍ਰਿਕਟ ਦੀ ਰੂਹ ਦਾ ਹੀ ਜਨਾਜਾ ਕੱਢ ਦਿੱਤਾ ਗਿਆ ਹੈ।

ਇਹ ਹੁਣ ਹਜ਼ਾਰਾਂ ਕਰੋੜ ਦਾ ਵਪਾਰ ਬਣ ਚੁੱਕੀ ਹੈ। ਅੱਜ ਦੇ ਸਮੇਂ ਵਿੱਚ ਟੈਲੀਵਿਜ਼ਨ ਹੱਕਾਂ, ਡਿਜ਼ਿਟਲ ਪ੍ਰਸਾਰਣ ਅਤੇ ਵਿਗਿਆਪਨਾਂ ਰਾਹੀਂ ਇਸ ਲੀਗ ਦੀ ਕਮਾਈ ਅਸਮਾਨ ਛੂਹ ਰਹੀ ਹੈ। ਦੋ ਹਜ਼ਾਰ ਬਾਈ ਤੋਂ ਬਾਅਦ ਡਿਜ਼ਿਟਲ ਮਾਧਿਅਮਾਂ 'ਤੇ ਇਸ ਦੇ ਦਰਸ਼ਕ ਕਰੋੜਾਂ ਵਿੱਚ ਪਹੁੰਚ ਗਏ ਹਨ। ਨਵੀਆਂ ਟੀਮਾਂ ਦੇ ਸ਼ਾਮਲ ਹੋਣ ਨਾਲ ਇਹ ਮੇਲਾ ਹੋਰ ਫੈਲ ਗਿਆ ਹੈ ਅਤੇ ਹੁਣ ਇਹ ਸਿਰਫ਼ ਭਾਰਤ ਨਹੀਂ, ਸਾਰੀ ਦੁਨੀਆ ਦੇ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਖਿੱਚਦਾ ਹੈ।

ਜਿਨ੍ਹਾਂ ਵੱਡੇ-ਵੱਡੇ ਉਦਯੋਗਪਤੀਆਂ ਅਤੇ ਫਿਲਮ ਸਟਾਰਾਂ ਨੇ ਵੱਖ-ਵੱਖ ਟੀਮਾਂ ਦੀਆਂ ਫਰੈਂਚਾਈਜ਼ ਲਈਆਂ ਹਨ, ਉਨ੍ਹਾਂ ਲਈ ਇਸ ਖੇਡ ਦਾ ਕੋਈ ਖਾਸ ਜਜ਼ਬਾਤੀ ਮਹੱਤਵ ਨਹੀਂ। ਉਨ੍ਹਾਂ ਨੇ ਇਹਦੇ 'ਚੋਂ ਪ੍ਰਸਿੱਧੀ ਤਾਂ ਲੈਣੀ ਹੀ ਲੈਣੀ ਹੈ, ਨਾਲ ਹੀ ਪੈਸੇ ਵੀ ਕਮਾਉਣੇ ਹਨ। ਅੱਜ ਆਈ.ਪੀ.ਐੱਲ. ਦਾ ਟਵੰਟੀ-20 ਟੂਰਨਾਮੈਂਟ ਸਿਰਫ਼ ਖੇਡ ਨਹੀਂ, ਸਗੋਂ ਮਨੋਰੰਜਨ ਉਦਯੋਗ ਦਾ ਵੱਡਾ ਹਿੱਸਾ ਬਣ ਗਿਆ ਹੈ। ਸਟੇਡੀਅਮ ਦੀ ਆਮਦਨ, ਪ੍ਰਸਾਰਣ ਹੱਕ ਅਤੇ ਸਪਾਂਸਰ- ਇਹ ਸਭ ਮਿਲ ਕੇ ਇੱਕ ਵੱਡੀ ਆਰਥਿਕ ਲੜੀ ਬਣਾਉਂਦੇ ਹਨ।

ਬੋਲੀ ਸਿਰਫ਼ ਟੀਮਾਂ ਦੀ ਹੀ ਨਹੀਂ ਲੱਗਦੀ, ਟੂਰਨਾਮੈਂਟ ਤੋਂ ਪਹਿਲਾਂ-ਪਹਿਲਾਂ ਆਪੋ-ਆਪਣੀ ਟੀਮ ਬਣਾਉਣ ਲਈ ਇੱਕਲੇ ਇੱਕਲੇ ਖਿਡਾਰੀ ਦੀ ਬੋਲੀ ਵੀ ਲੱਗਦੀ ਹੈ। ਇਹਦਾ ਸਾਫ਼ ਮਤਲਬ ਹੈ ਕਿ ਮਹਾਨ ਤੋਂ ਮਹਾਨ ਖਿਡਾਰੀ ਵੀ ਮੰਡੀ ਦਾ ਮਾਲ ਬਣ ਗਏ ਹਨ। ਇਸ ਤਰ੍ਹਾਂ ਸੰਸਾਰ ਵਿੱਚ ਆਪਣੀ ਧਾਕ ਜਮਾਉਣ ਵਾਲੇ ਰੋਹਿਤ ਸ਼ਰਮਾ, ਵਿਰਾਟ ਕੋਹਲੀ ਅਤੇ ਦੁਨੀਆ ਭਰ ਦੇ ਹੋਰ ਮਹਾਨ ਖਿਡਾਰੀ ਵੀ ਬਾਜ਼ਾਰ ਵਿੱਚ ਸ਼ੋਅਕੇਸਾਂ ਦਾ ਸਾਮਾਨ ਹੀ ਬਣ ਗਏ ਹਨ- ਜਿਹਨੇ ਜ਼ਿਆਦਾ ਬੋਲੀ ਦਿੱਤੀ, ਉਹ ਲੈ ਗਿਆ।




ਇਸ ਦੇ ਨਾਲ ਹੀ ਅੱਜ ਡਾਟਾ ਵਿਸ਼ਲੇਸ਼ਣ, ਖਿਡਾਰੀਆਂ ਦਾ ਬਰਾਂਡ ਮੁਲੰਕਣ ਅਤੇ ਪ੍ਰਸਾਰਣ ਦੀ ਦੌੜ ਨੇ ਖੇਡ ਨੂੰ ਹੋਰ ਵੀ ਵਪਾਰਕ ਬਣਾ ਦਿੱਤਾ ਹੈ। ਖਿਡਾਰੀ ਹੁਣ ਸਿਰਫ਼ ਮੈਦਾਨ ਦੇ ਹੀਰੋ ਨਹੀਂ ਰਹੇ, ਸਗੋਂ ਵਿਗਿਆਪਨ ਅਤੇ ਸਮਾਜਿਕ ਮੀਡੀਆ ਦੇ ਚਿਹਰੇ ਵੀ ਬਣ ਗਏ ਹਨ।

ਇਹ ਹਾਲਾਤ ਸਾਫ਼ ਤੌਰ 'ਤੇ ਖੇਡ ਵਜੋਂ ਕ੍ਰਿਕਟ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਵਾਲੇ ਹਨ। ਇਹ ਉਹ ਦੌਰ ਹੈ, ਜਦੋਂ ਭਾਰਤ ਦੇ ਆਮ ਬੰਦੇ ਕੋਲ ਦੋ ਜੂਨ ਦੀ ਰੋਟੀ ਦਾ ਵੀ ਜੁਗਾੜ ਨਹੀਂ, ਜਦੋਂ ਮੁਲਕ ਦੀ ਵੱਡੀ ਆਬਾਦੀ ਅਜੇ ਵੀ ਮੁੱਢਲੀਆਂ ਲੋੜਾਂ ਲਈ ਸੰਘਰਸ਼ ਕਰ ਰਹੀ ਹੈ, ਜਦੋਂ ਹਜ਼ਾਰਾਂ ਬੱਚੇ ਹਰ ਸਾਲ ਭੁੱਖ ਅਤੇ ਅਨਾਜ ਦੀ ਕਮੀ ਨਾਲ ਜੂਝਦੇ ਹਨ, ਉਦੋਂ ਹਜ਼ਾਰਾਂ ਕਰੋੜ ਰੁਪਇਆਂ ਦਾ ਤਮਾਸ਼ਾ ਦਿਖਾ ਕੇ ਲੋਕਾਂ ਨੂੰ ਹੋਰ ਹੋਰ ਭਟਕਾਇਆ ਜਾ ਰਿਹਾ ਹੈ।

ਅੱਜ ਦੀ ਤਰੀਕ ਵਿੱਚ ਆਮ ਭਾਰਤੀ ਦੀਆਂ ਲੋੜਾਂ ਅਤੇ ਤਰਜੀਹਾਂ ਇਹ ਨਹੀਂ, ਜੋ ਬਣਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਨ੍ਹਾਂ ਕੰਪਨੀਆਂ ਜਾਂ ਫਿਲਮ ਸਟਾਰਾਂ ਨੂੰ ਜੇਕਰ ਸੱਚਮੁੱਚ ਹੀ ਭਾਰਤੀ ਖੇਡਾਂ ਦੀ ਚਿੰਤਾ ਹੈ ਤਾਂ ਫਿਰ ਇਹ ਸਹਿਕਦੀ ਅਵਸਥਾ ਵਾਲੀਆਂ ਹੋਰਨਾਂ ਭਾਰਤੀ ਖੇਡਾਂ ਨੂੰ ਬਚਾਉਣ ਲਈ ਅੱਗੇ ਕਿਉਂ ਨਹੀਂ ਆਉਂਦੇ? ਖ਼ਾਸ ਤੌਰ 'ਤੇ ਸ਼ਾਹਰੁਖ ਖਾਨ ਬਾਰੇ ਤਾਂ ਗੱਲ ਕਰਨੀ ਹੀ ਬਣਦੀ ਹੈ- ਉਸ ਦੀ ਅਦਾਕਾਰੀ ਵਾਲੀ 'ਚੱਕ ਦੇ ਇੰਡੀਆ' ਫਿਲਮ ਨੇ ਹਾਕੀ ਰਾਹੀਂ ਭਾਰਤੀਅਤਾ ਦੀ ਇੱਕ ਗਹਿਰੀ ਛਾਪ ਛੱਡੀ ਸੀ, ਪਰ ਅਮਲ ਵਿੱਚ ਤਰਜੀਹ ਕ੍ਰਿਕਟ ਨੂੰ ਹੀ ਦਿੱਤੀ ਗਈ।

ਸਾਫ ਹੈ ਕਿ ਜਿਹੜਾ ਵੀ ਪੈਸਾ ਲਗਾਉਂਦਾ ਹੈ, ਉਹ ਇਹੀ ਦੇਖਦਾ ਹੈ ਕਿ ਇਹ ਪੈਸਾ ਦੂਣਾ-ਚੌਣਾ ਹੋ ਕੇ ਕਿੱਥੋਂ ਵਾਪਸ ਆਵੇਗਾ! ਹਾਕੀ ਜਾਂ ਹੋਰ ਖੇਡਾਂ 'ਤੇ ਪੈਸਾ ਲਗਾਉਣਾ ਉਨ੍ਹਾਂ ਨੂੰ ਫ਼ਾਇਦੇਮੰਦ ਨਹੀਂ ਲੱਗਦਾ।

ਸੋ, ਕ੍ਰਿਕਟ ਅਤੇ ਖਿਡਾਰੀਆਂ ਦੀ ਨੀਲਾਮੀ ਦੱਸਦੀ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਹਰ ਚੀਜ਼ ਹੀ ਨੀਲਾਮ ਘਰ ਦਾ ਸ਼ੋਅਪੀਸ ਬਣ ਜਾਵੇਗੀ। ਹੁਣ ਇਹ ਤੁਹਾਡੇ 'ਤੇ ਮੁਨੱਸਰ ਹੈ ਕਿ ਤੁਸੀਂ ਦਰਸ਼ਕ ਬਣੇ ਰਹਿਣਾ ਹੈ ਜਾਂ ਸੋਚਣ ਵਾਲਾ ਇਨਸਾਨ ਬਣਨਾ ਹੈ!

# ਵਿਦੇਸ਼ਾਂ ਵਿੱਚ ਭਾਰਤੀ ਮਜ਼ਦੂਰਾਂ ਦੀ ਦਰਦਨਾਕ ਹਕੀਕਤ

*ਹਰ ਰੋਜ਼ 20 ਤੋਂ ਵੱਧ ਜਾ ਰਹੀਆਂ ਨੇ ਜਾਨਾਂ *ਖਾੜੀ ਦੇਸ਼ਾਂ ਵਿੱਚ ਹਾਲਾਤ ਹੋਰ ਵੀ ਗੰਭੀਰ

**ਪੰਜਾਬੀ ਪਰਵਾਜ਼ ਬਿਊਰੋ**

ਰੁਜ਼ਗਾਰ ਦੀ ਖੋਜ ਵਿੱਚ ਵਿਦੇਸ਼ ਜਾਣਾ ਅੱਜ ਕੱਲ੍ਹ ਹਜ਼ਾਰਾਂ ਭਾਰਤੀ ਪਰਿਵਾਰਾਂ ਦੀ ਲੋੜ ਬਣ ਚੁੱਕੀ ਹੈ। ਖ਼ਾਸ ਕਰ ਕੇ ਪੰਜਾਬ, ਬਿਹਾਰ, ਉੱਤਰ ਪ੍ਰਦੇਸ਼ ਅਤੇ ਕੇਰਲ ਵਰਗੇ ਸੂਬਿਆਂ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ ਖਾੜੀ ਦੇਸ਼ਾਂ ਵੱਲ ਰੁਖ ਕਰਦੇ ਹਨ; ਪਰ ਹਾਲੀਆ ਸਰਕਾਰੀ ਅੰਕੜੇ ਇਸ ਸੱਚਾਈ ਨੂੰ ਬੇਨਕਾਬ ਕਰਦੇ ਹਨ ਕਿ ਇਹ ਸਫ਼ਰ ਸਿਰਫ਼ ਸੁਪਨਿਆਂ ਦਾ ਨਹੀਂ, ਸਗੋਂ ਕਈ ਵਾਰ ਮੌਤ ਅਤੇ ਸ਼ੋਸ਼ਣ ਨਾਲ ਭਰਿਆ ਹੋਇਆ ਵੀ ਹੁੰਦਾ ਹੈ।

ਭਾਰਤ ਸਰਕਾਰ ਵੱਲੋਂ ਰਾਜ ਸਭਾ ਵਿੱਚ ਦਿੱਤੀ ਜਾਣਕਾਰੀ ਮੁਤਾਬਕ, ਪਿਛਲੇ ਪੰਜ ਸਾਲਾਂ (2021 ਤੋਂ 2025) ਵਿੱਚ ਵਿਦੇਸ਼ਾਂ ਵਿੱਚ ਕੁੱਲ 37,740 ਭਾਰਤੀ ਮਜ਼ਦੂਰਾਂ ਦੀ ਮੌਤ ਹੋਈ। ਇਸਦਾ ਸਿੱਧਾ ਅਰਥ ਇਹ ਹੈ ਕਿ ਹਰ ਰੋਜ਼ ਔਸਤਨ 20 ਤੋਂ ਵੱਧ ਭਾਰਤੀ ਆਪਣੀ ਜਾਨ ਗੁਆ ਰਹੇ ਹਨ। ਇਹ ਅੰਕੜਾ ਨਾ ਸਿਰਫ਼ ਚਿੰਤਾਜਨਕ ਹੈ, ਸਗੋਂ ਸਾਡੇ ਮਜ਼ਦੂਰਾਂ ਦੀ ਅਸਲ ਹਾਲਤ ਬਾਰੇ ਇੱਕ ਦਰਦਨਾਕ ਤਸਵੀਰ ਵੀ ਪੇਸ਼ ਕਰਦਾ ਹੈ।

**ਸਾਲ ਦਰ ਸਾਲ ਵੱਧ ਰਹੀਆਂ ਮੌਤਾਂ:** ਅੰਕੜਿਆਂ ਦੇ ਵਿਸ਼ਲੇਸ਼ਣ ਨਾਲ ਪਤਾ ਲੱਗਦਾ ਹੈ ਕਿ 2021 ਵਿੱਚ ਸਭ ਤੋਂ ਵੱਧ 8,234 ਮੌਤਾਂ ਦਰਜ ਹੋਈਆਂ। ਇਸ ਤੋਂ ਬਾਅਦ 2022 ਵਿੱਚ ਇਹ ਗਿਣਤੀ ਘਟ ਕੇ 6,614 ਰਹੀ, ਪਰ ਫਿਰ ਮੌਤਾਂ ਦਾ ਅੰਕੜਾ ਮੁੜ ਵਧਣਾ ਸ਼ੁਰੂ ਹੋ ਗਿਆ। 2023 ਵਿੱਚ 7,291, 2024 ਵਿੱਚ 7,747, ਅਤੇ 2025 ਵਿੱਚ 7,854 ਮੌਤਾਂ ਦਰਜ ਕੀਤੀਆਂ ਗਈਆਂ। ਇਹ ਰੁਝਾਨ ਸਪਸ਼ਟ ਕਰਦਾ ਹੈ ਕਿ ਹਾਲਾਤ ਸੁਧਰਨ ਦੀ ਬਜਾਏ ਹੋਰ ਗੰਭੀਰ ਹੋ ਰਹੇ ਹਨ।

**ਖਾੜੀ ਦੇਸ਼-ਸਭ ਤੋਂ ਵੱਡਾ ਕੇਂਦਰ:** ਇਨ੍ਹਾਂ ਮੌਤਾਂ ਵਿੱਚੋਂ 86 ਫ਼ੀਸਦੀ ਤੋਂ ਵੱਧ ਮਾਮਲੇ ਖਾੜੀ ਦੇਸ਼ਾਂ ਨਾਲ ਜੁੜੇ ਹੋਏ ਹਨ। ਸਭ ਤੋਂ ਵੱਧ ਮੌਤਾਂ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਅਤੇ ਸਾਊਦੀ ਅਰਬ ਵਿੱਚ ਦਰਜ ਕੀਤੀਆਂ ਗਈਆਂ। ਪੰਜ ਸਾਲਾਂ ਵਿੱਚ ਯੂ.ਏ.ਈ. ਵਿੱਚ 12,380 ਅਤੇ ਸਾਊਦੀ ਅਰਬ ਵਿੱਚ 11,757 ਮਜ਼ਦੂਰਾਂ ਦੀ ਜਾਨ ਗਈ। ਇਸ ਤੋਂ ਇਲਾਵਾ ਕੂਵੈਤ ਵਿੱਚ 3,890, ਓਮਾਨ ਵਿੱਚ 2,821, ਕਤਰ ਵਿੱਚ 1,760 ਅਤੇ ਮਲੇਸ਼ੀਆ ਵਿੱਚ 1,915 ਮੌਤਾਂ ਹੋਈਆਂ।

ਜੇ ਖਾਸ ਤੌਰ 'ਤੇ ਖਾੜੀ ਖੇਤਰ ਨੂੰ ਦੇਖਿਆ ਜਾਵੇ, ਤਾਂ 2021 ਤੋਂ 2025 ਦੇ ਦਰਮਿਆਨ ਇੱਥੇ ਹੀ 32,608 ਮੌਤਾਂ ਦਰਜ ਹੋਈਆਂ, ਜੋ ਕਿ ਹਰ ਰੋਜ਼ ਲਗਭਗ 18 ਮੌਤਾਂ ਦੇ ਬਰਾਬਰ ਹੈ। ਇਹ ਦਰ ਪਹਿਲਾਂ ਦੇ ਅੰਕੜਿਆਂ ਨਾਲੋਂ ਕਾਫ਼ੀ ਵੱਧ ਹੈ। 2012 ਤੋਂ 2018 ਦੇ ਸਮੇਂ ਦੌਰਾਨ ਇਹ ਅੰਕੜਾ ਲਗਭਗ 10 ਮੌਤਾਂ ਪ੍ਰਤੀ ਦਿਨ ਸੀ, ਜੋ ਹੁਣ ਦੁੱਗਣਾ ਹੋ ਗਿਆ ਹੈ।



**ਹੋਰ ਦੇਸ਼ਾਂ ਵਿੱਚ ਵੀ ਹਾਲਾਤ ਚਿੰਤਾਜਨਕ:** ਖਾੜੀ ਦੇਸ਼ਾਂ ਤੋਂ ਇਲਾਵਾ ਹੋਰ ਦੇਸ਼ਾਂ ਵਿੱਚ ਵੀ ਮੌਤਾਂ ਅਤੇ ਮੁਸ਼ਕਲਾਂ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਅਮਰੀਕਾ ਵਿੱਚ 454, ਸਿੰਗਾਪੁਰ ਵਿੱਚ 451, ਨਾਈਜੀਰੀਆ ਵਿੱਚ 210 ਅਤੇ ਬਰਤਾਨੀਆ ਵਿੱਚ 188 ਮੌਤਾਂ ਦਰਜ ਹੋਈਆਂ। ਹਾਲਾਂਕਿ ਇੱਥੇ ਗਿਣਤੀ ਘੱਟ ਹੈ, ਪਰ ਇਹ ਵੀ ਦਰਸਾਉਂਦਾ ਹੈ ਕਿ ਸਮੱਸਿਆ ਸਿਰਫ਼ ਖਾੜੀ ਤੱਕ ਸੀਮਿਤ ਨਹੀਂ।

**ਸ਼ੋਸ਼ਣ ਅਤੇ ਦੁਰਵਿਹਾਰ-ਇੱਕ ਵੱਡੀ ਸਮੱਸਿਆ:** ਮੌਤਾਂ ਦੇ ਨਾਲ ਨਾਲ ਮਜ਼ਦੂਰਾਂ ਦੇ ਸ਼ੋਸ਼ਣ ਦੇ ਮਾਮਲੇ ਵੀ ਚਿੰਤਾਜਨਕ ਹਨ। ਪਿਛਲੇ ਪੰਜ ਸਾਲਾਂ ਵਿੱਚ ਭਾਰਤੀ ਦੂਤਾਵਾਸਾਂ ਨੂੰ ਕੁੱਲ 80,985 ਸ਼ਿਕਾਇਤਾਂ ਮਿਲੀਆਂ। ਸਭ ਤੋਂ ਵੱਧ ਸ਼ਿਕਾਇਤਾਂ ਯੂ.ਏ.ਈ. ਤੋਂ 16,965, ਕੂਵੈਤ ਤੋਂ 15,234, ਓਮਾਨ ਤੋਂ 13,295 ਅਤੇ ਸਾਊਦੀ ਅਰਬ ਤੋਂ 12,988 ਆਈਆਂ।

ਦੱਖਣ-ਪੂਰਬੀ ਏਸ਼ੀਆ ਦੇ ਦੇਸ਼ਾਂ ਵਿੱਚ ਵੀ ਹਾਲਾਤ ਚਿੰਤਾਜਨਕ ਹਨ। ਮਲੇਸ਼ੀਆ ਤੋਂ 8,333 ਅਤੇ ਮਾਲਦੀਵ ਤੋਂ 2,981 ਸ਼ਿਕਾਇਤਾਂ ਦਰਜ ਹੋਈਆਂ। ਕੁਝ ਦੇਸ਼ਾਂ ਵਿੱਚ ਮੌਤਾਂ ਘੱਟ ਹਨ, ਪਰ ਸ਼ਿਕਾਇਤਾਂ ਦੀ ਗਿਣਤੀ ਕਾਫ਼ੀ ਵੱਧ ਹੈ। ਜਿਵੇਂ ਮਿਆਂਮਾਰ ਵਿੱਚ ਇੱਕ ਵੀ ਮੌਤ ਨਹੀਂ ਹੋਈ, ਪਰ 2,548 ਸ਼ਿਕਾਇਤਾਂ ਦਰਜ ਹੋਈਆਂ। ਸ਼ਿਕਾਇਤਾਂ ਦੀ ਗਿਣਤੀ ਵੀ ਸਾਲ ਦਰ ਸਾਲ ਵਧ ਰਹੀ ਹੈ। 2021 ਵਿੱਚ 11,632 ਸ਼ਿਕਾਇਤਾਂ ਸਨ, ਜੋ 2025 ਵਿੱਚ ਵੱਧ ਕੇ 22,479 ਹੋ ਗਈਆਂ- ਯਾਨੀ ਲਗਭਗ ਦੁੱਗਣਾ ਵਾਧਾ। ਇਹ ਸਪਸ਼ਟ ਕਰਦਾ ਹੈ ਕਿ ਮਜ਼ਦੂਰਾਂ ਦੀਆਂ ਸਮੱਸਿਆਵਾਂ ਘਟਣ ਦੀ ਬਜਾਏ ਵਧ ਰਹੀਆਂ ਹਨ।

### ਮੁੱਖ ਸਮੱਸਿਆਵਾਂ ਕੀ ਹਨ?

ਸਰਕਾਰ ਦੇ ਮੁਤਾਬਕ ਸਭ ਤੋਂ ਵੱਡੀ ਸਮੱਸਿਆ ਤਨਖ਼ਾਹ ਵਿੱਚ ਦੇਰੀ ਜਾਂ ਨਾ ਮਿਲਣਾ ਹੈ। ਇਸ ਤੋਂ ਇਲਾਵਾ ਕੰਮ ਦੀਆਂ ਕਠਿਨ ਅਤੇ ਅਸੁਰੱਖਿਅਤ ਸ਼ਰਤਾਂ, ਕੰਟਰੈਕਟ ਦੇ ਨਿਯਮਾਂ ਦੀ ਉਲੰਘਣਾ, ਕੰਪਨੀਆਂ ਵੱਲੋਂ ਫ਼ਾਇਦੇ ਨਾ ਦੇਣਾ, ਪਾਸਪੋਰਟ ਜ਼ਬਤ ਕਰਨਾ ਅਤੇ ਕੰਮ ਦੇ ਲੰਮੇ ਘੰਟੇ, ਆਦਿ। ਇਹ ਸਾਰੀਆਂ ਗੱਲਾਂ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਹੋਰ ਮੁਸ਼ਕਲ ਬਣਾ ਦਿੰਦੀਆਂ ਹਨ।

**ਸਮਾਜਿਕ ਅਤੇ ਆਰਥਿਕ ਪੱਖ:** ਭਾਰਤ ਤੋਂ ਹਰ ਸਾਲ ਲੱਖਾਂ ਮਜ਼ਦੂਰ ਵਿਦੇਸ਼ ਜਾਂਦੇ ਹਨ ਅਤੇ ਦੇਸ਼ ਦੀ ਅਰਥਵਿਵਸਥਾ ਲਈ ਵੱਡੀ ਮਾਤਰਾ ਵਿੱਚ ਪੈਸਾ (remittances) ਭੇਜਦੇ ਹਨ। ਭਾਰਤ ਦੁਨੀਆ ਵਿੱਚ ਸਭ ਤੋਂ ਵੱਧ ਰਕਮ ਪ੍ਰਾਪਤ ਕਰਨ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ; ਪਰ ਇਸਦੇ ਬਾਵਜੂਦ ਮਜ਼ਦੂਰਾਂ ਦੀ ਸੁਰੱਖਿਆ ਅਤੇ ਅਧਿਕਾਰਾਂ ਦੀ ਹਾਲਤ ਸੰਤੋਸ਼ਜਨਕ ਨਹੀਂ।

### ਕੀ ਕੀਤਾ ਜਾਣਾ ਚਾਹੀਦਾ ਹੈ?

ਇਹ ਹਾਲਾਤ ਦਰਸਾਉਂਦੇ ਹਨ ਕਿ ਹੁਣ ਸਮਾਂ ਆ ਗਿਆ ਹੈ ਕਿ ਵਿਦੇਸ਼ ਜਾਣ ਵਾਲੇ ਮਜ਼ਦੂਰਾਂ ਲਈ ਸਖ਼ਤ ਨਿਯਮ ਬਣਾਏ ਜਾਣ; ਭਰਤੀ ਏਜੰਸੀਆਂ ਦੀ ਪੂਰੀ ਜਾਂਚ ਹੋਵੇ; ਦੂਤਾਵਾਸਾਂ ਨੂੰ ਹੋਰ ਮਜਬੂਤ ਕੀਤਾ ਜਾਵੇ; ਮਜ਼ਦੂਰਾਂ ਨੂੰ ਜਾਣ ਤੋਂ ਪਹਿਲਾਂ ਸਹੀ ਜਾਣਕਾਰੀ ਅਤੇ ਟ੍ਰੇਨਿੰਗ ਦਿੱਤੀ ਜਾਵੇ ਅਤੇ ਵਿਦੇਸ਼ੀ ਸਰਕਾਰਾਂ ਨਾਲ ਮਜ਼ਦੂਰਾਂ ਦੀ ਸੁਰੱਖਿਆ ਲਈ ਸਮਝੌਤੇ ਕੀਤੇ ਜਾਣ।

ਸੋ; ਵਿਦੇਸ਼ ਜਾਣਾ ਸਿਰਫ਼ ਇੱਕ ਨੌਕਰੀ ਨਹੀਂ, ਸਗੋਂ ਇੱਕ ਪਰਿਵਾਰ ਦੀ ਆਸ ਹੁੰਦੀ ਹੈ। ਪਰ ਜਦੋਂ ਇਹ ਆਸ ਮੌਤ ਜਾਂ ਸ਼ੋਸ਼ਣ ਵਿੱਚ ਬਦਲ ਜਾਵੇ, ਤਾਂ ਇਹ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਰਾਸ਼ਟਰੀ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਅੰਕੜੇ ਸਾਨੂੰ ਚੇਤਾਵਨੀ ਦੇ ਰਹੇ ਹਨ ਕਿ ਜੇ ਸਮੇਂ 'ਤੇ ਕਦਮ ਨਾ ਚੁੱਕੇ ਗਏ ਤਾਂ ਇਹ ਸੰਕਟ ਹੋਰ ਵੀ ਡੂੰਘਾ ਹੋ ਸਕਦਾ ਹੈ। ਇਸ ਲਈ ਲੋੜ ਹੈ ਕਿ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਅਤੇ ਇੱਜ਼ਤ ਭਰੀ ਬਣਾਉਣ ਲਈ ਤੁਰੰਤ ਅਤੇ ਠੋਸ ਕਦਮ ਚੁੱਕੇ ਜਾਣ ਤਾਂ ਜੋ ਉਹ ਆਪਣੇ ਸੁਪਨੇ ਪੂਰੇ ਕਰਨ ਲਈ ਵਿਦੇਸ਼ ਤਾਂ ਜਾਣ, ਪਰ ਆਪਣੀ ਜਾਨ ਦੀ ਕੀਮਤ 'ਤੇ ਨਹੀਂ।

# ਖੰਡੇ ਦੀ ਪਹੁਲ 'ਚੋਂ ਜਨਮੇ ਖਾਲਸੇ ਦੇ ਸਿਰਜਣਾ ਦਿਹਾੜੇ ਅਤੇ ਪੰਜਾਬੀਆਂ ਦੇ ਚੜ੍ਹਦੀ ਕਲਾ ਦੇ ਤਿਓਹਾਰ ਵਿਸਾਖੀ ਦੀ

# ਲੱਖ-ਲੱਖ ਵਧਾਈ ਹੋਵੇ

# Happy Vaisakhi

**PCO Members**



| Kulwant Singh Dhillon | Satwinder Singh Pompi | Pavanjit Singh Hothi | Harvinder Singh Lally Sidhu | Gurpreet Singh Bratty Gill |
|---|---|---|---|---|
| 414-248-2792 | 414-406-9016 | 414-333-2902 | 414-788-9813 | 414-334-0047 |

## ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ

## ਮਿਲਵਾਕੀ (ਵਿਸਕਾਨਸਿਨ)

## ਸਮੂਹ ਭਾਈਚਾਰੇ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ


# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜਾਤਾਂ-ਪਾਤਾਂ ਦੀਆਂ ਵਲਗਣਾਂ ਨੂੰ ਨਕਾਰ ਕੇ 'ਖ਼ਾਲਸਾ ਪੰਥ' ਦੀ ਸਾਜਨਾ ਕਰਨ ਦੇ ਪਾਵਨ ਦਿਵਸ ਅਤੇ ਵਿਸਾਖੀ ਦੀ ਸਭਨਾਂ ਨੂੰ

# ਲੱਖ-ਲੱਖ ਵਧਾਈ

*1699 ਈ. ਦੀ ਵੈਸਾਖੀ ਵਾਲੇ ਦਿਨ 'ਇੱਕ ਰਹਿਤ ਅਤੇ ਇੱਕ ਪੰਥ' ਨੂੰ ਹਰ ਕਿਸਮ ਦੇ ਵਿਤਕਰੇ ਤੋਂ ਉਪਰ ਉਠ ਕੇ ਮਾਨਵ-ਮੁਕਤੀ ਦੇ ਧਾਰਮਿਕ-ਮਾਡਲ ਵਜੋਂ ਪ੍ਰਗਟ ਕੀਤਾ ਗਿਆ ਸੀ*



**ਡਾ. ਰਛਪਾਲ ਸਿੰਘ ਬਾਜਵਾ**
ਫੋਨ: 630-303-8330



**ਰਘਵਿੰਦਰ ਸਿੰਘ ਮਾਹਲ**
ਫੋਨ: 331-321-6304

## ਵੱਲੋਂ: ਸਮੂਹ ਬਾਜਵਾ ਅਤੇ ਮਾਹਲ ਪਰਿਵਾਰ (ਸ਼ਿਕਾਗੋਲੈਂਡ)

# ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜਾਤਾਂ-ਪਾਤਾਂ ਦੀਆਂ ਵਲਗਣਾਂ ਢਾਹ ਕੇ 'ਖ਼ਾਲਸਾ ਪੰਥ' ਦੀ ਸਾਜਨਾ ਕਰਨ ਦੇ ਪਾਵਨ ਦਿਹਾੜੇ ਅਤੇ ਵਿਸਾਖੀ ਦੇ ਤਿਓਹਾਰ ਦੀ ਸਮੁੱਚੇ ਭਾਈਚਾਰੇ ਨੂੰ

# ਲੱਖ ਲੱਖ ਵਧਾਈ ਹੋਵੇ

**Happy Vaisakhi 2026**

*May the golden harvest of this auspicious day bring prosperity, success, and good fortune into your life*

## ਵੱਲੋਂ: ਹਰਜੀਤ ਸਿੰਘ (ਹੈਰੀ) ਬਾਠ

## ਅਤੇ ਸਮੂਹ ਬਾਠ ਪਰਿਵਾਰ (ਸ਼ਿਕਾਗੋ)

IMMEDIATE AIR CARGO TRANSIT

IACT




OUR LOCATION
1371 North Wood Dale Rd
Wood Dale, IL 60191

## Your Business Requires Immediate Action

### Mission Statement

Immediate Air Cargo Aims To Provide Client Tailored, Efficient, One Stop Solution To All Your Transportation And Logistics Needs. Utilizing Our Experience, Enthusiastic Employees, And User-friendly Customer Interfaces, We Strive To Be Your. Leading Logistics Partner Committed To Tracking The Challenges Of An Ever-changing Transportation Landscape.

### Warehousing Services

*We‘re Just Minutes Out Site of Chicago O‘Hare International Airport.
*4 Docks & 1 Overhead Ramp Door.
*FCL Breakdown
*Short Term & Long Term Storage Solutions.
*Palletizing, Shrink Wrapping And Banding Available In House.

### Client Tailored Solutions & Services

Trucking Services
Air Freight Services
Dedicated Hot Shot Services
Ocean Freight Services
Distribution Services
Warehousing Services
Drop Shipping Solutions

**Call us: Harjit S. Bath & Team IACT Direct: 847.366.3826 Office: 847.357.1200**


HarryB@immediateAir.com Contact@immediateAir.com Immediateair.com

# ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਸਰਵ ਵਿਆਪੀ ਸੰਦੇਸ਼

## *ਮਨੁੱਖਤਾ ਲਈ ਇਸਦੀ ਸਾਰਥਕਤਾ, ਇਸਨੂੰ ਅੱਗੇ ਵਧਾਉਣ ਵਿੱਚ ਸਿੱਖ ਸੰਸਥਾਵਾਂ ਦੀ ਭੂਮਿਕਾ

**ਸਾਂਝੀ ਵਿਰਾਸਤ**

**ਡਾ. ਰਛਪਾਲ ਸਿੰਘ ਬਾਜਵਾ**
**ਫੋਨ: 630-303-8330**



ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਲੋਕਾਂ ਨੂੰ ਸੱਚਾਈ, ਸਮਾਨਤਾ, ਦਇਆ ਅਤੇ ਸੇਵਾ ਨਾਲ ਜਿਊਣ ਲਈ ਮਾਰਗਦਰਸ਼ਨ ਕਰਦੀਆਂ ਹਨ। ਇਹ ਕਦਰਾਂ-ਕੀਮਤਾਂ ਸੰਯੁਕਤ ਰਾਸ਼ਟਰ ਦੇ ਟੀਚਿਆਂ (SDGs), ਜਿਵੇਂ ਕਿ ਸ਼ਾਂਤੀ, ਸਮਾਜਿਕ ਨਿਆਂ ਅਤੇ ਗਰੀਬੀ ਖਤਮ ਕਰਨਾ ਆਦਿ ਨਾਲ ਨੇੜਿਓਂ ਜੁੜੀਆਂ ਹੋਈਆਂ ਹਨ। ਸਿੱਖ ਗੁਰਦੁਆਰੇ ਅਤੇ ਸੰਸਥਾਵਾਂ ਸੰਗਤਾਂ ਦੇ ਇਕੱਠ ਕਰਵਾ ਕੇ, ਅਧਿਆਤਮਿਕ ਪ੍ਰਵਚਨ, ਕੀਰਤਨ, ਕਥਾ ਜਾਂ ਭਾਸ਼ਣ ਦੇ ਕੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਸਾਹਿਬਾਨ ਦੀ ਬਾਣੀ ਦੇ ਸੰਦੇਸ਼ ਨੂੰ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਗੁਰਦੁਆਰੇ ਬਿਨਾ ਕਿਸੇ ਭੇਦਭਾਵ ਦੇ ਸਾਰਿਆਂ ਲਈ ਲੰਗਰ (ਮੁਫ਼ਤ ਭੋਜਨ), ਸੇਵਾ ਅਤੇ ਭਾਈਚਾਰਕ ਸਹਾਇਤਾ ਵੀ ਪ੍ਰਦਾਨ ਕਰਦੇ ਹਨ।

ਪ੍ਰਬੰਧ ਦੇ ਸਵਾਲ 'ਤੇ, ਗੁਰਦੁਆਰਿਆਂ ਵਿੱਚ ਚੋਣਾਂ ਮਦਦਗਾਰ ਹੋ ਸਕਦੀਆਂ ਹਨ, ਜੇਕਰ ਉਹ ਨਿਰਪੱਖ ਹੋਣ ਤੇ ਇਮਾਨਦਾਰ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨ; ਪਰ ਜਦੋਂ ਉਹ ਵੰਡ ਅਤੇ ਰਾਜਨੀਤੀ ਪੈਦਾ ਕਰਦੀਆਂ ਹਨ ਤਾਂ ਉਹ ਨੁਕਸਾਨ ਪਹੁੰਚਾ ਸਕਦੀਆਂ ਹਨ। ਗੁਰਮਤਿ ਸਪੱਸ਼ਟ ਤੌਰ 'ਤੇ ਚੋਣਾਂ ਨੂੰ ਇਜਾਜ਼ਤ ਜਾਂ ਰੱਦ ਨਹੀਂ ਕਰਦੀ; ਇਸ ਦੀ ਬਜਾਏ ਇਹ ਏਕਤਾ, ਨਿਮਰਤਾ ਅਤੇ ਸਮੂਹਿਕ ਫੈਸਲੇ ਲੈਣ 'ਤੇ ਜ਼ੋਰ ਦਿੰਦੀ ਹੈ। ਮੁੱਖ ਧਿਆਨ ਇਹ ਹੈ ਕਿ ਆਗੂਆਂ ਨੂੰ ਇਮਾਨਦਾਰੀ ਅਤੇ ਸਮਰਪਣ ਨਾਲ ਸੰਗਤ ਦੀ ਸੇਵਾ ਕਰਨੀ ਚਾਹੀਦੀ ਹੈ।

### ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਦੀ ਸਿੱਖਿਆ, ਸਰਵਵਿਆਪਕਤਾ ਅਤੇ ਵਰਤਮਾਨ ਸੰਸਾਰ ਵਿੱਚ ਇਸਦੀ ਸਾਰਥਕਤਾ

ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਕੇਂਦਰੀ ਪਵਿੱਤਰ ਗ੍ਰੰਥ ਹੈ। ਇਸਨੂੰ ਪਹਿਲੀ ਵਾਰ 1604 ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਿਤ ਕੀਤਾ ਗਿਆ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਨੌਂ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਵੱਖ-ਵੱਖ ਧਰਮਾਂ ਦੇ ਸੰਤਾਂ ਦੀਆਂ ਲਿਖਤਾਂ ਵੀ ਹਨ, ਜੋ ਸਾਰਿਆਂ ਲਈ ਏਕਤਾ ਅਤੇ ਸਤਿਕਾਰ ਦਰਸਾਉਂਦੀਆਂ ਹਨ। ਬਾਅਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪ੍ਰਥਾ ਨੂੰ ਖਤਮ ਕਰ ਦਿੱਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਸਦੀਵੀ ਗੁਰੂ ਘੋਸ਼ਿਤ ਕੀਤਾ।

ਇਸਦੀਆਂ ਮੁੱਖ ਸਿੱਖਿਆਵਾਂ ਇੱਕ ਪਰਮਾਤਮਾ ਵਿੱਚ ਵਿਸ਼ਵਾਸ, ਸਾਰੇ ਮਨੁੱਖਾਂ ਦੀ ਸਮਾਨਤਾ, ਸੱਚਾ ਜੀਵਨ ਜਿਊਣਾ, ਦੂਜਿਆਂ ਨਾਲ ਹਮਦਰਦੀ ਅਤੇ ਇਮਾਨਦਾਰੀ ਦੀ ਕਮਾਈ 'ਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਮਦਦ ਕਰਨਾ ਹਨ। ਇਹ ਅਰਦਾਸ ਰਾਹੀਂ ਪਰਮਾਤਮਾ ਨੂੰ ਯਾਦ ਕਰਨ ਅਤੇ ਮਨੁੱਖਤਾ ਦੀ ਸੇਵਾ ਕਰਨ 'ਤੇ ਜ਼ੋਰ ਦਿੰਦਾ ਹੈ। "ਨਾਮ ਜਪੋ, ਕਿਰਤ ਕਰੋ, ਵੰਡ ਛਕੋ" ਦਾ ਸਿਧਾਂਤ ਜਾਤ, ਵਿਤਕਰੇ ਅਤੇ ਬੇਇਨਸਾਫ਼ੀ ਨੂੰ ਸਖ਼ਤੀ ਨਾਲ ਰੱਦ ਕਰਦਾ ਹੈ।

ਅੱਜ ਦੇ ਵਿਸ਼ਵਵਿਆਪੀ ਸੰਸਾਰ ਵਿੱਚ ਇਹ ਸੰਦੇਸ਼ ਬਹੁਤ ਮਹੱਤਵਪੂਰਨ ਹਨ। ਇਹ ਵੱਖ-ਵੱਖ ਸੱਭਿਆਚਾਰਾਂ ਅਤੇ ਧਰਮਾਂ ਦੇ ਲੋਕਾਂ ਵਿੱਚ ਸ਼ਾਂਤੀ, ਸਦਭਾਵਨਾ ਅਤੇ ਆਪਸੀ ਸਤਿਕਾਰ ਦੇ ਵਾਅਦੇ ਨੂੰ ਉਤਸ਼ਾਹਿਤ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਲੋਕਾਂ ਨੂੰ ਸੱਚੇ, ਨਿਰਸਵਾਰਥ ਤੇ ਹਮਦਰਦੀ ਭਰੇ ਜੀਵਨ ਜਿਊਣ ਲਈ ਪ੍ਰੇਰਿਤ ਕਰਦੇ ਹਨ ਅਤੇ ਇੱਕ ਹੋਰ ਨਿਆਂਪੂਰਨ ਤੇ ਸੰਯੁਕਤ ਸੰਸਾਰ ਬਣਾਉਣ ਵਿੱਚ ਮਦਦ ਕਰਦੇ ਹਨ।



ਹੇਠ ਦਿੱਤਾ ਗਿਆ ਵੇਰਵਾ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼, ਸਿੱਖਿਆਵਾਂ ਅਤੇ ਸਰਵਵਿਆਪਕਤਾ 'ਤੇ ਵਿਚਾਰ ਕਰੇਗਾ।

### ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ਾਂ ਦੀ ਸਿੱਖਿਆ ਅਤੇ ਸਰਵਵਿਆਪਕਤਾ

ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਇੱਕ ਸਾਰਥਕ ਅਤੇ ਸ਼ਾਂਤੀਪੂਰਨ ਜੀਵਨ ਜਿਊਣ ਲਈ ਇੱਕ ਸਰਲ ਪਰ ਸ਼ਕਤੀਸ਼ਾਲੀ ਮਾਰਗਦਰਸ਼ਨ ਪੇਸ਼ ਕਰਦੀਆਂ ਹਨ। ਇਹ ਸਿਰਫ਼ ਇੱਕ ਧਾਰਮਿਕ ਗ੍ਰੰਥ ਨਹੀਂ ਹੈ ਸਗੋਂ ਧਰਮ, ਜਾਤ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾ ਸਾਰੀ ਮਨੁੱਖਤਾ ਲਈ ਇੱਕ ਸਰਵਵਿਆਪੀ ਸੰਦੇਸ਼ ਹੈ। ਇਸਦੀ ਕੇਂਦਰੀ ਸਿੱਖਿਆ ਪਰਮਾਤਮਾ ਦੀ ਇੱਕਤਾ ਅਤੇ ਸਾਰੇ ਮਨੁੱਖਾਂ ਦੀ ਏਕਤਾ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਰੇ ਲੋਕ ਬਰਾਬਰ ਹਨ ਅਤੇ ਸਤਿਕਾਰ, ਮਾਣ ਤੇ ਪਿਆਰ ਦੇ ਹੱਕਦਾਰ ਹਨ।

ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਮੁੱਖ ਸਿੱਖਿਆਵਾਂ ਹਨ- ਇਮਾਨਦਾਰ ਜੀਵਨ ਜੀਓ, ਸਖ਼ਤ ਮਿਹਨਤ ਨਾਲ ਕਮਾਈ ਕਰੋ, ਦੂਜਿਆਂ ਨਾਲ ਕਿਰਤ ਕਮਾਈ ਸਾਂਝੀ ਕਰੋ ਅਤੇ ਅਕਾਲ ਪੁਰਖ ਦਾ ਸ਼ੁਕਰਾਨਾ ਕਰੋ। ਇਸਦਾ ਅਰਥ ਹੈ ਕਿ ਇੱਕ ਵਿਅਕਤੀ ਨੂੰ ਸੱਚਾਈ ਨਾਲ ਜਿਊਣਾ ਚਾਹੀਦਾ ਹੈ, ਲਾਲਚ ਤੋਂ ਬਚਣਾ ਚਾਹੀਦਾ ਹੈ ਅਤੇ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ। ਸੇਵਾ (ਨਿਰਸਵਾਰਥ ਸੇਵਾ) ਦਾ ਵਿਚਾਰ ਬਹੁਤ ਮਹੱਤਵਪੂਰਨ ਹੈ। ਬਦਲੇ ਵਿੱਚ ਕੁਝ ਵੀ ਉਮੀਦ ਕੀਤੇ ਬਿਨਾ ਦੂਜਿਆਂ ਦੀ ਸੇਵਾ ਕਰਨ ਨਾਲ ਅੰਦਰੂਨੀ ਸ਼ਾਂਤੀ ਮਿਲਦੀ ਹੈ ਅਤੇ ਸਮਾਜ ਨੂੰ ਮਜਬੂਤੀ ਮਿਲਦੀ ਹੈ।

ਇੱਕ ਹੋਰ ਮਹੱਤਵਪੂਰਨ ਸੰਦੇਸ਼ ਨਿਮਰਤਾ ਅਤੇ ਹਉਮੈ 'ਤੇ ਨਿਯੰਤਰਣ ਹੈ। ਗੁਰੂ ਗ੍ਰੰਥ ਸਾਹਿਬ ਸਿਖਾਉਂਦਾ ਹੈ ਕਿ ਹਉਮੈ ਬਹੁਤ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ, ਜਿਸ ਵਿੱਚ ਗੁੱਸਾ, ਨਫ਼ਰਤ ਅਤੇ ਟਕਰਾਅ ਸ਼ਾਮਲ ਹਨ। ਨਿਮਰ ਰਹਿ ਕੇ ਅਤੇ ਪਰਮਾਤਮਾ ਨੂੰ ਯਾਦ ਕਰਕੇ, ਇੱਕ ਵਿਅਕਤੀ ਇੱਕ ਸ਼ਾਂਤ ਅਤੇ ਸੰਤੁਲਿਤ ਜੀਵਨ ਜੀਅ ਸਕਦਾ ਹੈ। ਮਨ ਨੂੰ ਸ਼ਾਂਤ ਅਤੇ ਕੇਂਦ੍ਰਿਤ ਰੱਖਣ ਲਈ ਪਰਮਾਤਮਾ ਦੇ ਨਾਮ (ਨਾਮ ਸਿਮਰਨ) 'ਤੇ ਧਿਆਨ ਲਗਾਉਣ ਵਿੱਚ ਜੁੜਨਾ ਚਾਹੀਦਾ ਹੈ।

ਗੁਰੂ ਗ੍ਰੰਥ ਸਾਹਿਬ ਸਮਾਨਤਾ ਦਾ ਜ਼ੋਰਦਾਰ ਸਮਰਥਨ ਕਰਦੇ ਹਨ। ਇਹ ਜਾਤ, ਲਿੰਗ ਅਤੇ ਸਮਾਜਿਕ ਰੁਤਬੇ ਸਮੇਤ ਹਰ ਤਰ੍ਹਾਂ ਦੇ ਵਿਤਕਰੇ ਨੂੰ ਰੱਦ ਕਰਦਾ ਹੈ। ਇਹ ਸਿਖਾਉਂਦਾ ਹੈ ਕਿ ਔਰਤਾਂ ਅਤੇ ਮਰਦ ਬਰਾਬਰ ਹਨ ਅਤੇ ਕੋਈ ਵੀ ਜਨਮ ਤੋਂ ਉੱਚਾ ਜਾਂ ਨੀਵਾਂ ਨਹੀਂ ਹੈ। ਇਹ ਸੰਦੇਸ਼ ਅੱਜ ਦੇ ਸੰਸਾਰ ਵਿੱਚ ਬਹੁਤ ਢੁਕਵਾਂ ਹੈ, ਜਿੱਥੇ ਅਸਮਾਨਤਾ ਅਜੇ ਵੀ ਵੱਡੇ ਪੱਧਰ 'ਤੇ ਮੌਜੂਦ ਹੈ।

ਕੁਦਰਤ ਦਾ ਸਤਿਕਾਰ ਇੱਕ ਹੋਰ ਮਹੱਤਵਪੂਰਨ ਸਿੱਖਿਆ ਹੈ। ਕੁਦਰਤ ਨੂੰ ਇੱਕ ਤੋਹਫ਼ੇ ਵਜੋਂ ਦੇਖਿਆ ਜਾਂਦਾ ਹੈ ਅਤੇ ਮਨੁੱਖਾਂ ਨੂੰ ਇਸਦਾ ਸ਼ੋਸ਼ਣ ਕਰਨ ਦੀ ਬਜਾਏ ਇਸਦੇ ਨਾਲ ਇਕਸੁਰਤਾ ਵਿੱਚ ਰਹਿਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸਾਦਾ ਜੀਵਨ ਅਤੇ ਉੱਚ ਸੋਚ ਨੂੰ ਜੀਵਨ ਦੇ ਆਦਰਸ਼ ਢੰਗ ਵਜੋਂ ਉਤਸ਼ਾਹਿਤ ਕੀਤਾ ਜਾਂਦਾ ਹੈ।

ਮਨੁੱਖਤਾ ਲਈ ਸੁਨੇਹਾ ਸਪੱਸ਼ਟ ਹੈ: ਸੱਚਾਈ ਨਾਲ ਜੀਓ, ਸਾਰਿਆਂ ਨਾਲ ਬਰਾਬਰ ਵਿਹਾਰ ਕਰੋ, ਦੂਜਿਆਂ ਦੀ ਮਦਦ ਕਰੋ ਅਤੇ ਸਾਰਿਆਂ ਵਿੱਚ ਪ੍ਰਮਾਤਮਾ ਦੀ ਹੋਂਦ ਨੂੰ ਯਾਦ ਰੱਖੋ। ਮਤਭੇਦਾਂ 'ਤੇ ਲੜਨ ਦੀ ਬਜਾਏ ਲੋਕਾਂ ਨੂੰ ਏਕਤਾ ਅਤੇ ਹਮਦਰਦੀ 'ਤੇ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ। ਸੱਚੀ ਖੁਸ਼ੀ ਦੌਲਤ ਜਾਂ ਸ਼ਕਤੀ ਤੋਂ ਨਹੀਂ ਮਿਲਦੀ, ਸਗੋਂ ਅੰਦਰੂਨੀ ਸ਼ਾਂਤੀ ਚੰਗੇ ਕੰਮਾਂ ਅਤੇ ਪਿਆਰ ਭਰੇ ਦਿਲ ਤੋਂ ਮਿਲਦੀ ਹੈ।



ਅੱਜ ਦੇ ਵਿਅਸਤ ਅਤੇ ਵੰਡੇ ਹੋਏ ਸੰਸਾਰ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਸਾਨੂੰ ਸੰਤੁਲਨ, ਦਿਆਲਤਾ ਅਤੇ ਸਦਭਾਵਨਾ ਵਾਲੇ ਜੀਵਨ ਵੱਲ ਸੇਧ ਦਿੰਦੀਆਂ ਹਨ। ਜੇਕਰ ਲੋਕ ਇਨ੍ਹਾਂ ਸਿੱਖਿਆਵਾਂ ਦੇ ਇੱਕ ਛੋਟੇ ਜਿਹੇ ਹਿੱਸੇ ਦੀ ਵੀ ਪਾਲਣਾ ਕਰ ਲੈਣ, ਤਾਂ ਦੁਨੀਆਂ ਸਾਰਿਆਂ ਲਈ ਇੱਕ ਵਧੇਰੇ ਸ਼ਾਂਤੀਪੂਰਨ ਅਤੇ ਨਿਆਂਪੂਰਨ ਜਗ੍ਹਾ ਬਣ ਸਕਦੀ ਹੈ।

### ਸੰਯੁਕਤ ਰਾਸ਼ਟਰ ਦੇ ਅੰਤਰਰਾਸ਼ਟਰੀ ਦਿਵਸਾਂ ਅਤੇ ਵਿਸ਼ੇਸ਼ ਵਿਕਾਸ ਟੀਚਿਆਂ (SDGs) ਲਈ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਦੀ ਸਾਰਥਕਤਾ, ਤੁਲਨਾਤਮਕ ਤੇ ਵਿਆਪਕ ਦ੍ਰਿਸ਼ਟੀਕੋਣ

ਆਧੁਨਿਕ ਦੁਨੀਆ ਗਰੀਬੀ, ਭੁੱਖਮਰੀ, ਅਸਮਾਨਤਾ ਅਤੇ ਵਾਤਾਵਰਣ ਨੂੰ ਨੁਕਸਾਨ ਵਰਗੀਆਂ ਬਹੁਤ ਸਾਰੀਆਂ ਗੰਭੀਰ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਕੋਸ਼ਿਸ਼ ਵਿੱਚ ਸੰਯੁਕਤ ਰਾਸ਼ਟਰ ਆਪਣੇ ਟਿਕਾਊ ਵਿਕਾਸ ਟੀਚਿਆਂ (SDGs) ਅਤੇ ਵੱਖ-ਵੱਖ ਅੰਤਰਰਾਸ਼ਟਰੀ ਦਿਨਾਂ ਰਾਹੀਂ ਇੱਕ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ। ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਤੋਂ ਅਧਿਆਤਮਿਕ ਗਿਆਨ ਇੱਕ ਨਿਆਂਪੂਰਨ ਅਤੇ ਅਰਥਪੂਰਨ ਜੀਵਨ ਜਿਊਣ ਲਈ ਡੂੰਘੀ ਅਗਵਾਈ ਪ੍ਰਦਾਨ ਕਰਦਾ ਹੈ। ਜਦੋਂ ਅਸੀਂ ਇਨ੍ਹਾਂ ਦੀ ਤੁਲਨਾ ਕਰਦੇ ਹਾਂ, ਤਾਂ ਸਾਨੂੰ ਆਧੁਨਿਕ ਵਿਸ਼ਵਵਿਆਪੀ ਟੀਚਿਆਂ ਅਤੇ ਸਦੀਵੀ ਅਧਿਆਤਮਿਕ ਸਿੱਖਿਆਵਾਂ ਵਿਚਕਾਰ ਇੱਕ ਮਜਬੂਤ ਸਬੰਧ ਦਿਸਦਾ ਹੈ।

ਸੰਯੁਕਤ ਰਾਸ਼ਟਰ ਕਈ ਅੰਤਰਰਾਸ਼ਟਰੀ ਦਿਨ ਮਨਾਉਂਦਾ ਹੈ ਜਿਵੇਂ ਕਿ ਵਿਸ਼ਵ ਵਾਤਾਵਰਣ ਦਿਵਸ, ਅੰਤਰਰਾਸ਼ਟਰੀ ਸ਼ਾਂਤੀ ਦਿਵਸ ਅਤੇ ਵਿਸ਼ਵ ਖੁਰਾਕ ਦਿਵਸ। ਇਹ ਦਿਨ ਵਿਸ਼ਵਵਿਆਪੀ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਲੋਕਾਂ ਨੂੰ ਕਾਰਵਾਈ ਕਰਨ ਲਈ ਪ੍ਰੇਰਦੇ ਹਨ। ਉਦਾਹਰਣ ਵਜੋਂ, ਵਿਸ਼ਵ ਵਾਤਾਵਰਣ ਦਿਵਸ ਸਾਨੂੰ ਕੁਦਰਤ ਦੀ ਰੱਖਿਆ ਕਰਨ ਦੀ ਯਾਦ ਦਿਵਾਉਂਦਾ ਹੈ, ਜਦੋਂ ਕਿ ਵਿਸ਼ਵ ਭੋਜਨ ਦਿਵਸ ਭੁੱਖਮਰੀ ਦੀ ਸਮੱਸਿਆ ਨੂੰ ਉਜਾਗਰ ਕਰਦਾ ਹੈ। ਇਹ ਦਿਨ ਸਿਰਫ਼ ਜਸ਼ਨ ਨਹੀਂ ਹਨ; ਇਹ ਜ਼ਿੰਮੇਵਾਰੀ ਅਤੇ ਸਮੂਹਿਕ ਯਤਨਾਂ ਦੀ ਮੰਗ ਵੀ ਹੈ।

SDGs 17 ਟੀਚਿਆਂ ਦਾ ਇੱਕ ਸਮੂਹ ਹੈ, ਜਿਨ੍ਹਾਂ ਦਾ ਉਦੇਸ਼ 2030 ਤੱਕ ਮਨੁੱਖੀ ਜੀਵਨ ਨੂੰ ਬਿਹਤਰ ਬਣਾਉਣਾ ਹੈ। ਇਹ ਟੀਚੇ ਗਰੀਬੀ ਅਤੇ ਭੁੱਖਮਰੀ ਨੂੰ ਖਤਮ ਕਰਨ, ਸਿਹਤ ਅਤੇ ਸਿੱਖਿਆ ਨੂੰ ਯਕੀਨੀ ਬਣਾਉਣ, ਲਿੰਗ ਸਮਾਨਤਾ ਪ੍ਰਾਪਤ ਕਰਨ, ਸਾਫ਼ ਪਾਣੀ ਤੇ ਊਰਜਾ ਨੂੰ ਉਤਸ਼ਾਹਿਤ ਕਰਨ ਅਤੇ ਵਾਤਾਵਰਣ ਦੀ ਰੱਖਿਆ 'ਤੇ ਕੇਂਦ੍ਰਿਤ ਹਨ। ਇਹ ਸ਼ਾਂਤੀ, ਨਿਆਂ ਅਤੇ ਵਿਸ਼ਵਵਿਆਪੀ ਭਾਈਵਾਲੀ 'ਤੇ ਵੀ ਜ਼ੋਰ ਦਿੰਦੇ ਹਨ। SDGs ਦਾ ਮੁੱਖ ਸੰਦੇਸ਼ ਇਹ ਹੈ ਕਿ ਸਾਰੇ ਮਨੁੱਖ ਇੱਕ ਚੰਗੇ ਜੀਵਨ ਦੇ ਹੱਕਦਾਰ ਹਨ ਅਤੇ ਵਿਕਾਸ ਨਿਰਪੱਖ, ਸਮਾਵੇਸ਼ੀ ਤੇ ਟਿਕਾਊ ਹੋਣਾ ਚਾਹੀਦਾ ਹੈ।

ਦੂਜੇ ਪਾਸੇ, ਗੁਰੂ ਗ੍ਰੰਥ ਸਾਹਿਬ ਨੈਤਿਕ ਅਤੇ ਅਧਿਆਤਮਿਕ ਸਿੱਖਿਆਵਾਂ ਪ੍ਰਦਾਨ ਕਰਦੇ ਹਨ ਜੋ ਮਨੁੱਖੀ ਵਿਹਾਰ ਨੂੰ ਸੇਧ ਦਿੰਦੇ ਹਨ। ਇਹ ਪਰਮਾਤਮਾ ਦੀ ਇੱਕਤਾ ਅਤੇ ਸਾਰੇ ਲੋਕਾਂ ਦੀ ਸਮਾਨਤਾ ਸਿਖਾਉਂਦਾ ਹੈ। ਇਹ ਜਾਤ, ਲਿੰਗ ਜਾਂ ਧਰਮ ਦੇ ਆਧਾਰ 'ਤੇ ਵਿਤਕਰੇ ਨੂੰ ਸਖ਼ਤੀ ਨਾਲ ਰੱਦ ਕਰਦਾ ਹੈ। ਇਹ ਇਮਾਨਦਾਰ ਜੀਵਨ, ਦੂਜਿਆਂ ਨਾਲ ਸਾਂਝਾ ਕਰਨ ਅਤੇ ਨਿਰਸਵਾਰਥ ਸੇਵਾ ਨੂੰ ਉਤਸ਼ਾਹਿਤ ਕਰਦਾ ਹੈ। ਇਹ ਨਿਮਰਤਾ, ਹਉਮੈ 'ਤੇ ਕਾਬੂ ਅਤੇ ਪਰਮਾਤਮਾ ਦੀ ਹੋਂਦ ਨੂੰ ਯਾਦ ਰੱਖਣਾ ਵੀ ਸਿਖਾਉਂਦਾ ਹੈ। ਕੁਦਰਤ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਮਨੁੱਖਾਂ ਨੂੰ ਇਸ ਦੇ ਨਾਲ ਇਕਸੁਰਤਾ ਵਿੱਚ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।

ਜਦੋਂ ਅਸੀਂ ਇਨ੍ਹਾਂ ਤਿੰਨਾਂ ਦੀ ਤੁਲਨਾ ਕਰਦੇ ਹਾਂ- ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਦਿਵਸ, SDGs ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਸਾਨੂੰ ਬਹੁਤ ਸਾਰੀਆਂ ਸਮਾਨਤਾਵਾਂ ਦਿਖਾਈ ਦਿੰਦੀਆਂ ਹਨ। ਇਹ ਸਾਰੇ ਮਨੁੱਖੀ ਜੀਵਨ ਨੂੰ ਬਿਹਤਰ ਬਣਾਉਣ ਅਤੇ ਇੱਕ ਬਿਹਤਰ ਸੰਸਾਰ ਬਣਾਉਣ 'ਤੇ ਕੇਂਦ੍ਰਿਤ ਹਨ। SDGs ਅਤੇ ਅੰਤਰਰਾਸ਼ਟਰੀ ਦਿਵਸ ਵਿਹਾਰਕ ਦਿਸ਼ਾ-ਨਿਰਦੇਸ਼ ਦਿੰਦੇ ਹਨ, ਜਦੋਂ ਕਿ ਗੁਰੂ ਗ੍ਰੰਥ ਸਾਹਿਬ ਨੈਤਿਕ ਤਾਕਤ ਅਤੇ ਅੰਦਰੂਨੀ ਮਾਰਗਦਰਸ਼ਨ ਕਰਦੇ ਹਨ।

ਉਦਾਹਰਣ ਵਜੋਂ, 'ਜ਼ੀਰੋ ਹੰਗਰ' ਦਾ SDG ਅਤੇ ਵਿਸ਼ਵ ਭੋਜਨ ਦਿਵਸ ਲੰਗਰ ਦੀ ਸਿੱਖ ਪ੍ਰਥਾ ਨਾਲ ਬਹੁਤ ਮੇਲ ਖਾਂਦੇ ਹਨ, ਜਿੱਥੇ ਬਿਨਾ ਕਿਸੇ ਭੇਦਭਾਵ ਦੇ ਸਾਰਿਆਂ ਨੂੰ ਮੁਫਤ ਭੋਜਨ ਦਿੱਤਾ ਜਾਂਦਾ ਹੈ। ਇਹ ਦਰਸਾਉਂਦਾ ਹੈ ਕਿ ਕਿਵੇਂ ਇੱਕ ਅਧਿਆਤਮਿਕ ਵਿਚਾਰ ਇੱਕ ਵਿਸ਼ਵਵਿਆਪੀ ਸਮੱਸਿਆ ਦਾ ਅਸਲ ਹੱਲ ਬਣ ਸਕਦਾ ਹੈ। ਇਸੇ ਤਰ੍ਹਾਂ, SDG 'ਲਿੰਗ ਸਮਾਨਤਾ' ਗੁਰੂ ਦੀ ਸਿੱਖਿਆ ਨਾਲ ਜੁੜਦਾ ਹੈ ਕਿ ਔਰਤਾਂ ਮਰਦਾਂ ਦੇ ਬਰਾਬਰ ਹਨ ਅਤੇ ਪੂਰੇ ਸਤਿਕਾਰ ਦੀਆਂ ਹੱਕਦਾਰ ਹਨ।

ਸੰਯੁਕਤ ਰਾਸ਼ਟਰ ਦੇ ਵਾਤਾਵਰਣ ਟੀਚੇ, ਜਿਵੇਂ ਕਿ ਜਲਵਾਯੂ ਕਾਰਵਾਈ ਅਤੇ ਸੰਭਾਲ- ਗੁਰੂ ਦੀ ਸਿੱਖਿਆ ਨਾਲ ਵੀ ਮੇਲ ਖਾਂਦੇ ਹਨ ਕਿ ਹਵਾ, ਪਾਣੀ ਅਤੇ ਧਰਤੀ ਪਵਿੱਤਰ ਹਨ। ਸੁਨੇਹਾ ਸਪੱਸ਼ਟ ਹੈ: ਮਨੁੱਖਾਂ ਨੂੰ ਕੁਦਰਤ ਦੀ ਰੱਖਿਆ ਕਰਨੀ ਚਾਹੀਦੀ ਹੈ, ਇਸਦਾ ਸ਼ੋਸ਼ਣ ਨਹੀਂ ਕਰਨਾ ਚਾਹੀਦਾ। ਵਿਸ਼ਵ ਵਾਤਾਵਰਣ ਦਿਵਸ ਵਰਗੇ ਅੰਤਰਰਾਸ਼ਟਰੀ ਦਿਨ ਸਾਨੂੰ ਉਸੇ ਜ਼ਿੰਮੇਵਾਰੀ ਦੀ ਯਾਦ ਦਿਵਾਉਂਦੇ ਹਨ।

ਇੱਕ ਹੋਰ ਮਜਬੂਤ ਸਬੰਧ ਸਮਾਨਤਾ ਅਤੇ ਨਿਆਂ ਦਾ ਵਿਚਾਰ ਹੈ। SDGs ਦਾ ਉਦੇਸ਼ ਅਸਮਾਨਤਾ ਨੂੰ ਘਟਾਉਣਾ ਅਤੇ ਸ਼ਾਂਤੀਪੂਰਨ ਸਮਾਜਾਂ ਨੂੰ ਉਤਸ਼ਾਹਿਤ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਇਹ ਹੋਰ ਵੀ ਡੂੰਘਾਈ ਵਿੱਚ ਸਿਖਾਉਂਦੇ ਹਨ ਕਿ ਸਾਰੇ ਮਨੁੱਖ ਇੱਕੋ ਬ੍ਰਹਮ ਪ੍ਰਕਾਸ਼ ਤੋਂ ਬਣਾਏ ਗਏ ਹਨ। ਇਹ ਸਾਰੀਆਂ ਵੰਡਾਂ ਨੂੰ ਦੂਰ ਕਰਦਾ ਹੈ ਅਤੇ ਸੱਚੀ ਏਕਤਾ ਬਣਾਉਂਦਾ ਹੈ।

ਹਾਲਾਂਕਿ ਕੁਝ ਅੰਤਰ ਵੀ ਹਨ। ਸੰਯੁਕਤ ਰਾਸ਼ਟਰ ਨੀਤੀਆਂ, ਪ੍ਰੋਗਰਾਮਾਂ ਅਤੇ ਵਿਸ਼ਵਵਿਆਪੀ ਸਹਿਯੋਗ ਰਾਹੀਂ ਕੰਮ ਕਰਦਾ ਹੈ। ਇਹ ਬਾਹਰੀ ਵਿਕਾਸ ਅਤੇ ਮਾਪਣਯੋਗ ਤਰੱਕੀ 'ਤੇ ਕੇਂਦ੍ਰਿਤ ਕਰਦਾ ਹੈ, ਜਦਕਿ ਗੁਰੂ ਗ੍ਰੰਥ ਸਾਹਿਬ ਅੰਦਰੂਨੀ ਤਬਦੀਲੀ 'ਤੇ ਕੇਂਦ੍ਰਿਤ ਕਰਦੇ ਹਨ- ਜਿਵੇਂ ਕਿ ਵਿਚਾਰਾਂ, ਕਾਰਜਾਂ ਅਤੇ ਚਰਿੱਤਰ ਨੂੰ ਸੁਧਾਰਨਾ। ਇਹ ਸਿਖਾਉਂਦਾ ਹੈ ਕਿ ਸੰਸਾਰ ਵਿੱਚ ਅਸਲ ਤਬਦੀਲੀ ਵਿਅਕਤੀ ਦੇ ਅੰਦਰ ਤਬਦੀਲੀ ਨਾਲ ਸ਼ੁਰੂ ਹੁੰਦੀ ਹੈ।

ਇਹ ਫ਼ਰਕ ਬਹੁਤ ਮਹੱਤਵਪੂਰਨ ਹੈ। ਬਾਹਰੀ ਪ੍ਰਣਾਲੀਆਂ ਰਹਿਣ-ਸਹਿਣ ਦੀਆਂ ਸਥਿਤੀਆਂ ਨੂੰ ਬਿਹਤਰ ਬਣਾ ਸਕਦੀਆਂ ਹਨ, ਪਰ ਨੈਤਿਕ ਕਦਰਾਂ-ਕੀਮਤਾਂ ਤੋਂ ਬਿਨਾ ਸਮੱਸਿਆਵਾਂ ਜਾਰੀ ਰਹਿ ਸਕਦੀਆਂ ਹਨ। ਇਸੇ ਤਰ੍ਹਾਂ ਸਿਰਫ਼ ਅਧਿਆਤਮਿਕ ਸਿੱਖਿਆਵਾਂ ਸੰਗਠਿਤ ਕਾਰਵਾਈ ਤੋਂ ਬਿਨਾਂ ਵੱਡੇ ਪੱਧਰ 'ਤੇ ਮੁੱਦਿਆਂ ਨੂੰ ਹੱਲ ਨਹੀਂ ਕਰ ਸਕਦੀਆਂ। ਇਸ ਲਈ ਦੋਵੇਂ ਪਹੁੰਚਾਂ ਦੀ ਇਕੱਠਿਆਂ ਲੋੜ ਹੈ।

ਇਨ੍ਹਾਂ ਤਿੰਨਾਂ ਸਰੋਤਾਂ ਤੋਂ ਮਨੁੱਖਤਾ ਨੂੰ ਸਾਂਝਾ ਸੰਦੇਸ਼ ਸ਼ਕਤੀਸ਼ਾਲੀ ਅਤੇ ਸਪੱਸ਼ਟ ਹੈ। ਪਹਿਲਾ, ਸਾਰੇ ਮਨੁੱਖ ਬਰਾਬਰ ਹਨ ਅਤੇ ਉਨ੍ਹਾਂ ਨਾਲ ਮਾਣ-ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਦੂਜਾ, ਲੋਕਾਂ ਨੂੰ ਇੱਕ-ਦੂਜੇ ਦੀ ਮਦਦ ਕਰਨੀ ਚਾਹੀਦੀ ਹੈ, ਖਾਸ ਕਰਕੇ ਗਰੀਬਾਂ ਅਤੇ ਲੋੜਵੰਦਾਂ ਦੀ। ਤੀਜਾ, ਕੁਦਰਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਚੌਥਾ, ਇੱਕ ਸਥਿਰ ਸੰਸਾਰ ਲਈ ਸ਼ਾਂਤੀ ਤੇ ਨਿਆਂ ਜ਼ਰੂਰੀ ਹਨ। ਅੰਤ ਵਿੱਚ, ਸੱਚੀ ਤਰੱਕੀ ਲਈ ਵਿਅਕਤੀਗਤ ਜ਼ਿੰਮੇਵਾਰੀ ਅਤੇ ਸਮੂਹਿਕ ਕਾਰਵਾਈ- ਦੋਵੇਂ ਜ਼ਰੂਰੀ ਹਨ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਸਰਵ ਵਿਆਪਕ ਸੰਦੇਸ਼

*...ਪਿਛਲੇ ਸਫੇ ਦੀ ਬਾਕੀ ⇒*

ਇੱਕ ਆਮ ਵਿਅਕਤੀ ਲਈ ਇਸ ਸੰਦੇਸ਼ ਨੂੰ ਸਾਧਾਰਨ ਕੰਮਾਂ ਰਾਹੀਂ ਅਪਣਾਇਆ ਜਾ ਸਕਦਾ ਹੈ: ਇਮਾਨਦਾਰੀ ਨਾਲ ਰਹਿਣਾ, ਬਰਬਾਦੀ ਤੋਂ ਬਚਣਾ, ਦੂਜਿਆਂ ਦੀ ਮਦਦ ਕਰਨਾ, ਮਤਭੇਦਾਂ ਦਾ ਸਤਿਕਾਰ ਕਰਨਾ ਅਤੇ ਵਾਤਾਵਰਣ ਦੀ ਦੇਖਭਾਲ ਕਰਨਾ। ਛੋਟੇ ਕਦਮ ਵੀ ਬਹੁਤ ਸਾਰੇ ਲੋਕਾਂ ਦੁਆਰਾ ਅਭਿਆਸ ਕੀਤੇ ਜਾਣ 'ਤੇ ਵੱਡਾ ਪ੍ਰਭਾਵ ਪੈਦਾ ਕਰ ਸਕਦੇ ਹਨ।

ਅੰਤ ਵਿੱਚ, ਸੰਯੁਕਤ ਰਾਸ਼ਟਰ ਦੇ ਅੰਤਰਰਾਸ਼ਟਰੀ ਦਿਵਸ ਅਤੇ ਟਿਕਾਊ ਵਿਕਾਸ ਟੀਚੇ ਵਿਸ਼ਵਵਿਆਪੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਆਧੁਨਿਕ ਰੋਡਮੈਪ ਪ੍ਰਦਾਨ ਕਰਦੇ ਹਨ, ਜਦਕਿ ਗੁਰੂ ਗ੍ਰੰਥ ਸਾਹਿਬ ਸਦੀਵੀ ਨੈਤਿਕ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ। ਇਕੱਠੇ ਮਿਲ ਕੇ, ਉਹ ਦਰਸਾਉਂਦੇ ਹਨ ਕਿ ਇੱਕ ਬਿਹਤਰ ਸੰਸਾਰ ਸੰਭਵ ਹੈ, ਜਿੱਥੇ ਵਿਹਾਰਕ ਯਤਨ ਮਜਬੂਤ ਮਨੁੱਖੀ ਕਦਰਾਂ-ਕੀਮਤਾਂ ਦੁਆਰਾ ਨਿਰਦੇਸ਼ਤ ਹੁੰਦੇ ਹਨ। ਕਾਰਵਾਈ ਨੂੰ ਦਇਆ ਅਤੇ ਜ਼ਿੰਮੇਵਾਰੀ ਨਾਲ ਜੋੜ ਕੇ, ਮਨੁੱਖਤਾ ਇੱਕ ਅਜਿਹੇ ਭਵਿੱਖ ਵੱਲ ਵਧ ਸਕਦੀ ਹੈ ਜੋ ਸਾਰਿਆਂ ਲਈ ਸ਼ਾਂਤੀਪੂਰਨ, ਨਿਰਪੱਖ ਅਤੇ ਟਿਕਾਊ ਹੋਵੇ।

## ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ਾਂ ਨੂੰ ਅੱਗੇ ਵਧਾਉਣ ਵਿੱਚ ਵਿਸ਼ਵਵਿਆਪੀ ਸਿੱਖ ਸੰਸਥਾਵਾਂ ਤੇ ਗੁਰਦੁਆਰਿਆਂ ਦੀ ਭੂਮਿਕਾ ਅਤੇ ਉਨ੍ਹਾਂ ਵਿੱਚ ਕੀ ਘਾਟ ਹੈ ਤੇ ਉਹ ਕਿਵੇਂ ਸੁਧਰ ਸਕਦੇ ਹਨ?

ਸਿੱਖ ਸੰਸਥਾਵਾਂ ਦਾ ਵਿਸ਼ਵਵਿਆਪੀ ਨੈੱਟਵਰਕ, ਖਾਸ ਕਰਕੇ ਗੁਰਦੁਆਰੇ, ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਿੱਖ ਗੁਰੂਆਂ ਅਤੇ ਭਗਤਾਂ ਦੇ ਸੰਦੇਸ਼ ਨੂੰ ਅੱਗੇ ਵਧਾਉਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਸੰਸਥਾਵਾਂ ਨਾ ਸਿਰਫ਼ ਪਾਠ-ਪੂਜਾ ਦੇ ਸਥਾਨ ਹਨ, ਬਲਕਿ ਭਾਈਚਾਰਕ ਸੇਵਾ, ਸਮਾਨਤਾ ਅਤੇ ਅਧਿਆਤਮਿਕ ਸਿੱਖਿਆ ਦੇ ਕੇਂਦਰ ਵੀ ਹਨ। ਵਿਸ਼ਵ ਭਰ ਵਿੱਚ ਗੁਰਦੁਆਰੇ ਗੁਰੂ ਸਾਹਿਬਾਨ ਦੀਆਂ ਮੁੱਖ ਸਿੱਖਿਆਵਾਂ ਨੂੰ ਫੈਲਾਉਣ ਵਿੱਚ ਮਦਦ ਕਰਦੇ ਹਨ।

ਗੁਰਦੁਆਰਿਆਂ ਦੇ ਸਭ ਤੋਂ ਵੱਡੇ ਯੋਗਦਾਨਾਂ ਵਿੱਚੋਂ ਇੱਕ ਲੰਗਰ (ਸਮੁਦਾਇਕ ਰਸੋਈ) ਦੀ ਪ੍ਰਥਾ ਹੈ। ਹਰ ਰੋਜ਼ ਲੱਖਾਂ ਲੋਕਾਂ ਨੂੰ ਧਰਮ, ਜਾਤ, ਲਿੰਗ ਜਾਂ ਰੁਤਬੇ ਦੇ ਕਿਸੇ ਵੀ ਭੇਦਭਾਵ ਤੋਂ ਬਿਨਾ ਲੰਗਰ ਛਕਾਇਆ ਜਾਂਦਾ ਹੈ। ਇਹ ਸਿੱਧੇ ਤੌਰ 'ਤੇ ਗੁਰੂ ਦੇ ਸਮਾਨਤਾ ਅਤੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਦਰਸਾਉਂਦਾ ਹੈ। ਕੁਦਰਤੀ ਆਫ਼ਤਾਂ ਜਾਂ ਮਹਾਂਮਾਰੀ ਵਰਗੇ ਸੰਕਟ ਦੇ ਸਮੇਂ ਸਿੱਖ ਸੰਸਥਾਵਾਂ ਲੋੜਵੰਦਾਂ ਨੂੰ ਭੋਜਨ, ਆਸਰਾ ਅਤੇ ਮਦਦ ਪ੍ਰਦਾਨ ਕਰਨ ਲਈ ਪਹਿਲੀ ਕਤਾਰ ਵਿੱਚ ਰਹੀਆਂ ਹਨ। ਇਹ ਗੁਰੂ ਗ੍ਰੰਥ ਸਾਹਿਬ ਵਿੱਚ ਸਿਖਾਈ ਗਈ ਸੇਵਾ ਅਤੇ ਮਨੁੱਖਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ।

ਗੁਰਦੁਆਰੇ ਅਧਿਆਤਮਿਕ ਸਿੱਖਿਆ ਦੇ ਕੇਂਦਰਾਂ ਵਜੋਂ ਵੀ ਕੰਮ ਕਰਦੇ ਹਨ। ਅਰਦਾਸਾਂ, ਕੀਰਤਨ (ਭਗਤੀ ਗਾਇਨ) ਅਤੇ ਸਿੱਖਿਆਵਾਂ ਰਾਹੀਂ, ਉਹ ਲੋਕਾਂ ਨੂੰ ਗੁਰੂ ਦੇ ਸੰਦੇਸ਼ ਨੂੰ ਸਮਝਣ ਵਿੱਚ ਮਦਦ ਕਰਦੇ ਹਨ। ਉਹ ਸਿੱਖ ਪਛਾਣ ਅਤੇ ਕਦਰਾਂ-ਕੀਮਤਾਂ ਨੂੰ ਜ਼ਿੰਦਾ ਰੱਖਦੇ ਹਨ, ਖਾਸ ਕਰਕੇ ਭਾਰਤ ਤੋਂ ਬਾਹਰ ਰਹਿਣ ਵਾਲੀਆਂ ਨੌਜਵਾਨ ਪੀੜ੍ਹੀਆਂ ਵਿੱਚ। ਬਹੁਤ ਸਾਰੇ ਗੁਰਦੁਆਰੇ ਸਕੂਲ, ਚੈਰਿਟੀ ਪ੍ਰੋਗਰਾਮ ਅਤੇ ਭਾਈਚਾਰਕ ਸੇਵਾਵਾਂ ਵੀ ਚਲਾਉਂਦੇ ਹਨ, ਜੋ ਦਇਆ ਤੇ ਸਮਾਜਿਕ ਜ਼ਿੰਮੇਵਾਰੀ ਦੇ ਸੰਦੇਸ਼ ਨੂੰ ਹੋਰ ਅੱਗੇ ਫੈਲਾਉਂਦੇ ਹਨ।

ਹਾਲਾਂਕਿ ਆਪਣੀ ਮਜਬੂਤ ਭੂਮਿਕਾ ਦੇ ਬਾਵਜੂਦ ਕੁਝ ਖੇਤਰ ਅਜਿਹੇ ਹਨ, ਜਿੱਥੇ ਸੁਧਾਰ ਦੀ ਲੋੜ ਹੈ। ਕੁਝ ਥਾਵਾਂ 'ਤੇ ਗੁਰਦੁਆਰੇ ਰਸਮਾਂ-ਰਿਵਾਜਾਂ 'ਤੇ ਜ਼ਿਆਦਾ ਧਿਆਨ ਦਿੰਦੇ ਹਨ ਅਤੇ ਗੁਰੂ ਦੀਆਂ ਸਿੱਖਿਆਵਾਂ ਦੇ ਡੂੰਘੇ ਅਰਥਾਂ ਨੂੰ ਸਮਝਾਉਣ 'ਤੇ ਘੱਟ। ਬਹੁਤ ਸਾਰੇ ਨੌਜਵਾਨ, ਖਾਸ ਕਰਕੇ ਵਿਦੇਸ਼ਾਂ ਵਿੱਚ ਪੈਦਾ ਹੋਏ, ਧਰਮ ਗ੍ਰੰਥ ਦੀ ਭਾਸ਼ਾ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ। ਇਹ ਸੰਦੇਸ਼ ਅਤੇ ਸਮਝ ਵਿਚਕਾਰ ਪਾੜਾ ਪੈਦਾ ਕਰਦਾ ਹੈ।

ਇੱਕ ਹੋਰ ਚੁਣੌਤੀ ਅੰਦਰੂਨੀ ਵੰਡ ਹੈ। ਕਈ ਵਾਰ ਪ੍ਰਬੰਧਨ, ਰਾਜਨੀਤੀ ਜਾਂ ਨਿੱਜੀ ਹਿੱਤਾਂ ਵਿੱਚ ਅੰਤਰ ਸਿੱਖ ਸੰਸਥਾਵਾਂ ਦੀ ਏਕਤਾ ਨੂੰ ਕਮਜ਼ੋਰ ਕਰਦੇ ਹਨ। ਇਹ ਗੁਰੂ ਦੇ ਏਕਤਾ ਅਤੇ ਸਦਭਾਵਨਾ ਦੇ ਸੰਦੇਸ਼ ਦੇ ਵਿਰੁੱਧ ਜਾਂਦਾ ਹੈ। ਇਸ ਤੋਂ ਇਲਾਵਾ ਕੁਝ ਗੁਰਦੁਆਰੇ ਵਿਆਪਕ ਸਮਾਜ ਨਾਲ ਪੂਰੀ ਤਰ੍ਹਾਂ ਜੁੜ ਨਹੀਂ ਸਕੇ, ਸਿੱਖ ਭਾਈਚਾਰੇ ਤੋਂ ਪਰੇ ਆਪਣੇ ਸਕਾਰਾਤਮਕ ਪ੍ਰਭਾਵ ਨੂੰ ਫੈਲਾਅ ਨਹੀਂ ਸਕੇ।

ਸੁਧਾਰ ਲਈ, ਗੁਰਦੁਆਰੇ ਕਈ ਸਾਧਾਰਨ ਕਦਮ ਚੁੱਕ ਸਕਦੇ ਹਨ। ਪਹਿਲਾ, ਉਨ੍ਹਾਂ ਨੂੰ ਸਰਲ ਭਾਸ਼ਾਵਾਂ (ਗੁਰਮੁਖੀ ਅਤੇ ਇੰਗਲਿਸ਼) ਵਿੱਚ ਸਿੱਖਿਆ 'ਤੇ ਵਧੇਰੇ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ ਤਾਂ ਜੋ ਹਰ ਕੋਈ, ਖਾਸ ਕਰਕੇ ਨੌਜਵਾਨ, ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਮਝ ਸਕਣ। ਡਿਜੀਟਲ ਮੀਡੀਆ, ਔਨਲਾਈਨ ਕਲਾਸਾਂ ਅਤੇ ਭਾਈਚਾਰਕ ਚਰਚਾਵਾਂ ਵਰਗੇ ਆਧੁਨਿਕ ਸਾਧਨਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ ਜਾ ਸਕਦੀ ਹੈ।

ਦੂਜਾ, ਉਨ੍ਹਾਂ ਨੂੰ ਪ੍ਰਬੰਧਨ ਵਿੱਚ ਏਕਤਾ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਨਿੱਜੀ ਲਾਭ ਦੀ ਬਜਾਏ ਸੇਵਾ 'ਤੇ ਆਧਾਰਤ ਮਜਬੂਤ ਲੀਡਰਸ਼ਿਪ ਦੀ ਲੋੜ ਹੈ। ਤੀਜਾ, ਗੁਰਦੁਆਰੇ ਭੁੱਖਮਰੀ, ਗਰੀਬੀ ਅਤੇ ਵਾਤਾਵਰਣ ਸੁਰੱਖਿਆ ਵਰਗੇ ਵਿਸ਼ਵਵਿਆਪੀ ਮੁੱਦਿਆਂ ਨੂੰ ਹੱਲ ਕਰਨ ਲਈ ਦੂਜੇ ਭਾਈਚਾਰਿਆਂ ਤੇ ਸੰਗਠਨਾਂ ਨਾਲ ਕੰਮ ਕਰਕੇ ਸਮਾਜ 'ਚ ਆਪਣੀ ਭੂਮਿਕਾ ਦਾ ਹੋਰ ਵਿਸਤਾਰ ਵੀ ਕਰ ਸਕਦੇ ਹਨ। ਸੋ, ਸਿੱਖਿਆਵਾਂ ਨੂੰ ਸਿਰਫ਼ ਪ੍ਰਚਾਰਨ 'ਤੇ ਹੀ ਨਹੀਂ, ਸਗੋਂ ਉਨ੍ਹਾਂ 'ਤੇ ਅਮਲ ਕਰਨ 'ਤੇ ਵਧੇਰੇ ਧਿਆਨ ਕੇਂਦ੍ਰਿਤ ਕੀਤਾ ਜਾਣਾ ਚਾਹੀਦਾ ਹੈ। ਜਦੋਂ ਲੋਕ ਸਮਾਨਤਾ, ਇਮਾਨਦਾਰੀ ਅਤੇ ਸੇਵਾ ਦੀਆਂ ਅਸਲ ਮਿਸਾਲਾਂ ਦੇਖਦੇ ਹਨ, ਤਾਂ ਸੰਦੇਸ਼ ਹੋਰ ਮਜਬੂਤ ਹੋ ਜਾਂਦਾ ਹੈ।

ਅੰਤ ਵਿੱਚ, ਗੁਰਦੁਆਰੇ ਸੇਵਾ, ਸਮਾਨਤਾ ਅਤੇ ਅਧਿਆਤਮਿਕ ਮਾਰਗਦਰਸ਼ਨ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਿੱਖਿਆ, ਏਕਤਾ ਅਤੇ ਪਹੁੰਚ ਵਿੱਚ ਸੁਧਾਰ ਕਰਕੇ ਉਹ ਮਨੁੱਖਤਾ ਲਈ ਸਕਾਰਾਤਮਕ ਤਬਦੀਲੀ ਦੇ ਹੋਰ ਵੀ ਸ਼ਕਤੀਸ਼ਾਲੀ ਕੇਂਦਰ ਬਣ ਸਕਦੇ ਹਨ।

## ਧਰਮ ਨਿਰਪੱਖਤਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ

ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦਾ ਇੱਕ ਡੂੰਘਾ ਵਿਸ਼ਵਵਿਆਪੀ ਅਤੇ ਸਮਾਵੇਸ਼ੀ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ, ਜੋ ਧਰਮ ਨਿਰਪੱਖਤਾ ਦੇ ਆਧੁਨਿਕ ਵਿਚਾਰ ਨਾਲ ਨੇੜਿਓਂ ਮੇਲ ਖਾਂਦਾ ਹੈ। ਇਹ ਇੱਕ ਧਰਮ ਨੂੰ ਦੂਜੇ ਧਰਮ ਉੱਤੇ ਥੋਪਦਾ ਨਹੀਂ, ਸਗੋਂ ਇੱਕ ਸਿਰਜਣਹਾਰ ਦੇ ਅਧੀਨ ਸਾਰੇ ਲੋਕਾਂ ਦੀ ਏਕਤਾ 'ਤੇ ਜ਼ੋਰ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਸਿਖਾਉਂਦਾ ਹੈ ਕਿ ਸੱਚਾਈ, ਦਇਆ ਅਤੇ ਨਿਆਂ, ਰਸਮ ਜਾਂ ਧਾਰਮਿਕ ਪਛਾਣ ਨਾਲੋਂ ਉੱਚੇ ਹਨ।

ਇੱਕ ਕੇਂਦਰੀ ਸਿੱਖਿਆ ਪਰਮਾਤਮਾ ਦੀ ਏਕਤਾ ਅਤੇ ਸਾਰੇ ਮਨੁੱਖਾਂ ਦੀ ਸਮਾਨਤਾ ਹੈ: ਇੱਕ ਓਂਕਾਰ, ਸਤਿ ਨਾਮ... (ਪਰਮਾਤਮਾ ਇੱਕ ਹੈ, ਸੱਚ ਉਸਦਾ ਨਾਮ ਹੈ)। ਇਹ ਵਿਚਾਰ ਧਰਮ, ਜਾਤ ਅਤੇ ਕੌਮੀਅਤ ਦੇ ਵਿਭਾਜਨ ਨੂੰ ਤੋੜਦਾ ਹੈ, ਜੋ ਧਰਮ ਨਿਰਪੱਖ ਵਿਚਾਰ ਦਾ ਨੈਤਿਕ ਆਧਾਰ ਬਣਾਉਂਦਾ ਹੈ। ਗੁਰੂ ਸਹਿਬਾਨ ਨੇ ਵਿਤਕਰੇ ਨੂੰ ਰੱਦ ਕੀਤਾ ਅਤੇ ਵਿਸ਼ਵਵਿਆਪੀ ਭਾਈਚਾਰੇ 'ਤੇ ਜ਼ੋਰ ਦਿੱਤਾ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥

ਗੁਰੂ ਗ੍ਰੰਥ ਸਾਹਿਬ ਸਭ ਧਰਮ ਦੇ ਮਾਰਗਾਂ ਦਾ ਸਤਿਕਾਰ ਵੀ ਸਿਖਾਉਂਦਾ ਹੈ:

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

(ਕੋਈ ਵੀ ਮੇਰਾ ਦੁਸ਼ਮਣ ਨਹੀਂ ਹੈ, ਕੋਈ ਵੀ ਅਜਨਬੀ ਨਹੀਂ ਹੈ; ਮੈਂ ਸਾਰਿਆਂ ਨਾਲ ਮਿਲਦਾ-ਜੁਲਦਾ ਹਾਂ।)

ਅਜਿਹੀਆਂ ਸਿੱਖਿਆਵਾਂ ਸਦਭਾਵਨਾ, ਸਹਿਣਸ਼ੀਲਤਾ ਅਤੇ ਸ਼ਾਂਤੀਪੂਰਨ ਸਹਿ-ਹੋਂਦ ਨੂੰ ਉਤਸ਼ਾਹਿਤ ਕਰਦੀਆਂ ਹਨ, ਜੋ ਧਰਮ ਨਿਰਪੱਖ ਸਮਾਜਾਂ ਦੇ ਮੁੱਖ ਮੁੱਲ ਹਨ। ਗੁਰੂ ਗ੍ਰੰਥ ਸਾਹਿਬ ਲੋਕਾਂ ਨੂੰ ਆਪਣਾ ਵਿਸ਼ਵਾਸ ਛੱਡਣ ਲਈ ਨਹੀਂ ਕਹਿੰਦੇ, ਪਰ ਸੱਚਾਈ ਨਾਲ ਜਿਉਣ ਅਤੇ ਦੂਜਿਆਂ ਦੇ ਵਿਸ਼ਵਾਸਾਂ ਦਾ ਸਤਿਕਾਰ ਕਰਨ ਲਈ ਉਤਸ਼ਾਹਿਤ ਕਰਦੇ ਹਨ। ਅੱਜ ਦੇ ਵਿਸ਼ਵਵਿਆਪੀ ਸੰਦਰਭ ਵਿੱਚ, ਇਹ ਸੰਦੇਸ਼ ਬਹੁਤ ਹੀ ਢੁਕਵੇਂ ਹਨ। ਇਹ ਵਿਅਕਤੀਆਂ ਅਤੇ ਸਮਾਜਾਂ ਨੂੰ ਵੰਡ ਤੋਂ ਉੱਪਰ ਉੱਠਣ, ਟਕਰਾਅ ਘਟਾਉਣ ਅਤੇ ਧਾਰਮਿਕ ਮਤਭੇਦਾਂ ਦੀ ਬਜਾਏ ਸਾਂਝੇ ਮਨੁੱਖੀ ਮੁੱਲਾਂ 'ਤੇ ਆਧਾਰਤ ਏਕਤਾ ਬਣਾਉਣ ਲਈ ਮਾਰਗਦਰਸ਼ਨ ਕਰਦੇ ਹਨ।

## ਅੱਜ ਦੇ ਵਿਸ਼ਵ ਦ੍ਰਿਸ਼ਟੀਕੋਣ ਵਿੱਚ ਸਿੱਖ

ਸਿੱਖ ਵਿਸ਼ਵ ਦ੍ਰਿਸ਼ਟੀਕੋਣ ਵਿੱਚ ਇੱਕ ਜੀਵੰਤ ਅਤੇ ਪ੍ਰਭਾਵਸ਼ਾਲੀ ਭਾਈਚਾਰਾ ਬਣਾਉਂਦੇ ਹਨ, ਜਿਸ ਦੀਆਂ ਜੜ੍ਹਾਂ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਹਨ। ਦੱਖਣੀ ਏਸ਼ੀਆ ਦੇ ਪੰਜਾਬ ਖੇਤਰ ਵਿੱਚ ਪੈਦਾ ਹੋਇਆ ਸਿੱਖ ਧਰਮ ਅੱਜ ਭਾਰਤ, ਯੂਨਾਈਟਿਡ ਕਿੰਗਡਮ, ਕੈਨੇਡਾ, ਸੰਯੁਕਤ ਰਾਜ ਅਮਰੀਕਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਇੱਕ ਮਜਬੂਤ ਮੌਜੂਦਗੀ ਰੱਖਦਾ ਹੈ।

ਵਿਸ਼ਵਵਿਆਪੀ ਤੌਰ 'ਤੇ ਸਿੱਖ ਸਖ਼ਤ ਮਿਹਨਤ, ਇਮਾਨਦਾਰੀ ਅਤੇ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੇ ਸਭ ਤੋਂ ਵੱਧ ਦਿਖਾਈ ਦੇਣ ਵਾਲੇ ਯੋਗਦਾਨਾਂ ਵਿੱਚੋਂ ਇੱਕ ਲੰਗਰ ਦੀ ਪਰੰਪਰਾ ਹੈ, ਜਿੱਥੇ ਧਰਮ, ਨਸਲ ਜਾਂ ਰੁਤਬੇ ਦੀ ਪਰਵਾਹ ਕੀਤੇ ਬਿਨਾ ਸਾਰੇ ਲੋਕਾਂ ਨੂੰ ਮੁਫਤ ਭੋਜਨ ਪਰੋਸਿਆ ਜਾਂਦਾ ਹੈ। ਇਹ ਅਭਿਆਸ ਸਮਾਨਤਾ ਅਤੇ ਸਾਂਝੀਵਾਲਤਾ ਦੇ ਸਿੱਖ ਸਿਧਾਂਤਾਂ ਨੂੰ ਦਰਸਾਉਂਦਾ ਹੈ ਅਤੇ ਇਸਨੂੰ ਵਿਸ਼ਵਵਿਆਪੀ ਮਾਨਤਾ ਪ੍ਰਾਪਤ ਹੋਈ ਹੈ; ਖਾਸ ਕਰਕੇ ਕੁਦਰਤੀ ਆਫ਼ਤਾਂ ਅਤੇ ਮਾਨਵਤਾਵਾਦੀ ਸੰਕਟਾਂ ਦੌਰਾਨ।

ਸਿੱਖਾਂ ਨੇ ਵਪਾਰ, ਖੇਤੀਬਾੜੀ, ਸਿੱਖਿਆ, ਰੱਖਿਆ ਅਤੇ ਰਾਜਨੀਤੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਕੈਨੇਡਾ ਤੇ ਯੂ.ਕੇ. ਵਰਗੇ ਦੇਸ਼ਾਂ ਵਿੱਚ ਸਿੱਖ ਜਨਤਕ ਜੀਵਨ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ ਅਤੇ ਸਰਕਾਰ ਤੇ ਸਮਾਜ ਵਿੱਚ ਮਹੱਤਵਪੂਰਨ ਅਹੁਦਿਆਂ 'ਤੇ ਕਾਬਜ਼ ਹਨ। ਉਨ੍ਹਾਂ ਦੀ ਪਛਾਣ, ਜੋ ਕਿ ਪੱਗ ਦੁਆਰਾ ਦਰਸਾਈ ਗਈ ਹੈ, ਵਿਸ਼ਵ ਸਮਾਜਾਂ ਵਿੱਚ ਵਿਭਿੰਨਤਾ, ਵਿਸ਼ੇਸ਼ਤਾ ਅਤੇ ਬਹੁ-ਸੱਭਿਆਚਾਰਵਾਦ ਨੂੰ ਉਤਸ਼ਾਹਿਤ ਕਰਦੀ ਹੈ।

ਆਪਣੀਆਂ ਪ੍ਰਾਪਤੀਆਂ ਦੇ ਬਾਵਜੂਦ ਸਿੱਖਾਂ ਨੂੰ ਕਈ ਵਾਰ ਪਛਾਣ-ਆਧਾਰਤ ਵਿਤਕਰੇ ਅਤੇ ਆਪਣੇ ਅਕੀਦੇ ਬਾਰੇ ਜਾਗਰੂਕਤਾ ਦੀ ਘਾਟ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ ਭਾਈਚਾਰਕ ਯਤਨਾਂ, ਸਿੱਖਿਆ ਅਤੇ ਅੰਤਰ-ਧਰਮ ਸੰਵਾਦ ਰਾਹੀਂ ਉਹ ਸਮਝ ਅਤੇ ਸਤਿਕਾਰ ਪੈਦਾ ਕਰਨਾ ਜਾਰੀ ਰੱਖਦੇ ਹਨ। ਸਿੱਖ ਸੰਸਥਾਵਾਂ ਅਤੇ ਗੁਰਦੁਆਰੇ ਵੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਹੋਰ ਵਿਸ਼ਵ ਭਾਈਚਾਰਿਆਂ ਤੱਕ ਫੈਲਾਉਣ ਵਿੱਚ ਇੱਕ ਵੱਡੀ ਭੂਮਿਕਾ ਨਿਭਾਅ ਰਹੇ ਹਨ।

ਕੁੱਲ ਮਿਲਾ ਕੇ ਸਿੱਖ ਸਮਾਨਤਾ, ਸੇਵਾ ਅਤੇ ਏਕਤਾ ਦੇ ਮੁੱਲਾਂ ਨੂੰ ਉਤਸ਼ਾਹਿਤ ਕਰਨ ਵਿੱਚ ਸਕਾਰਾਤਮਕ ਭੂਮਿਕਾ ਨਿਭਾਉਂਦੇ ਹਨ, ਜਿਸ ਨਾਲ ਉਹ ਵਿਸ਼ਵ ਭਾਈਚਾਰੇ ਦਾ ਇੱਕ ਮਹੱਤਵਪੂਰਨ ਅਤੇ ਸਤਿਕਾਰਤ ਹਿੱਸਾ ਬਣਦੇ ਹਨ।

## ਸਿੱਖਾਂ ਦਾ ਭਾਰਤ ਦੇ ਹੋਰ ਧਰਮਾਂ ਅਤੇ ਭਾਈਚਾਰਿਆਂ ਨਾਲ ਸਬੰਧ

ਸਿੱਖ ਪਰੰਪਰਾ ਸਾਰੇ ਧਰਮਾਂ ਲਈ ਡੂੰਘਾ ਸਤਿਕਾਰ ਸਿਖਾਉਂਦੀ ਹੈ ਅਤੇ ਲੋਕਾਂ ਵਿੱਚ ਸਦਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ। 15ਵੀਂ ਸਦੀ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸਿੱਖ ਧਰਮ ਕਿਸੇ ਹੋਰ ਧਰਮ, ਜਾਤ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾ ਪਰਮਾਤਮਾ ਦੀ ਇੱਕਤਾ ਅਤੇ ਸਾਰੇ ਮਨੁੱਖਾਂ ਦੀ ਸਮਾਨਤਾ 'ਤੇ ਜ਼ੋਰ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵਿਤਕਰੇ ਨੂੰ ਸਖ਼ਤੀ ਨਾਲ ਰੱਦ ਕੀਤਾ ਅਤੇ ਹਿੰਦੂ ਧਰਮ ਤੇ ਇਸਲਾਮ ਵਰਗੇ ਵੱਖ-ਵੱਖ ਧਰਮਾਂ ਦੇ ਪੈਰੋਕਾਰਾਂ ਨਾਲ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕੀਤਾ।

ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਸਿੱਖਿਆਵਾਂ ਵਿੱਚ ਨਾ ਸਿਰਫ਼ ਸਿੱਖ ਗੁਰੂਆਂ ਦੀ ਬਾਣੀ ਸ਼ਾਮਲ ਹੈ, ਸਗੋਂ ਕਬੀਰ ਜੀ ਅਤੇ ਸ਼ੇਖ ਫਰੀਦ ਜੀ ਵਰਗੇ ਹਿੰਦੂ ਅਤੇ ਮੁਸਲਿਮ ਸੰਤਾਂ ਦੀ ਬਾਣੀ ਵੀ ਸ਼ਾਮਲ ਹੈ। ਇਹ ਸਿੱਖ ਧਰਮ ਦੇ ਸਮਾਵੇਸ਼ੀ ਸੁਭਾਅ ਅਤੇ ਵਿਭਿੰਨ ਪਰੰਪਰਾਵਾਂ ਤੋਂ ਅਧਿਆਤਮਿਕ ਗਿਆਨ ਲਈ ਇਸਦੇ ਸਤਿਕਾਰ ਨੂੰ ਦਰਸਾਉਂਦਾ ਹੈ।

ਸਿੱਖਾਂ ਨੇ ਇਤਿਹਾਸਕ ਤੌਰ 'ਤੇ ਭਾਰਤ ਵਿੱਚ ਦੂਜੇ ਧਰਮਾਂ ਦੇ ਲੋਕਾਂ ਨਾਲ ਸ਼ਾਂਤੀਪੂਰਨ ਅਤੇ ਸਹਿਯੋਗੀ ਸਬੰਧ ਬਣਾ ਰੱਖੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸ਼ੁਰੂ ਕੀਤੀ ਗਈ ਲੰਗਰ ਸੰਸਥਾ ਬਿਨਾ ਕਿਸੇ ਭੇਦਭਾਵ ਦੇ ਸਾਰਿਆਂ ਦਾ ਸਵਾਗਤ ਕਰਦੀ ਹੈ, ਸਮਾਨਤਾ ਅਤੇ ਸਾਂਝੀ ਮਾਨਵਤਾ ਨੂੰ ਉਤਸ਼ਾਹਿਤ ਕਰਦੀ ਹੈ। ਸਿੱਖ ਗੁਰੂ ਹਮੇਸ਼ਾ ਧਾਰਮਿਕ ਆਜ਼ਾਦੀ ਲਈ ਦ੍ਰਿੜਤਾ ਨਾਲ ਖੜ੍ਹੇ ਰਹੇ। ਖਾਸ ਤੌਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੁਸਲਿਮ ਸ਼ਾਸਕਾਂ ਤੋਂ ਹਿੰਦੂਆਂ ਦੇ ਧਰਮ ਆਜ਼ਾਦੀ ਦੇ ਅਧਿਕਾਰਾਂ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਆਧੁਨਿਕ ਭਾਰਤ ਵਿੱਚ ਸਿੱਖ ਸਮਾਜ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦੇ ਹਨ ਅਤੇ ਸਾਰੇ ਭਾਈਚਾਰਿਆਂ ਦੇ ਲੋਕਾਂ ਨਾਲ ਮਜਬੂਤ ਸਬੰਧ ਬਣਾਈ ਰੱਖਦੇ ਹਨ। ਸਿੱਖਾਂ ਦੇ ਸੇਵਾ, ਸਹਿਣਸ਼ੀਲਤਾ ਅਤੇ ਨਿਆਂ ਪੱਖੀ ਮੁੱਲ ਭਾਰਤ ਵਰਗੇ ਵਿਭਿੰਨ ਰਾਸ਼ਟਰ ਵਿੱਚ ਏਕਤਾ ਤੇ ਸ਼ਾਂਤੀਪੂਰਨ ਸਹਿ-ਹੋਂਦ ਨੂੰ ਉਤਸ਼ਾਹਿਤ ਕਰਦੇ ਹਨ।

# ਓ.ਟੀ.ਟੀ. ਪਲੈਟਫਾਰਮ:ਨਿੱਜੀ ਮਨੋਰੰਜਨ ਦੀ ਕ੍ਰਾਂਤੀ ਜਾਂ ਸਮੂਹਿਕਤਾ ਦਾ ਅੰਤ?

**ਅਰੁਣ ਕੁਮਾਰ ਗੌਂਡ**

***ਹੁਣ ਸੱਭਿਆਚਾਰ ਆਪਣੇ ਆਪ ਸਮਾਜ ਵਿੱਚੋਂ ਜਨਮ ਲੈਣ ਵਾਲੀ ਪ੍ਰਕਿਰਿਆ ਨਹੀਂ ਰਹਿ ਗਿਆ, ਸਗੋਂ ਇਹ ਬਾਜ਼ਾਰ ਦੇ ਆਧਾਰ 'ਤੇ ਤੈਅ ਹੋਣ ਲੱਗ ਪਿਆ ਹੈ...***

ਭਾਰਤੀ ਪਿੰਡਾਂ ਦੀ ਸਮਾਜਿਕ ਅਤੇ ਸੱਭਿਆਚਾਰਕ ਬਣਤਰ ਪਹਿਲਾਂ ਤੋਂ ਹੀ ਸਮੂਹਿਕਤਾ, ਮਿਲ-ਬੈਠ ਕੇ ਅਤੇ ਇਕੱਠੇ ਜੀਵਨ 'ਤੇ ਆਧਾਰਿਤ ਰਹੀ ਹੈ। ਉਸ ਵੇਲੇ ਤਕਨੀਕੀ ਸਹੂਲਤਾਂ ਘੱਟ ਸਨ, ਇਸ ਲਈ ਮਨੋਰੰਜਨ ਵੀ ਲੋਕਾਂ ਨੂੰ ਇਕੱਠਾ ਕਰਨ ਦਾ ਸਾਧਨ ਬਣਿਆ ਰਹਿੰਦਾ ਸੀ। ਉਸ ਸਮੇਂ ਵੇਖਣ-ਸੁਣਨ ਦੀ ਗੱਲ ਸਿਰਫ਼ ਇੱਕ ਵਿਅਕਤੀ ਤੱਕ ਸੀਮਿਤ ਨਹੀਂ ਹੁੰਦੀ ਸੀ, ਸਗੋਂ ਇਹ ਸਾਰਿਆਂ ਲਈ ਇਕੱਠੇ ਅਨੰਦ ਮਾਣਨ ਦਾ ਮੌਕਾ ਹੁੰਦਾ ਸੀ। ਜ਼ਿਆਦਾਤਰ ਪਿੰਡਾਂ ਦੇ ਘਰਾਂ ਵਿੱਚ ਟੈਲੀਵਿਜ਼ਨ ਨਹੀਂ ਹੁੰਦਾ ਸੀ ਅਤੇ ਮੋਬਾਈਲ ਜਾਂ ਇੰਟਰਨੈੱਟ ਵੀ ਨਹੀਂ ਹੁੰਦੇ ਸਨ। ਇਸ ਕਰਕੇ ਮਨੋਰੰਜਨ ਇੱਕ ਸਾਂਝੀ ਸਮਾਜਿਕ ਘਟਨਾ ਬਣ ਜਾਂਦਾ ਸੀ, ਜੋ ਲੋਕਾਂ ਵਿਚਕਾਰ ਨਜ਼ਦੀਕੀ ਅਤੇ ਸੰਤੁਲਨ ਬਣਾਈ ਰੱਖਦਾ ਸੀ।

ਪਰ ਅੱਜ 'ਸਭਿਆਚਾਰ ਉਦਯੋਗ' ਦੀ ਸੋਚ ਸਾਨੂੰ ਇਹ ਸਮਝਾਉਂਦੀ ਹੈ ਕਿ ਓ.ਟੀ.ਟੀ. ਪਲੈਟਫਾਰਮ (ਜੋ ਇੰਟਰਨੈੱਟ ਰਾਹੀਂ ਸਿੱਧਾ ਫ਼ਿਲਮਾਂ, ਸੀਰੀਜ਼ ਜਾਂ ਵੀਡੀਓ ਦਿਖਾਉਂਦੇ ਹਨ) ਹੁਣ ਸਿਰਫ਼ ਮਨੋਰੰਜਨ ਨਹੀਂ ਰਹੇ, ਸਗੋਂ ਇੱਕ ਪੂਰੀ ਪ੍ਰਣਾਲੀ ਬਣ ਚੁੱਕੇ ਹਨ। ਹੁਣ ਸੱਭਿਆਚਾਰ ਆਪਣੇ ਆਪ ਸਮਾਜ ਵਿੱਚੋਂ ਉਪਜਣ ਵਾਲੀ ਚੀਜ਼ ਨਹੀਂ ਰਹਿ ਗਿਆ, ਸਗੋਂ ਬਾਜ਼ਾਰ ਇਸ ਨੂੰ ਤੈਅ ਕਰਦਾ ਹੈ। ਕੀ ਬਣੇਗਾ, ਕਿਵੇਂ ਬਣੇਗਾ ਅਤੇ ਕਿਨ੍ਹਾਂ ਲਈ ਬਣੇਗਾ- ਇਹ ਸਭ ਹੁਣ ਲਾਭ, ਦਰਸ਼ਕਾਂ ਦੀ ਗਿਣਤੀ ਅਤੇ ਡਾਟਾ ਦੇ ਆਧਾਰ 'ਤੇ ਨਿਰਧਾਰਤ ਹੁੰਦਾ ਹੈ।

ਸਮਾਜ ਵਿਗਿਆਨੀ ਜਿਗਮੰਟ ਬਾਓਮਨ ਦੀ 'ਤਰਲ ਆਧੁਨਿਕਤਾ' ਦੇ ਆਧਾਰ 'ਤੇ ਵੇਖੀਏ ਤਾਂ ਓ.ਟੀ.ਟੀ. ਸੱਭਿਆਚਾਰ ਤੁਰੰਤ ਸੰਤੁਸ਼ਟੀ, ਬਦਲਦੀਆਂ ਪਸੰਦਾਂ ਅਤੇ ਲਗਾਤਾਰ ਐਪੀਸੋਡ ਵੇਖਣ ਦੀ ਆਦਤ ਨੂੰ ਵਧਾਉਂਦਾ ਹੈ। ਇਸ ਨਾਲ ਮਨੋਰੰਜਨ ਲੰਬੇ ਸਮੇਂ ਦੇ ਸਮਾਜਿਕ ਰਿਸ਼ਤਿਆਂ ਦੀ ਥਾਂ ਛੋਟੇ ਸਮੇਂ ਦੇ ਨਿੱਜੀ ਉਪਭੋਗ ਵਿੱਚ ਬਦਲ ਗਿਆ ਹੈ।

ਜੇ ਅਸੀਂ ਪਿੰਡਾਂ ਦੇ ਪੁਰਾਣੇ ਦ੍ਰਿਸ਼ ਨੂੰ ਯਾਦ ਕਰੀਏ, ਤਾਂ ਤਸਵੀਰ ਬਿਲਕੁਲ ਵੱਖਰੀ ਨਜ਼ਰ ਆਉਂਦੀ ਹੈ। ਕੁਝ ਹੀ ਘਰਾਂ ਵਿੱਚ ਟੀ.ਵੀ. ਹੁੰਦਾ ਸੀ, ਉਹ ਵੀ ਜ਼ਿਆਦਾਤਰ ਕਾਲੇ-ਸਫ਼ੈਦ। ਉਸ 'ਤੇ ਐਂਟੀਨਾ ਲੱਗਿਆ ਹੁੰਦਾ ਸੀ ਅਤੇ ਮੌਸਮ ਦੇ ਨਾਲ ਤਸਵੀਰ ਕਦੇ ਸਾਫ਼, ਕਦੇ ਧੁੰਦਲੀ ਹੋ ਜਾਂਦੀ ਸੀ। ਸ਼ਾਮ ਹੁੰਦੇ ਹੀ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਵਿੱਚ ਇੱਕੋ ਉਤਸ਼ਾਹ ਹੁੰਦਾ ਸੀ- ਅੱਜ ਵਾਲਾ ਪ੍ਰੋਗਰਾਮ ਦੇਖਣਾ ਹੈ। ਜਿਵੇਂ ਹੀ ਟੀ.ਵੀ. ਚਲਦਾ, ਨੇੜਲੇ ਘਰਾਂ ਦੇ ਲੋਕ ਵੀ ਆ ਕੇ ਇੱਕੋ ਵਿਹੜੇ ਜਾਂ ਵਰਾਂਡੇ ਵਿੱਚ ਬੈਠ ਜਾਂਦੇ। ਜ਼ਮੀਨ 'ਤੇ ਦਰੀ ਜਾਂ ਚਟਾਈ ਵਿਛਾਈ ਜਾਂਦੀ, ਜਗ੍ਹਾ ਘੱਟ ਹੋਵੇ ਤਾਂ ਕੋਈ ਬਾਹਰ ਖੜ੍ਹਾ ਹੋ ਕੇ ਵੀ ਵੇਖ ਲੈਂਦਾ।

ਇਹ ਸਿਰਫ਼ ਮਨੋਰੰਜਨ ਨਹੀਂ ਹੁੰਦਾ ਸੀ, ਸਗੋਂ ਇਕੱਠੇ ਬੈਠਣ, ਹੱਸਣ ਅਤੇ ਪ੍ਰਤੀਕਿਰਿਆ ਦੇਣ ਦਾ ਸਾਂਝਾ ਤਜਰਬਾ ਹੁੰਦਾ ਸੀ। ਇਸ ਤਰ੍ਹਾਂ ਮਨੋਰੰਜਨ ਸਮਾਜ ਵਿੱਚ ਵਿਅਕਤੀ ਅਤੇ ਸਮੂਹ ਦੇ ਵਿਚਕਾਰ ਸੰਤੁਲਨ ਬਣਾਈ ਰੱਖਦਾ ਸੀ, ਜੋ ਅੱਜ ਦੀ ਨਿੱਜੀ ਸਕਰੀਨ ਵਾਲੀ ਸੰਸਕ੍ਰਿਤੀ ਵਿੱਚ ਹੌਲੀ-ਹੌਲੀ ਘਟਦਾ ਜਾ ਰਿਹਾ ਹੈ। ਅੱਜ ਜਦੋਂ ਓ.ਟੀ.ਟੀ. ਪਲੈਟਫਾਰਮ ਅਤੇ ਸਮਾਰਟ ਫੋਨ ਨੇ ਮਨੋਰੰਜਨ ਨੂੰ ਪੂਰੀ ਤਰ੍ਹਾਂ ਨਿੱਜੀ ਬਣਾ ਦਿੱਤਾ ਹੈ, ਤਾਂ ਪੁਰਾਣੇ ਸਮੇਂ ਦੇ ਇਹ ਤਜਰਬੇ ਹੋਰ ਵੀ ਕੀਮਤੀ ਲੱਗਦੇ ਹਨ। ਅੱਜ ਸਾਡੇ ਕੋਲ ਨੈਟਫਲਿਕਸ, ਯੂਟਿਊਬ, ਮੋਬਾਈਲ ਅਤੇ ਬੇਅੰਤ ਸਾਧਨ ਹਨ, ਪਰ ਉਸ ਸਮੇਂ ਵਾਲੀ ਸਾਂਝੀ ਖੁਸ਼ੀ ਅਤੇ ਮਨੁੱਖੀ ਮੇਲ ਮਿਲਾਪ ਗ਼ਾਇਬ ਹੈ। ਅੱਜ ਹਰ ਵਿਅਕਤੀ ਆਪਣੀ ਪਸੰਦ ਮੁਤਾਬਕ, ਕਿਸੇ ਵੀ ਵੇਲੇ ਮਨੋਰੰਜਨ ਦੇਖ ਸਕਦਾ ਹੈ। ਇਸ ਨਾਲ ਸੁਵਿਧਾ ਤਾਂ ਵਧੀ ਹੈ, ਪਰ ਪਰਿਵਾਰਕ ਤੇ ਸਮੂਹਕ ਤਜਰਬੇ ਘਟੇ ਹਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕ ਹੁਣ ਆਪਣੀ-ਆਪਣੀ ਸਕਰੀਨ 'ਤੇ ਹੀ ਰੁੱਝੇ ਰਹਿੰਦੇ ਹਨ।

ਇੱਕ ਕਹਾਵਤ ਹੈ ਕਿ 'ਮੀਡੀਆ ਹੀ ਸੁਨੇਹਾ ਹੈ।' ਓ.ਟੀ.ਟੀ. ਪਲੈਟਫਾਰਮ ਲੋਕਾਂ ਨੂੰ ਦੁਨੀਆ ਭਰ ਦੀ ਸਮੱਗਰੀ ਸਿੱਧੀ ਦਿੰਦੇ ਹਨ- ਕੋਰੀਆਈ ਡਰਾਮੇ, ਅਮਰੀਕੀ ਸੀਰੀਜ਼, ਯੂਰਪੀ ਡਾਕੂਮੈਂਟਰੀਆਂ ਅਤੇ ਭਾਰਤੀ ਪ੍ਰੋਗਰਾਮ। ਇਹ ਸੱਭਿਆਚਾਰਕ ਪੱਖੋਂ ਧਨਾਢ ਹੈ, ਪਰ ਇਸ ਨਾਲ ਸਥਾਨਕ ਰਿਵਾਜਾਂ 'ਤੇ ਅਸਰ ਵੀ ਪੈ ਰਿਹਾ ਹੈ। ਪਹਿਲਾਂ ਜੋ ਸਾਂਝ ਘਰ ਦੇ ਵਿਹੜੇ ਵਿੱਚ ਬਣਦੀ ਸੀ, ਹੁਣ ਉਹ ਨਿੱਜੀ ਡਿਜ਼ੀਟਲ ਦੁਨੀਆ ਵਿੱਚ ਸੀਮਿਤ ਹੋ ਗਈ ਹੈ। ਓ.ਟੀ.ਟੀ. ਪਲੈਟਫਾਰਮ ਖਪਤ ਸੱਭਿਆਚਾਰ ਨੂੰ ਵਧਾਉਂਦੇ ਹਨ। ਨੌਜਵਾਨ ਆਪਣੀ ਪਸੰਦ ਦੇ ਅਨੁਸਾਰ ਸਮੱਗਰੀ ਚੁਣਦੇ ਹਨ, ਜਿਸ ਨਾਲ ਮਨੋਰੰਜਨ ਹੁਣ ਨਿੱਜੀ ਪਛਾਣ ਅਤੇ ਜੀਵਨ-ਸ਼ੈਲੀ ਦਾ ਹਿੱਸਾ ਬਣ ਗਿਆ ਹੈ। ਇਸ ਨਾਲ ਵਿਅਕਤੀਵਾਦ ਵਧ ਰਿਹਾ ਹੈ ਅਤੇ ਸਮਾਜਿਕ ਦੂਰੀ ਵੀ। ਲੋਕ ਪਰਿਵਾਰ ਜਾਂ ਗੁਆਂਢੀਆਂ ਨਾਲ ਗੱਲ ਕਰਨ ਦੀ ਬਜਾਏ ਆਪਣੀ ਸਕਰੀਨ ਵਿੱਚ ਹੀ ਰੁੱਝੇ ਰਹਿੰਦੇ ਹਨ।

ਹਾਲਾਂਕਿ ਓ.ਟੀ.ਟੀ. ਦਾ ਇੱਕ ਸਕਾਰਾਤਮਕ ਪੱਖ ਵੀ ਹੈ। ਇਹ ਨਵੀਂ ਕਿਸਮ ਦੀ ਡਿਜ਼ੀਟਲ ਸਾਂਝ ਦਾ ਮੌਕਾ ਦਿੰਦਾ ਹੈ। ਲੋਕ ਸੋਸ਼ਲ ਮੀਡੀਆ ਜਾਂ ਹੋਰ ਪਲੈਟਫਾਰਮਾਂ ਰਾਹੀਂ ਆਪਣੇ ਵਿਚਾਰ ਸਾਂਝੇ ਕਰਦੇ ਹਨ ਅਤੇ ਵਿਸ਼ਵ ਪੱਧਰ 'ਤੇ ਜੁੜਦੇ ਹਨ। ਸਮਾਜਕ ਪੱਖੋਂ ਵੇਖਿਆ ਜਾਵੇ ਤਾਂ ਓ.ਟੀ.ਟੀ. ਦਾ ਅਸਰ ਦੋਹਰਾ ਹੈ। ਇੱਕ ਪਾਸੇ ਇਹ ਗਿਆਨ, ਨਜ਼ਰੀਆ ਅਤੇ ਆਜ਼ਾਦੀ ਵਧਾਉਂਦਾ ਹੈ; ਦੂਜੇ ਪਾਸੇ ਇਹ ਰਵਾਇਤੀ ਸਾਂਝੇ ਤਜਰਬੇ ਤੇ ਪਰਿਵਾਰਕ ਗੱਲਬਾਤ ਨੂੰ ਕਮਜ਼ੋਰ ਕਰ ਰਿਹਾ ਹੈ।

ਦਰਸ਼ਕ ਦੀ ਪਸੰਦ ਦੇ ਅਨੁਸਾਰ ਸਮੱਗਰੀ ਦਿਖਾਉਣ ਦੀ ਸਹੂਲਤ ਓ.ਟੀ.ਟੀ. ਦੀ ਸਭ ਤੋਂ ਵੱਡੀ ਖ਼ਾਸੀਅਤ ਬਣ ਚੁੱਕੀ ਹੈ। ਇਸ ਨਾਲ ਲੋਕ ਜਲਦੀ ਆਪਣੀ ਪਸੰਦ ਦੀ ਚੀਜ਼ ਵੇਖ ਲੈਂਦੇ ਹਨ ਅਤੇ ਵਧੇਰੇ ਸਮੱਗਰੀ ਵਰਤਦੇ ਹਨ। ਹੁਣ ਰੋਜ਼ਾਨਾ ਨਵੇਂ ਪ੍ਰੋਗਰਾਮ ਆਉਣਾ ਵੀ ਆਮ ਗੱਲ ਬਣ ਗਈ ਹੈ। ਕੁੱਲ ਮਿਲਾ ਕੇ ਵੇਖਿਆ ਜਾਵੇ ਤਾਂ ਓ.ਟੀ.ਟੀ. ਪਲੈਟਫਾਰਮ ਨੇ ਮਨੋਰੰਜਨ ਨੂੰ ਨਿੱਜੀ, ਆਸਾਨ ਅਤੇ ਵਿਸ਼ਵ ਪੱਧਰੀ ਬਣਾ ਦਿੱਤਾ ਹੈ। ਇਹ ਲੋਕਾਂ ਨੂੰ ਆਪਣੀ ਪਸੰਦ ਮੁਤਾਬਕ ਚੋਣ ਕਰਨ ਦਾ ਮੌਕਾ ਦਿੰਦਾ ਹੈ ਅਤੇ ਨਵੇਂ ਬਾਜ਼ਾਰਾਂ ਤੱਕ ਪਹੁੰਚ ਵੀ ਵਧਾਉਂਦਾ ਹੈ। ਇਸ ਤਰ੍ਹਾਂ ਓ.ਟੀ.ਟੀ. ਸਿਰਫ਼ ਤਕਨੀਕੀ ਬਦਲਾਅ ਨਹੀਂ, ਸਗੋਂ ਸਮਾਜ ਦੇ ਮਨੋਰੰਜਨ, ਸੱਭਿਆਚਾਰ ਅਤੇ ਜੀਵਨ ਢੰਗ ਨੂੰ ਨਵਾਂ ਰੂਪ ਦੇਣ ਵਾਲਾ ਇੱਕ ਮਜਬੂਤ ਸਾਧਨ ਬਣ ਗਿਆ ਹੈ।

# ਸਮਾਜ, ਮਨੁੱਖਤਾ ਤੇ ਕਾਨੂੰਨ ਵਿਚਾਲੇ ਫਸੀ ਇੱਕ ਕੁੜੀ!

ਸਾਂਝੇ ਦਰਦ

**ਬੀਰਿੰਦਰ ਸਿੰਘ ਢਿੱਲੋਂ**
**ਐਡਵੋਕੇਟ (ਚੰਡੀਗੜ੍ਹ)**
**ਫੋਨ:+91-9988091463**



ਖੁਦ ਨੂੰ ਸਾਂਭਣ ਤੋਂ ਅਸਮਰੱਥ ਅਤੇ ਬੇਸਹਾਰਾ ਉਸ ਕੁੜੀ ਨੂੰ, ਸਮਾਜ ਵਿਚਲੇ ਲੂੰਬੜਾਂ-ਬਘਿਆੜਾਂ ਤੋਂ ਬਚਾਉਣ ਲਈ ਚਾਰ ਦੀਵਾਰੀ ਵਿੱਚ ਰੱਖਿਆ ਗਿਆ ਸੀ; ਪਰ ਬਘਿਆੜ ਤਾਂ ਇੱਥੇ ਵੀ ਸਨ। ਇੱਕ ਦਿਨ ਅਚਾਣਕ ਉਲਟੀਆਂ ਕਰਦੀ ਨੂੰ ਨਰਸ ਅਤੇ ਇੱਕ ਸਵੈ-ਸੇਵਕ ਨੇ ਵੇਖ ਲਿਆ। ਮਾਮਲਾ ਸ਼ੱਕੀ ਲੱਗਣ 'ਤੇ ਉਨ੍ਹਾਂ ਕੁੜੀ ਦਾ ਟੈਸਟ ਕੀਤਾ ਤਾਂ ਕੁੜੀ ਗਰਭਵਤੀ ਸੀ। ਨਾਰੀ ਨਿਕੇਤਣ ਦੇ ਪ੍ਰਬੰਧਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਨਾਬਾਲਗ ਕੁੜੀ ਆਪਣੇ ਹੀ ਰਾਖਿਆਂ ਤੇ ਸੇਵਾਦਾਰਾਂ ਦੇ ਬਲਾਤਕਾਰ ਦਾ ਸ਼ਿਕਾਰ ਹੋ ਰਹੀ ਸੀ। ਪ੍ਰਬੰਧਕਾਂ ਨੇ ਹਸਪਤਲ ਨੂੰ ਫੋਨ ਕਰ ਦਿੱਤਾ। ਹਸਪਤਾਲ ਦੇ ਅਧਿਕਾਰੀਆਂ ਨੇ ਤੁਰੰਤ ਤਿੰਨ ਡਾਕਟਰਾਂ ਦਾ ਬੋਰਡ ਬਣਾ ਕੇ ਕੁੜੀ ਦਾ ਮੁਆਇਨਾ ਕੀਤਾ ਤਾਂ ਕੁੜੀ ਢਾਈ ਮਹੀਨਿਆਂ ਦੀ ਗਰਭਵਤੀ ਪਾਈ ਗਈ। ਘਟਨਾ ਹਸਪਤਾਲੋਂ ਨਿਕਲ ਕੇ ਅਖਬਾਰਾਂ ਦੀ ਸੁਰਖੀ ਬਣ ਗਈ। ਮੀਡੀਏ ਨੂੰ ਸਨਸਨੀਖੇਜ ਖਬਰ ਮਿਲ ਗਈ। ਹੁਣ? ਘਬਰਾਏ ਪ੍ਰਬੰਧਕਾਂ ਨੂੰ ਅਜੇ ਵੀ ਆਸ ਸੀ ਕਿ ਖਬਰ ਝੂਠੀ ਨਿਕਲ ਜਾਵੇ। ਫਿਰ ਤੋਂ ਕੁੜੀ ਦਾ ਅਲਟਰਾਸਾਊਂਡ ਟੈਸਟ ਕਰਾਇਆ ਗਿਆ। ਡਾਕਟਰ ਨੇ ਲਿਖ ਕੇ ਦੇ ਦਿੱਤਾ ਕਿ ਕੁੜੀ ਗਰਭਵਤੀ ਹੈ।

ਸੂਬੇ ਵਿੱਚ ਰੌਲਾ ਪੈ ਗਿਆ ਤੇ ਵਿਰੋਧੀ ਪਾਰਟੀ ਨੇ ਸਰਕਾਰ 'ਤੇ ਮਿਹਣਿਆਂ ਦੀ ਬੁਛਾੜ ਕਰ ਦਿੱਤੀ। ਉਨ੍ਹਾਂ ਨੂੰ ਮਸੀਂ ਮੌਕਾ ਮਿਲਿਆ ਸੀ ਸੂਬੇ ਵਿੱਚ ਅਮਨ ਕਾਨੂੰਨ ਦਾ ਮਸਲਾ ਉਠਾਉਣ ਦਾ। ਕਈ ਚਿਰ ਤੋਂ ਵਿਹਲੀਆਂ ਬੈਠੀਆਂ ਅਨੇਕਾਂ ਜਥੇਬੰਦੀਆਂ ਤੇ ਸੰਸਥਾਵਾਂ ਸੜਕਾਂ ਤੇ ਨਿਕਲ ਆਈਆਂ। ਉੱਧਰ ਹਸਪਤਾਲ ਵਿੱਚ ਕੁੜੀ ਦਾ ਹੱਡੀਆਂ ਦਾ ਟੈਸਟ ਕੀਤਾ ਗਿਆ ਤਾਂ ਉਹਦੀ ਉਮਰ 19 ਤੋਂ 20 ਸਾਲ ਦੇ ਵਿਚਕਾਰ ਸਾਬਤ ਹੋ ਗਈ। ਟੀ.ਵੀ. ਚੈਨਲਾਂ ਨੇ ਧਰਤੀ ਪੁੱਟ ਸਿੱਟੀ। ਅਨੇਕਾਂ ਮੂਰਖ ਪੱਤਰਕਾਰ ਹਸਪਤਾਲ ਵਿੱਚ ਪਈ ਕੁੜੀ ਦੇ ਮੂੰਹ ਅੱਗੇ ਮਾਇਕ ਕਰਕੇ ਪੁੱਛਣ ਲੱਗੇ ਕਿ "ਹੁਣ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ? ਕੀ ਤੁਸੀਂ ਮਾਂ ਬਣਨਾ ਪਸੰਦ ਕਰੋਗੇ?" ਪ੍ਰਸ਼ਾਸਨ ਹਰਕਤ ਵਿੱਚ ਆਇਆ ਤੇ ਪੁਲਿਸ ਨੇ ਮੰਦਬੁੱਧੀ ਕੁੜੀ ਨਾਲ ਹੋਏ ਬਲਾਤਕਾਰ ਦਾ ਮੁਕੱਦਮਾ ਦਰਜ ਕਰ ਲਿਆ। ਉੱਧਰ ਮਾਮਲੇ ਦੀ ਸੰਜੀਦਗੀ ਵੇਖਦਿਆਂ ਸਰਕਾਰ ਨੇ ਤਿੰਨ ਪੁਲਿਸ ਅਫਸਰਾਂ ਦੀ ਜਾਂਚ ਟੀਮ ਬਣਾ ਕੇ ਵਾਲ ਦੀ ਖੱਲ ਲਾਹੁਣੀ ਸ਼ੁਰੂ ਕਰ ਦਿੱਤੀ। ਪਰ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਤੋਂ ਪਹਿਲਾਂ ਇੱਕ ਹੋਰ ਸਵਾਲ ਮੂੰਹ ਅੱਡ ਖਲੋਤਾ। ਹਸਪਤਾਲ ਵਿੱਚ ਅਧਿਕਾਰੀ ਕਦੀ ਦੋ ਡਾਕਟਰਾਂ ਦਾ ਤੇ ਕਦੀ ਤਿੰਨ ਦਾ ਬੋਰਡ ਬਣਾ ਕੇ ਇਹ ਪਤਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਕੀ ਕੁੜੀ ਬੱਚਾ ਪੈਦਾ ਕਰਨ ਦੇ ਕਾਬਲ ਹੈ ਜਾਂ ਨਹੀਂ!

ਅਸਲ ਵਿੱਚ ਹੁਣ ਹਰ ਕੋਈ ਆਪੋ ਆਪਣੀ ਖੱਲ ਬਚਾਉਣ ਦੀ ਸੋਚਣ ਲੱਗਾ ਕਿ ਕਿਤੇ ਕਾਨੂੰਨ ਦੀ ਗਾਜ ਮੇਰੇ 'ਤੇ ਨਾ ਡਿੱਗ ਪਵੇ। ਡਾਕਟਰੀ ਸਲਾਹ ਇਹ ਬਣੀ ਕਿ ਕੁੜੀ ਦਾ ਗਰਭਪਾਤ ਕੀਤਾ ਜਾਵੇ। ਵਰਨਾਂ ਕੁੜੀ ਦੀ ਸਿਹਤ ਤੇ ਜ਼ਿੰਦਗੀ ਨੂੰ ਖਤਰਾ ਤਾਂ ਹੈ ਹੀ, ਬਲਕਿ ਪੈਦਾ ਹੋਣ ਵਾਲਾ ਬੱਚਾ ਵੀ ਨਾਰਮਲ ਨਹੀਂ ਹੋਵੇਗਾ। ਬਲਾਤਕਾਰ ਦੀ ਸ਼ਿਕਾਰ ਇਹ ਮੰਦਬੁੱਧੀ ਕੁੜੀ ਮਾਂ ਵਾਲੇ ਫਰਜ਼ ਨਿਭਾਉਣ ਦੇ ਵੀ ਅਸਮਰੱਥ ਹੈ। ਦਸ ਦਲੀਲਾਂ ਦੇ ਕੇ ਡਾਕਟਰਾਂ ਨੇ ਗਰਭਪਾਤ ਦੀ ਸਿਫਾਰਸ਼ ਕਰ ਦਿੱਤੀ, ਪਰ ਅਗਾਂਹ ਕਾਨੂੰਨ ਲੋਹੇ ਦਾ ਕਿੱਲ ਬਣਿਆ ਖੜਾ ਸੀ। ਔਰਤ ਦੀ ਮਰਜੀ ਤੋਂ ਵਗੈਰ ਗਰਭਪਾਤ ਕਰਨ ਦੀ ਸਜ਼ਾ ਉਮਰ ਕੈਦ ਅਤੇ ਸਹਿਮਤੀ ਨਾਲ ਗਰਭਪਾਤ ਕਰਨ 'ਤੇ ਸੱਤ ਸਾਲ ਸੀ। ਉੱਪਰੋਂ ਗਰਭਪਾਤ ਤਿੰਨ ਮਹੀਨਿਆਂ ਤੋਂ ਪਿੱਛੋਂ ਨਹੀਂ ਸੀ ਕੀਤਾ ਜਾ ਸਕਦਾ; ਪਰ ਜੱਚਾ-ਬੱਚਾ ਦੀ 'ਸਿਹਤ ਤੇ ਸੁਰੱਖਿਆ' ਲਈ ਭਾਰਤੀ ਕਾਨੂੰਨ ਗਰਭਪਾਤ ਕਰਨ ਦੀ ਛੋਟ ਦਿੰਦਾ ਹੈ। ਇਹਦੇ ਲਈ ਗਰਭਵਤੀ ਔਰਤ ਜਾਂ ਉਸਦੇ ਵਾਰਸ ਦੀ ਸਹਿਮਤੀ ਹੋਣੀ ਜਰੂਰੀ ਹੈ; ਪਰ ਮੰਦਬੁੱਧੀ ਕੁੜੀ ਤਾਂ ਸਹਿਮਤੀ ਦੇਣ ਤੋਂ ਅਸਮਰੱਥ ਸੀ ਤੇ ਉੱਤੋਂ ਲਾਵਾਰਸ ਵੀ ਸੀ।

ਭਾਰਤ ਵਿੱਚ ਜਿੱਥੇ ਹਰ ਗਲਤੀ ਦੂਜਿਆਂ 'ਤੇ ਸੁੱਟ ਕੇ ਆਪਣੀ ਖੱਲ ਬਚਾਉਣ ਦਾ ਰਿਵਾਜ ਹੈ, ਕੋਈ ਡਾਕਟਰ ਜਾਂ ਅਫਸਰ ਆਪਣੇ ਸਿਰ ਕਿਉਂ ਜ਼ਿੰਮੇਵਾਰੀ ਲਵੇ? ਜ਼ਰਾ ਜਿੰਨੀ ਗਲਤੀ ਹੋਣ 'ਤੇ ਕੋਈ ਵੀ ਸੜਕ ਛਾਪ ਨੇਤਾ ਧਰਨੇ 'ਤੇ ਬੈਠ ਸਕਦਾ ਸੀ। ਹੁਣ? ਉੱਚ ਅਧਿਕਾਰੀਆਂ ਨੇ ਆਪਣੇ ਵਕੀਲ ਦੀ ਸਲਾਹ ਪੁੱਛੀ। ਵਕੀਲ ਨੇ ਸਰਕਾਰ ਵੱਲੋਂ ਹਾਈਕੋਰਟ ਵਿੱਚ ਰਿੱਟ ਪਾ ਦਿੱਤੀ ਕਿ ਕੁੜੀ ਦਾ ਗਰਭਪਾਤ ਕਰਨ ਦਾ ਹੁਕਮ ਦਿੱਤਾ ਜਾਵੇ। ਅਗਾਂਹ ਜੱਜ ਵੀ ਰੋਜ਼ ਮੀਡੀਏ ਵੱਲੋਂ ਪਾਇਆ ਜਾ ਰਿਹਾ ਚੀਖ ਚਿਹਾੜਾ ਸੁਣਦੇ ਆ ਰਹੇ ਸਨ। ਡਿਵੀਜ਼ਨ ਬੈਂਚ ਨੇ ਮਿਸਲ ਹੱਥ ਫੜ੍ਹਦਿਆਂ ਹੀ ਸਰਕਾਰ ਦੇ ਐਡਵੋਕੇਟ ਜਰਨਲ ਨੂੰ ਸਵਾਲ ਕੀਤਾ, "ਇਹ ਕੰਮ ਸਥਾਨਕ ਪੱਥਰ 'ਤੇ ਹੀ ਕੀਤਾ ਜਾ ਸਕਦਾ ਸੀ। ਫਿਰ ਜਹਾਂਗੀਰ ਦਾ ਟੱਲ ਖੜਕਾਉਣ ਦੀ ਲੋੜ ਕਿਉਂ ਪਈ?" ਵਕੀਲ ਦਾ ਜਵਾਬ ਸੀ, "ਮਾਈ ਲੌਰਡ 'ਕਾਨੂੰਨੀ ਨੁਕਤਾ' ਸਪੱਸ਼ਟ ਕਰਨ ਦੀ ਲੋੜ ਹੈ।" ਇਹ 'ਕਾਨੂੰਨੀ ਨੁਕਤਾ'



ਨਿਆਂਪਾਲਿਕਾ ਵਿੱਚ ਜੱਜਾਂ ਤੇ ਵਕੀਲਾਂ ਦਾ ਕੋਡ ਵਰਡ ਹੈ, ਜਿਸਦਾ ਮਤਲਬ ਹੁੰਦਾ ਹੈ, 'ਆਪਾਂ ਵੀ ਤਾਂ ਰੋਟੀ ਖਾਣੀ ਹੈ!'

ਹਾਈ ਕੋਰਟ ਨੇ ਸੁਣਵਾਈ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰਾਂ ਨੂੰ ਆਪੋ-ਆਪਣੇ ਪੱਖ ਪੇਸ਼ ਕਰਨ ਲਈ ਨੋਟਿਸ ਜਾਰੀ ਕਰ ਦਿੱਤਾ। ਨਾਲ ਹੀ ਅਦਾਲਤ ਦੀ ਮਦਦ ਲਈ ਇੱਕ ਸੀਨੀਅਰ ਵਕੀਲ ਨੂੰ ਆਪਣਾ ਵਕੀਲ ਨਿਯੁਕਤ ਕਰ ਦਿੱਤਾ। ਗੱਲ ਸਧਾਰਣ ਗਰਭਪਾਤ ਤੋਂ ਲੈ ਕੇ ਸਮਾਜ, ਕਾਨੂੰਨ ਅਤੇ ਮਨੁੱਖਤਾ ਦੀ ਟੱਕਰ ਵਿੱਚ ਬਦਲ ਗਈ। ਬਲਾਤਕਾਰ ਕੀ ਹੁੰਦਾ ਹੈ? ਸਹਿਮਤੀ ਕਿਸਨੂੰ ਕਹਿੰਦੇ ਹਨ? ਮੰਦਬੁੱਧੀ ਕੀ ਹੁੰਦੀ ਹੈ? ਮਾਂ ਬਣਨ ਦੀਆਂ ਕੀ ਜ਼ਿੰਮੇਵਾਰੀਆਂ ਹਨ? ਗਰਭ ਕਦੋਂ ਜਰੂਰੀ ਹੈ? ਕੁਆਰੀ ਕੁੜੀ ਦੇ ਪੈਦਾ ਹੋਏ ਬੱਚੇ ਨੂੰ ਸਮਾਜ ਕਿਵੇਂ ਲਵੇਗਾ? ਵਰਗੇ ਨੁਕਤਿਆਂ 'ਤੇ ਵਾਲ ਦੀ ਖੱਲ ਲਾਹੀ ਜਾਣ ਲੱਗੀ। ਉੱਤੋਂ ਵਕਤ ਦੌੜ ਰਿਹਾ ਸੀ। ਅਦਾਲਤ ਜਾਨਣਾ ਚਾਹੁੰਦੀ ਸੀ ਕਿ ਕੀ ਸੱਚਮੁੱਚ ਹੀ ਗਰਭਪਾਤ ਦੀ ਲੋੜ ਹੈ? ਇਸ ਲਈ ਸਹਿਮਤੀ ਕਿਸ ਦੀ ਲਈ ਜਾਵੇ? ਅਦਾਲਤ ਹੁਕਮ ਕਰੇ ਤਾਂ ਕਿਸ ਨੂੰ ਕਰੇ? ਸਾਰੀਆਂ ਧਿਰਾਂ ਨੇ ਸਾਂਝਾ ਸਵਾਲ ਰਿੜਕਿਆ ਕਿ ਅਗਾਂਹ ਤੋਂ ਅਜਿਹੀ ਦੁਬਿਧਾ ਤੋਂ ਬਚਣ ਲਈ ਕੀ ਕੀਤਾ ਜਵੇ? ਵੱਡਾ ਸਵਾਲ ਇਹ ਵੀ ਸੀ ਕਿ ਸਮਾਜ, ਕਾਨੂੰਨ ਅਤੇ ਮਨੁੱਖਤਾ ਵਿੱਚੋਂ ਕਿਸ ਨੂੰ ਵੱਧ ਵਜ਼ਨ ਦਿੱਤਾ ਜਾਵੇ? ਅਦਾਲਤ ਨੇ ਪੀ.ਜੀ.ਆਈ. ਦੇ ਪੰਜ ਮਾਹਰ ਡਾਕਟਰਾਂ ਦੀ ਟੀਮ ਤੋਂ ਨਵੀਂ ਰਿਪੋਰਟ ਵੀ ਮੰਗਵਾਈ। ਇਸ ਟੀਮ ਨੇ ਗੱਲ ਗੋਲ-ਮੋਲ ਕਰਕੇ ਆਖਰੀ ਫੈਸਲਾ ਅਦਾਲਤ 'ਤੇ ਛੱਡ ਦਿੱਤਾ। ਭਾਰਤ ਮਹਾਨ ਵਿਚਲਾ ਸਰਕਾਰੀ ਤੰਤਰ ਪਹਿਲਾਂ ਆਪਣਾ ਪੱਲਾ ਬਚਾਉਂਦਾ ਹੈ; ਬਾਅਦ ਵਿੱਚ ਫਰਜ਼ ਆਉਂਦੇ ਹਨ। ਵਿਕਸਿਤ ਦੇਸ਼ਾਂ ਵਿੱਚ ਫਰਜ਼ ਪਹਿਲਾਂ ਹੁੰਦੇ ਹਨ।

ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਹਰਿਆਣਾ ਸਰਕਾਰ ਦਾ ਵਕੀਲ ਸਮਾਜ ਨੂੰ ਕਾਨੂੰਨ ਤੇ ਮਨੁੱਖੀ ਅਧਿਕਾਰਾਂ ਤੋਂ ਉੱਪਰ ਕਹਿ ਰਿਹਾ ਸੀ। ਉਸ ਦੀ ਦਲੀਲ ਸੀ ਕਿ ਸਮਾਜ ਸਦੀਆਂ ਪੁਰਾਣਾ ਹੈ, ਜਦੋਂ ਕਿ ਦੋ ਬਾਲਗਾਂ ਨੂੰ ਅਪਣੀ ਮਰਜੀ ਨਾਲ ਸ਼ਾਦੀ ਕਰਨ ਦਾ ਕਾਨੂੰਨ ਮਹਿਜ ਅੱਧੀ ਸਦੀ ਪੁਰਾਣਾ ਹੈ। ਇਸੇ ਕਰਕੇ ਹਰਿਆਣਾ ਵਿੱਚ ਖਾਪ ਪੰਚਾਇਤਾਂ ਇੱਕੋ ਗੋਤ ਵਿੱਚ ਵਿਆਹ ਕਰਾਉਣ ਵਾਲੇ ਪ੍ਰੇਮੀ ਜੋੜਿਆਂ ਨੂੰ ਮਾਰਨ ਦੇ ਫਤਵੇ ਜਾਰੀ ਕਰ ਰਹੀਆਂ ਹਨ। ਸਾਡਾ ਸਮਾਜ ਆਪਣੀ ਮਰਜੀ ਦੇ ਵਿਆਹ ਅਤੇ ਕੁਆਰੀ ਕੁੜੀ ਦੇ ਬੱਚੇ ਨੂੰ ਸਵੀਕਾਰ ਨਹੀਂ ਕਰਦਾ। ਕੇਂਦਰ ਦੇ ਵਕੀਲ ਦੀ ਦਲੀਲ ਸੀ ਕਿ ਇਸ ਦੇਸ਼ ਵਿੱਚ ਕਾਨੂੰਨ ਦਾ ਰਾਜ ਹੈ। ਇਸ ਲਈ ਕਾਨੂੰਨਨ ਇਹ ਗਰਭਪਾਤ ਨਹੀਂ ਹੋ ਸਕਦਾ।

ਪਿੱਛੇ ਬੈਠੇ ਕਿਸੇ ਨੇ ਬੁੜ ਬੁੜ ਕੀਤੀ ਕਿ ਫੇਰ ਅੱਜ ਤੱਕ ਸੱਠਾਂ ਸਾਲਾਂ ਵਿੱਚ ਵੱਡੇ ਤੋਂ ਵੱਡੇ ਘਪਲੇ ਤੇ ਵੱਡੇ ਵੱਡੇ ਗੁਨਾਹ ਕਰਨ ਵਾਲੇ ਕਿਸੇ ਵੀ ਵੱਡੇ ਬੰਦੇ ਨੂੰ ਸਜ਼ਾ ਕਿਉਂ ਨਹੀਂ ਹੋਈ? ਪੰਜਾਬ ਦਾ ਵਕੀਲ ਦਲੀਲਾਂ ਦੇ ਰਿਹਾ ਸੀ ਕਿ ਸਾਡੇ ਧਰਮ ਵਿੱਚ ਗਰਭਪਾਤ ਪਾਪ ਹੈ। ਇਸ ਲਈ ਇਸਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਪਿੱਛੇ ਫਿਰ ਘੁਸਰ ਮੁਸਰ ਹੋਣ ਲੱਗੀ ਕਿ ਫੇਰ ਭਰੂਣ ਹੱਤਿਆ ਵਿੱਚ ਪੰਜਾਬੀ ਦੁਨੀਆਂ ਵਿੱਚ ਮੋਹਰੀ ਕਿਉਂ ਹਨ? ਅਦਾਲਤ ਦਾ ਵਕੀਲ ਕੁੜੀ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ 'ਤੇ ਜ਼ੋਰ ਦੇ ਰਿਹਾ ਸੀ। ਇੱਕ ਤਾਂ ਬੇਸਹਾਰਾ ਨਾਲ ਬਲਾਤਕਾਰ, ਉੱਤੋਂ ਅਣਚਾਹਿਆ ਗਰਭ। ਅਦਾਲਤ ਨੂੰ ਕੁੜੀ ਨਾਲ ਖੜ੍ਹਨਾ ਚਾਹੀਦਾ ਹੈ।

ਇੱਕ ਜੱਜ ਨੇ ਟਿੱਪਣੀ ਕੀਤੀ ਕਿ ਭਾਰਤ ਵਿਸ਼ਵ ਦੇ ਸਭ ਤੋਂ ਵੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਉਂਜ ਵੀ ਗਰੀਬਾਂ ਦੇ ਕੋਈ ਮਨੁੱਖੀ ਅਧਿਕਾਰ ਨਹੀਂ ਹੁੰਦੇ। ਵਿਚਾਰੇ ਕੀੜੇ ਮੁਕੌੜਿਆਂ ਦੀ ਜੂਨ ਹੰਢਾ ਕੇ ਮਰ ਜਾਂਦੇ ਹਨ। ਭਾਰਤ ਵਿੱਚ ਚਾਰ ਲੱਖ ਔਰਤਾਂ ਮੰਗਤੀਆਂ ਹਨ। ਜੋ ਅਕਸਰ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਬੱਚੇ ਨੂੰ ਝੋਲੀ ਵਿੱਚ ਲਟਕਾਈ ਸੜਕਾਂ 'ਤੇ ਘੁੰਮਦੀਆਂ ਮੰਗਦੀਆਂ ਹਨ। ਹਜ਼ਾਰਾਂ ਵਿਧਵਾਵਾਂ, ਸਾਧਣੀਆਂ ਅਤੇ ਸ਼ਰਾਰਤੀ ਬੰਦਿਆਂ ਨੂੰ ਹੀ ਰੱਬ ਸਮਝ ਬੈਠੀਆਂ ਸ਼ਰਧਾਲੂ ਔਰਤਾਂ ਨਾਲ ਇੰਜ ਹੀ ਹੁੰਦੀ ਹੈ। ਉਦੋਂ ਨਾ ਕੋਈ ਸਮਾਜ ਬੋਲਦਾ ਹੈ, ਨਾ ਕਾਨੂੰਨ ਤੇ ਨਾ ਹੀ ਮਨੁੱਖੀ ਅਧਿਕਾਰ।

ਦਰਜਨਾਂ ਕਾਨੂੰਨੀ ਕਿਤਾਬਾਂ, ਅਦਾਲਤੀ ਫੈਸਲਿਆਂ ਅਤੇ ਡਾਕਟਰੀ ਸਲਾਹਾਂ 'ਤੇ ਗੌਰ ਕਰਨ ਪਿੱਛੋਂ ਅਦਾਲਤ ਨੇ ਕਿਹਾ, "ਸਾਡੇ ਢਾਂਚੇ ਅਤੇ ਸਮਾਜ ਦਾ ਵਤੀਰਾ ਇਸ ਬੇਬੱਸ ਕੁੜੀ ਨਾਲ ਗੈਰ-ਜ਼ਿੰਮੇਵਾਰ ਅਤੇ ਜ਼ਾਲਮਾਨਾ ਰਹੇ ਹਨ। ਸਾਡਾ ਕਾਨੂੰਨ ਵੀ ਸਮੇਂ ਦਾ ਹਾਣੀ ਨਹੀਂ ਹੈ। ਇਸਨੇ ਸਪੱਸ਼ਟ ਹੀ ਨਹੀਂ ਕੀਤਾ ਕਿ ਸਹਿਮਤੀ ਦੇਣ ਤੋਂ ਅਸਮਰੱਥ ਤੇ ਲਾਵਾਰਸ ਦਾ ਕੀ ਬਣੇਗਾ!"

ਅਦਾਲਤ ਨੇ ਅਜਿਹੀਆਂ ਬੇਸਹਾਰਾ ਔਰਤਾਂ ਦੀ ਸੰਭਾਲ ਲਈ ਬਣੀਆਂ ਸਾਰੀਆਂ ਸਮਾਜਿਕ ਸੰਸਥਾਵਾਂ ਵਿੱਚ ਸੁਧਾਰ ਕਰਨ ਦੇ ਹੁਕਮ ਵੀ ਦਿੱਤੇ। ਅਦਾਲਤ ਨੇ ਸਾਰੇ ਪੱਖ ਘੋਖਣ ਤੋਂ ਬਾਅਦ ਸਰਕਾਰੀ ਪ੍ਰਸ਼ਾਸਨ ਨੂੰ ਛੇਤੀ ਕੁੜੀ ਦਾ ਗਰਭਪਾਤ ਕਰਾਉਣ ਦੇ ਹੁਕਮ ਦੇ ਦਿੱਤੇ। ਨਾਲ ਹੀ ਭਰੂਣ ਨੂੰ ਹਸਪਤਾਲ ਵਿੱਚ ਸੰਭਾਲਣ ਦੇ ਹੁਕਮ ਕਰ ਦਿੱਤੇ ਤਾਂ ਜੋ ਡੀ.ਐਨ.ਏ. ਟੈਸਟ ਰਾਹੀਂ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾ ਸਕੇ; ਪਰ ਅਜੇ ਵੱਡੀ ਅਦਾਲਤ ਬਾਕੀ ਸੀ। ਮਸਲਾ ਸੁਪਰੀਮ ਕੋਰਟ ਚਲਾ ਗਿਆ। ਸੁਪਰੀਮ ਕੋਰਟ ਨੇ ਤਿੰਨ ਸਵਾਲ ਪੁੱਛੇ: ਕੀ ਸਾਡੇ ਕਾਨੂੰਨ ਅਨੁਸਾਰ ਸਬੰਧਤ ਔਰਤ ਦੀ ਸਹਿਮਤੀ ਲਏ ਵਗੈਰ ਹਾਈ ਕੋਰਟ ਗਰਭਪਾਤ ਦਾ ਹੁਕਮ ਦੇ ਸਕਦੀ ਹੈ? ਦੂਜਾ, ਜੇ ਔਰਤ ਮੰਦਬੁੱਧੀ ਦੀ ਹੈ ਤਾਂ ਕੀ ਗਰਭਪਾਤ ਉਸਦੀ ਭਲਾਈ ਲਈ ਹੈ? ਤੀਜਾ ਕੀ ਹੁਣ ਸਾਢੇ ਚਾਰ ਮਹੀਨੇ ਦਾ ਗਰਭਪਾਤ ਖਤਰੇ ਤੋਂ ਖਾਲੀ ਹੈ?

ਬਹਿਸ ਸੁਣਨ ਪਿੱਛੋਂ ਸੁਪਰੀਮ ਕੋਰਟ ਨੇ ਇੰਜ ਕਿਹਾ, "ਔਰਤ ਦੇ ਮਨੁੱਖੀ ਅਧਿਕਾਰ ਕਾਨੂੰਨ ਦੀ ਬਲੀ ਨਹੀਂ ਚੜ੍ਹ ਸਕਦੇ। ਇਸ ਲਈ ਸਟੇਟ ਆਪਣੇ ਨਾਗਰਿਕ ਦੀ ਸਿਹਤ ਸੰਭਾਲ ਲਈ ਜ਼ਿੰਮੇਵਾਰ ਹੈ। ਕਾਨੂੰਨ ਸਮਾਜ ਅੱਗੇ ਗੋਡੇ ਨਹੀਂ ਟੇਕ ਸਕਦਾ। ਇਸ ਲਈ ਇਹ ਗਰਭਪਾਤ ਨਹੀਂ ਹੋ ਸਕਦਾ।" ਖੂਬ ਲੱਸੀ ਰਿੜਕਣ ਤੋਂ ਬਾਅਦ, ਸਮਾਂ ਪੂਰਾ ਹੋਣ 'ਤੇ ਸਰਕਾਰੀ ਨਿਗਰਾਨੀ ਹੇਠ ਬੱਚੇ ਦਾ ਜਨਮ ਹੋਇਆ।

ਸੁਪਰੀਮ ਕੋਰਟ ਦਾ ਫੈਸਲਾ...

## ਜ਼ਿੰਦਾ ਰਹਿਣ ਦੇ ਅਧਿਕਾਰ ਦੇ ਨਾਲ ਸਨਮਾਨਜਨਕ ਮੌਤ ਦਾ ਵੀ ਹੱਕ

ਭਾਰਤ ਦੀ ਸੁਪਰੀਮ ਕੋਰਟ ਨੇ ਬੀਤੇ ਦਿਨੀਂ ਕੋਮਾ ਵਿੱਚ ਪਏ ਵਿਅਕਤੀ ਦੇ ਜੀਵਨ-ਸਹਾਇਤਾ ਨੂੰ ਹਟਾਉਣ ਦੀ ਆਗਿਆ ਦਿੱਤੀ ਹੈ। ਭਾਰਤ ਵਿੱਚ ਅਦਾਲਤ ਦੁਆਰਾ ਪ੍ਰਵਾਣਿਤ ਪੈਸਿਵ ਯੂਥੇਨੇਸੀਆ – ਜੀਵਨ ਨਿਰਭਰ ਇਲਾਜ ਵਾਪਸ ਲੈਣ ਜਾਂ ਰੋਕਣ ਦਾ ਇਹ ਪਹਿਲਾ ਮਾਮਲਾ ਹੈ; ਕਿਉਂਕਿ ਹਰੀਸ਼ ਰਾਣਾ ਨਾਂ ਦੇ ਵਿਅਕਤੀ ਨੇ ਦੁਰਘਟਨਾ ਤੋਂ ਪਹਿਲਾਂ ਆਪਣੇ ਇਲਾਜ ਲਈ ਨਿਰਦੇਸ਼ਾਂ ਨੂੰ ਦਰਸਾਉਂਦੀ ਕੋਈ ਵਸੀਅਤ ਨਹੀਂ ਛੱਡੀ ਸੀ। ਭਾਰਤ ਨੇ 2018 ਵਿੱਚ ਪੈਸਿਵ ਯੂਥੇਨੇਸੀਆ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਸੀ, ਪਰ ਸਰਗਰਮ ਯੂਥੇਨੇਸੀਆ, ਕੋਈ ਵੀ ਅਜਿਹਾ ਕੰਮ ਜੋ ਜਾਣ-ਬੁੱਝ ਕੇ ਕਿਸੇ ਵਿਅਕਤੀ ਨੂੰ ਖੁਦਕੁਸ਼ੀ ਕਰਨ ਵਿੱਚ ਮਦਦ ਕਰਦਾ ਹੈ, ਗੈਰ-ਕਾਨੂੰਨੀ ਰਹਿੰਦਾ ਹੈ।

ਸਾਲ 2013 ਵਿੱਚ ਚੌਥੀ ਮੰਜ਼ਿਲ ਦੀ ਬਾਲਕੋਨੀ ਤੋਂ ਡਿੱਗਣ ਤੋਂ ਬਾਅਦ ਹਰੀਜ਼ ਰਾਣਾ ਨੂੰ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ ਸਨ। ਉਦੋਂ ਤੋਂ ਉਹ ਬੇਹੋਸ਼ੀ ਦੀ ਹਾਲਤ ਵਿੱਚ ਸੀ। ਸਾਲਾਂ ਤੋਂ, ਉਸਦੇ ਮਾਪਿਆਂ ਨੇ ਆਪਣੇ ਪੁੱਤਰ ਦੇ ਜੀਵਨ ਲਈ ਸਹਾਇਤਾ ਪ੍ਰਣਾਲੀ ਨੂੰ ਹਟਾਉਣ ਦੀ ਆਗਿਆ ਦੇਣ ਲਈ ਕਈ ਵਾਰ ਅਦਾਲਤਾਂ ਵਿੱਚ ਪਟੀਸ਼ਨਾਂ ਦਾਇਰ ਕੀਤੀਆਂ। ਸਥਾਨਕ ਮੀਡੀਆ ਨੂੰ ਦਿੱਤੇ ਇੰਟਰਵਿਊਆਂ ਵਿੱਚ ਕਿਹਾ ਕਿ ਉਨ੍ਹਾਂ ਨੇ ਪੁੱਤ ਦੀ ਦੇਖਭਾਲ ਲਈ ਆਪਣੀ ਸਾਰੀ ਬੱਚਤ ਖਤਮ ਕਰ ਦਿੱਤੀ ਅਤੇ ਉਹ ਇਸ ਗੱਲ ਤੋਂ ਚਿੰਤਤ ਸਨ ਕਿ ਉਨ੍ਹਾਂ (ਮਾਪਿਆਂ) ਦੀ ਮੌਤ ਤੋਂ ਬਾਅਦ ਉਸਦਾ ਕੀ ਹੋਵੇਗਾ।

ਹਰੀਸ਼ ਰਾਣਾ ਦੇ ਪਿਤਾ ਅਸ਼ੋਕ ਰਾਣਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਸੁਪਰੀਮ ਕੋਰਟ ਦੇ 'ਮਾਨਵਤਾਵਾਦੀ' ਫੈਸਲੇ ਲਈ ਧੰਨਵਾਦੀ ਹੈ, 'ਇਹ ਸਾਡੇ ਪਰਿਵਾਰ ਲਈ ਇੱਕ ਮੁਸ਼ਕਿਲ ਫੈਸਲਾ ਹੈ, ਪਰ ਅਸੀਂ ਉਹ ਕਰ ਰਹੇ ਹਾਂ ਜੋ ਹਰੀਸ਼ ਲਈ ਸਭ ਤੋਂ ਵਧੀਆ ਹੈ।' ਹਰੀਜ਼ ਰਾਣਾ ਦੇ ਮਾਮਲੇ ਨੇ ਭਾਰਤ ਵਿੱਚ ਅਦਾਲਤ ਦੁਆਰਾ ਪ੍ਰਵਾਨਿਤ ਪੈਸਿਵ ਯੂਥੇਨੇਸੀਆ ਦੀ ਨੈਤਿਕਤਾ ਦੇ ਆਲੇ-ਦੁਆਲੇ ਇੱਕ ਬਹਿਸ ਛੇੜ ਦਿੱਤੀ ਸੀ, ਜਿਸ ਵਿੱਚ ਕੁਝ ਲੋਕਾਂ ਨੇ ਕਿਹਾ ਸੀ ਕਿ ਇਹ ਸਵੈ-ਨਿਰਣੇ ਦੇ ਸਿਧਾਂਤ ਦੇ ਵਿਰੁੱਧ ਜਾਂਦਾ ਹੈ, ਜੋ ਕਿ ਇੱਕ ਜੀਵਨ ਦੀ ਨੀਂਹ ਹੈ। ਇੱਕ ਜੀਵਤ ਵਸੀਅਤ ਇੱਕ ਕਾਨੂੰਨੀ ਦਸਤਾਵੇਜ਼ ਹੈ, ਜੋ 18 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨੂੰ ਉਹ ਡਾਕਟਰੀ ਦੇਖਭਾਲ ਚੁਣਨ ਦੀ ਆਗਿਆ ਦਿੰਦਾ ਹੈ, ਜੋ ਉਹ ਪ੍ਰਾਪਤ ਕਰਨਾ ਚਾਹੁੰਦੇ ਹਨ, ਜੇ ਉਨ੍ਹਾਂ ਨੂੰ ਕੋਈ ਘਾਤਕ ਬਿਮਾਰੀ ਜਾਂ ਸਥਿਤੀ ਪੈਦਾ ਹੁੰਦੀ ਹੈ, ਜਿਸਦੇ ਠੀਕ ਹੋਣ ਦੀ ਕੋਈ ਉਮੀਦ ਨਹੀਂ ਹੁੰਦੀ।

ਮਿਸਾਲ ਵਜੋਂ, ਉਹ ਇਹ ਸਪੱਸ਼ਟ ਕਰ ਸਕਦੇ ਹਨ ਕਿ ਉਹ ਜੀਵਨ-ਸਹਾਇਤਾ ਮਸ਼ੀਨਾਂ 'ਤੇ ਨਹੀਂ ਰੱਖਣਾ/ ਰਹਿਣਾ ਚਾਹੁੰਦੇ ਜਾਂ ਜ਼ੋਰ ਦੇ ਸਕਦੇ ਹਨ ਕਿ ਉਨ੍ਹਾਂ ਨੂੰ ਦਰਦ-ਨਿਵਾਰਕ ਦਵਾਈ ਦਿੱਤੀ ਜਾਣੀ ਚਾਹੀਦੀ ਹੈ। ਇਸ ਮਾਮਲੇ ਵਿੱਚ ਰਾਣਾ ਆਪਣੀ ਸਹਿਮਤੀ ਦੇਣ ਜਾਂ ਸਪੱਸ਼ਟ ਤੌਰ 'ਤੇ ਇਹ ਦੱਸਣ ਦੇ ਯੋਗ ਨਹੀਂ ਸੀ ਕਿ ਉਹ ਜੀਵਨ-ਸਹਾਇਤਾ ਤੋਂ ਹਟਾਉਣਾ ਚਾਹੁੰਦਾ ਸੀ, ਕਿਉਂਕਿ ਉਹ ਹਾਦਸੇ ਤੋਂ ਬਾਅਦ ਕੋਮਾ ਵਿੱਚ ਸੀ। ਹਾਲ ਹੀ ਵਿੱਚ ਸੁਪਰੀਮ ਕੋਰਟ ਨੇ ਨੋਟ ਕੀਤਾ ਕਿ ਰਾਣਾ ਇਲਾਜ ਦਾ ਜਵਾਬ ਨਹੀਂ ਦੇ ਰਿਹਾ ਹੈ। ਜੱਜਾਂ ਨੇ ਕਿਹਾ, "ਉਹ ਨੀਂਦ-ਜਾਗਣ ਦੇ ਚੱਕਰਾਂ ਦਾ ਅਨੁਭਵ ਕਰਦਾ ਹੈ, ਪਰ ਕੋਈ ਅਰਥਪੂਰਨ ਗੱਲਬਾਤ ਨਹੀਂ ਦਿਖਾਉਂਦਾ ਅਤੇ ਸਵੈ-ਦੇਖਭਾਲ ਦੀਆਂ ਸਾਰੀਆਂ ਗਤੀਵਿਧੀਆਂ ਲਈ ਦੂਜਿਆਂ 'ਤੇ ਨਿਰਭਰ ਰਿਹਾ ਹੈ।"

ਜ਼ਿਕਰਯੋਗ ਹੈ ਕਿ ਹਰੀਸ਼ ਰਾਣਾ ਪੰਜਾਬ ਯੂਨੀਵਰਸਿਟੀ- ਚੰਡੀਗੜ੍ਹ ਵਿੱਚ ਇੰਜੀਨੀਅਰਿੰਗ ਦਾ ਵਿਦਿਆਰਥੀ ਸੀ, ਜਦੋਂ ਉਹ ਆਪਣੇ ਪੇਇੰਗ ਗੈਸਟ ਰਿਹਾਇਸ਼ ਦੀ ਚੌਥੀ ਬਾਲਕੋਨੀ ਤੋਂ ਡਿੱਗ ਪਿਆ ਸੀ। ਇਸ ਮਾਮਲੇ ਵਿੱਚ ਹਰੀਸ਼ ਰਾਣਾ ਆਪਣੀ ਸਹਿਮਤੀ ਦੇਣ ਜਾਂ ਸਪੱਸ਼ਟ ਤੌਰ 'ਤੇ ਇਹ ਦੱਸਣ ਦੇ ਯੋਗ ਨਹੀਂ ਸੀ ਕਿ ਉਹ ਜੀਵਨ-ਸਹਾਇਤਾ ਤੋਂ ਹਟਾਉਣਾ ਚਾਹੁੰਦਾ ਸੀ, ਕਿਉਂਕਿ ਉਹ ਹਾਦਸੇ ਤੋਂ ਬਾਅਦ ਕੋਮਾ ਵਿੱਚ ਸੀ। ਉਸ ਸਮੇਂ ਤੋਂ ਉਹ ਟਿਊਬ ਦੀ ਮਦਦ ਨਾਲ ਸਾਹ ਅਤੇ ਟਿਊਬ ਰਾਹੀਂ ਹੀ ਉਸ ਨੂੰ ਭੋਜਨ ਦਿੱਤਾ ਜਾਂਦਾ ਰਿਹਾ। ਉਸਦੇ ਮਾਪਿਆਂ ਨੇ ਕਿਹਾ ਹੈ ਕਿ ਉਹ ਬੋਲ, ਦੇਖ, ਸੁਣ ਜਾਂ ਕਿਸੇ ਨੂੰ ਪਛਾਣ ਨਹੀਂ ਸਕਦਾ।

ਸਾਲ 2024 ਵਿੱਚ ਮਾਪਿਆਂ ਨੇ ਆਪਣੇ ਪੁੱਤ ਲਈ ਪੈਸਿਵ ਯੂਥੇਨੇਸੀਆ ਦੀ ਮੰਗ ਕਰਨ ਲਈ ਦਿੱਲੀ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ, ਪਰ ਉਨ੍ਹਾਂ ਦੀ ਪਟੀਸ਼ਨ ਇਸ ਆਧਾਰ 'ਤੇ ਰੱਦ ਕਰ ਦਿੱਤੀ ਸੀ। ਫਿਰ ਸੁਪਰੀਮ ਕੋਰਟ ਨੇ ਵੀ ਪਟੀਸ਼ਨ ਨੂੰ ਰੱਦ ਕਰ ਦਿੱਤਾ। 2025 ਵਿੱਚ ਉਨ੍ਹਾਂ ਨੇ ਦੁਬਾਰਾ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਅਤੇ ਅਪੀਲ ਕੀਤੀ ਕਿ ਹਰੀਸ਼ ਦੀ ਹਾਲਤ ਹੋਰ ਵਿਗੜ ਗਈ ਹੈ ਅਤੇ ਉਸਨੂੰ ਜੀਵਨ-ਸਹਾਇਕ ਮਸ਼ੀਨਾਂ ਰਾਹੀਂ 'ਨਕਲੀ' ਤੌਰ 'ਤੇ ਜ਼ਿੰਦਾ ਰੱਖਿਆ ਜਾ ਰਿਹਾ ਹੈ। ਇਸ ਸਬੰਧੀ ਕਥਿਤ ਦੋ ਬੋਰਡਾਂ ਨੇ ਕਿਹਾ ਕਿ ਰਾਣਾ ਦੇ ਠੀਕ ਹੋਣ ਅਤੇ ਆਮ ਜੀਵਨ ਜਿਉਣ ਦੀ ਸੰਭਾਵਨਾ ਬਹੁਤ ਘੱਟ ਸੀ ਅਤੇ ਉਸਨੂੰ ਭੋਜਨ, ਬਲੈਡਰ ਤੇ ਅੰਤੜੀਆਂ ਦੀ ਗਤੀ ਲਈ ਬਾਹਰੀ ਸਹਾਇਤਾ ਦੀ ਲੋੜ ਸੀ।

ਭਾਰਤ ਵਿੱਚ ਰਹਿਣ ਵਾਲੀਆਂ ਵਸੀਅਤਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਕਾਨੂੰਨ ਅਨੁਸਾਰ, ਦੋ ਮੈਡੀਕਲ ਬੋਰਡਾਂ ਨੂੰ ਇਹ ਪ੍ਰਮਾਣਿਤ ਕਰਨਾ ਚਾਹੀਦਾ ਹੈ ਕਿ ਇੱਕ ਮਰੀਜ਼ ਆਪਣੀ ਜੀਵਨ ਸਹਾਇਤਾ ਵਾਪਸ ਲੈਣ ਤੋਂ ਪਹਿਲਾਂ ਜ਼ਰੂਰੀ ਮਾਪਦੰਡਾਂ ਨੂੰ ਪੂਰਾ ਕਰਦਾ ਹੈ। ਤਾਜ਼ਾ ਹੁਕਮ ਵਿੱਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਆਰਟੀਕਲ 21 ਅਨੁਸਾਰ ਜ਼ਿੰਦਾ ਰਹਿਣ ਦੇ ਅਧਿਕਾਰ ਦੇ ਨਾਲ ਸਨਮਾਨਜਨਕ ਮੌਤ ਦਾ ਵੀ ਹੱਕ ਹੈ।

# ਸ਼ੇਰ-ਏ-ਪੰਜਾਬ

## ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ)





## ਸਮੁੱਚੇ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ ਦੀ ਲੱਖ ਲੱਖ ਵਧਾਈ

ਤੁਹਾਨੂੰ ਅਤੇ ਤੁਹਾਡੇ ਅਜ਼ੀਜ਼ਾਂ ਨੂੰ ਅਧਿਆਤਮਕ ਮਹੱਤਵ, ਖੁਸ਼ਹਾਲੀ, ਖੁਸ਼ੀ ਅਤੇ ਸ਼ੁਕਰਗੁਜ਼ਾਰੀ ਦੇ ਪ੍ਰਤੀਕ ਵਿਸਾਖੀ ਦੇ ਤਿਉਹਾਰ ਦੀਆਂ ਨਿੱਘੀਆਂ ਸ਼ੁਭਕਾਮਨਾਵਾਂ ਭੇਟ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਇਹ ਵਿਸਾਖੀ ਤੁਹਾਡੇ ਜੀਵਨ ਵਿੱਚ ਨਵੀਂ ਉਮੀਦ ਅਤੇ ਨਵੇਂ ਮੌਕੇ ਲੈ ਕੇ ਆਵੇ।

*ਵਾਹਿਗੁਰੂ ਅੱਗੇ ਅਰਦਾਸ ਹੈ ਕਿ ਕੁੱਲ ਲੋਕਾਈ ਵਿੱਚ ਭਾਈਚਾਰਕ ਸਾਂਝ ਬਣੇ ਅਤੇ ਅਮਨ-ਅਮਾਨ ਸਥਾਪਿਤ ਹੋਵੇ*

*ਸ਼ੇਰ-ਏ-ਪੰਜਾਬ ਖੇਡ ਮੇਲਿਆਂ ਦੇ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ*

# Sher-E-Punjab

**Sports & Cultural Society Cincinnati (OHIO)**

**For More Information, Please contact at:**

**Sherepunjabsociety@gmail.com or www.sherepunjabcincy.com**

ਵਿਸ਼ੇਸ਼

# ਲਾਪਰਵਾਹੀ ਭਰੀ ਜੀਵਨ ਸ਼ੈਲੀ ਤੇ ਨਾਕਾਫ਼ੀ ਸਿਹਤ ਸਹੂਲਤਾਂ ਨਾਲ ਜੂਝ ਰਹੇ ਨੇ ਭਾਰਤੀ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



ਦੁਨੀਆਂ ਭਰ ਵਿੱਚ ਮਨਾਏ ਜਾਣ ਵਾਲੇ 'ਵਿਸ਼ਵ ਸਿਹਤ ਦਿਵਸ' ਨੂੰ ਮਨਾਉਣ ਸਬੰਧੀ ਪਹਿਲਾ ਸੁਝਾਅ ਸੰਨ 1948 ਵਿੱਚ ਵਿਸ਼ਵ ਸਿਹਤ ਸੰਗਠਨ ਭਾਵ ਡਬਲਿਊ.ਐਚ.ਓ. ਦੀ ਪਲੇਠੀ ਇਕੱਤਰਤਾ ਵਿੱਚ ਦਿੱਤਾ ਗਿਆ ਸੀ। ਸੰਨ 1950 ਦੀ 7 ਅਪ੍ਰੈਲ ਨੂੰ ਇਸ ਦਿਵਸ ਨੂੰ ਮਨਾਉਣ ਦੀ ਅਰੰਭਤਾ ਹੋਈ ਸੀ ਤੇ ਇਸ ਦਿਨ ਨੂੰ ਮਨਾਉਣ ਦਾ ਮੁੱਖ ਮਕਸਦ ਇਸ ਸੰਸਾਰ ਵਿੱਚ ਮਨੁੱਖੀ ਸਿਹਤ ਅਤੇ ਸਿਹਤ ਸਹੂਲਤਾਂ ਪ੍ਰਤੀ ਜਾਗਰੂਕਤਾ ਫੈਲਾਉਣਾ ਦੱਸਿਆ ਗਿਆ ਸੀ। ਇੱਕ ਮਹੱਤਵਪੂਰਨ ਤੱਥ ਇਹ ਵੀ ਹੈ ਕਿ ਇਸ ਦਿਵਸ ਨੂੰ ਮਨਾਉਣ ਲਈ 7 ਅਪ੍ਰੈਲ ਦੇ ਹੀ ਦਿਨ ਦੀ ਚੋਣ ਇਸ ਕਰਕੇ ਕੀਤੀ ਗਈ ਸੀ, ਕਿਉਂਕਿ 'ਵਿਸ਼ਵ ਸਿਹਤ ਸੰਗਠਨ' ਦੀ ਸਥਾਪਨਾ ਵੀ 7 ਅਪ੍ਰੈਲ ਨੂੰ ਹੀ ਹੋਈ ਸੀ।

'ਵਿਸ਼ਵ ਸਿਹਤ ਦਿਵਸ' ਮੌਕੇ ਸਮੂਹ ਸਰਕਾਰੀ ਤੇ ਗ਼ੈਰ-ਸਰਕਾਰੀ ਸੰਗਠਨਾਂ ਵੱਲੋਂ ਆਮ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਬੀਤੇ ਕੁਝ ਸਾਲਾਂ ਵਿੱਚ ਇਸ ਦਿਵਸ ਨੇ ਸਿਹਤ ਸਬੰਧੀ ਕਈ ਮਹੱਤਵਪੂਰਨ ਮੁੱਦੇ ਉਭਾਰੇ ਹਨ, ਜਿਨ੍ਹਾਂ ਵਿੱਚ ਮਾਨਸਿਕ ਸਿਹਤ, ਮਾਂ ਤੇ ਬੱਚੇ ਦੀ ਦੇਖਭਾਲ ਅਤੇ ਮੌਸਮੀ ਤਬਦੀਲੀਆਂ ਕਰਕੇ ਸਿਹਤ 'ਤੇ ਪੈਣ ਵਾਲੇ ਕੁਪ੍ਰਭਾਵਾਂ ਵੱਲ ਵੀ ਉਚੇਚਾ ਧਿਆਨ ਦੁਆਇਆ ਗਿਆ। ਅਜੋਕੇ ਦੌਰ ਦੀ ਦੌੜ-ਭੱਜ ਅਤੇ ਮਸ਼ੀਨੀ ਸਹੂਲਤਾਂ ਭਰਪੂਰ ਜ਼ਿੰਦਗੀ ਵਿੱਚ ਲੋਕਾਂ ਦਾ ਧਿਆਨ ਸਿਹਤ ਪ੍ਰਤੀ ਬਹੁਤ ਘੱਟ ਹੈ ਤੇ ਲੋਕਾਂ ਨੇ ਫਾਸਟ ਫੂਡ ਜਾਂ ਪੈਕਡ ਫੂਡ ਖਾਣ ਦੀ ਬੁਰੀ ਆਦਤ ਅਪਨਾਉਣ ਦੇ ਨਾਲ-ਨਾਲ ਸੈਰ ਜਾਂ ਕਸਰਤ ਕਰਨ ਦੀ ਚੰਗੀ ਆਦਤ ਵੀ ਛੱਡ ਦਿੱਤੀ ਹੈ, ਜਿਸ ਕਰਕੇ ਨਿੱਤ ਨਵੀਆਂ ਬਿਮਾਰੀਆਂ ਨਾਲ ਹੁਣ ਲੋਕਾਂ ਨੂੰ ਜੂਝਣਾ ਪੈ ਰਿਹਾ ਹੈ ਤੇ ਬਿਮਾਰੀਆਂ ਦੇ ਇਲਾਜ ਉੱਤੇ ਉਨ੍ਹਾਂ ਦੀ ਜੇਬ ਵਿੱਚੋਂ ਹੋਣ ਵਾਲੇ ਖ਼ਰਚਿਆਂ ਵਿਚ ਵੀ ਬੇਤਹਾਸ਼ਾ ਵਾਧਾ ਹੋਇਆ ਹੈ।

ਉਂਜ ਤਾਂ ਭਾਰਤ ਵਿੱਚ ਐਲੋਪੈਥੀ, ਹੋਮਿਓਪੈਥੀ, ਇਲੈਕਟ੍ਰੋਪੈਥੀ, ਨੈਚਰੋਪੈਥੀ, ਐਕਿਊਪ੍ਰੈਸ਼ਰ ਅਤੇ ਆਯੁਰਵੇਦ ਸਣੇ ਕਈ ਤਰ੍ਹਾਂ ਦੀ ਇਲਾਜ ਪ੍ਰਣਾਲੀਆਂ ਉਪਲਬਧ ਹਨ, ਪਰ ਇਸਦੇ ਬਾਵਜੂਦ ਸਾਡੇ ਮੁਲਕ ਵਿੱਚ ਸਿਹਤ ਸੰਭਾਲ ਪ੍ਰਤੀ ਜਾਗਰੂਕਤਾ ਅਤੇ ਚੰਗੀਆਂ ਸਿਹਤ ਸਹੂਲਤਾਂ ਦੀ ਬੜੀ ਭਾਰੀ ਕਮੀ ਹੈ। ਅੱਜ ਬੇਸ਼ੱਕ ਸਿਹਤ ਸਹੂਲਤਾਂ ਸਬੰਧੀ ਸ਼ੁਰੂ ਕੀਤੀਆਂ ਜਾ ਚੁੱਕੀਆਂ ਵੱਡੀਆਂ ਯੋਜਨਾਵਾਂ ਤੇ ਪ੍ਰੋਗਰਾਮਾਂ ਦਾ ਜ਼ਿਕਰ ਜ਼ਰੂਰ ਆਉਂਦਾ ਹੈ, ਪਰ ਇਹ ਵੀ ਇੱਕ ਕੌੜੀ ਹਕੀਕਤ ਹੈ ਕਿ ਸਾਰੀਆਂ ਯੋਜਨਾਵਾਂ ਦਾ ਲਾਭ ਗ਼ਰੀਬਾਂ ਅਤੇ ਲੋੜਵੰਦਾਂ ਨੂੰ ਪੂਰੀ ਤਰ੍ਹਾਂ ਨਹੀਂ ਮਿਲ ਪਾ ਰਿਹਾ ਹੈ। ਭਾਰਤ ਵਿੱਚ ਉਪਲਬਧ ਸਿਹਤ ਸਹੂਲਤਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਸੰਨ 2019 ਵਿੱਚ ਦੇਸ਼ ਦੇ ਜੀ.ਡੀ.ਪੀ. ਭਾਵ ਕੁੱਲ ਘਰੇਲੂ ਉਤਪਾਦ ਦਾ ਕੇਵਲ 1.23 ਫ਼ੀਸਦੀ ਹਿੱਸਾ ਸਿਹਤ ਖੇਤਰ 'ਤੇ ਖ਼ਰਚ ਕੀਤਾ ਗਿਆ ਸੀ ਅਤੇ ਸਾਲ 2023-24 ਦੇ ਬਜਟ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਲਈ 86,175 ਕਰੋੜ ਰੁਪਏ ਰੱਖੇ ਗਏ ਸਨ, ਜਦੋਂ ਕਿ ਸਾਲ 2025-26 ਵਿੱਚ ਪੇਸ਼ ਕੀਤੇ ਗਏ ਕੇਂਦਰੀ ਬਜਟ ਵਿੱਚ ਸਿਹਤ ਖੇਤਰ ਲਈ 99,859 ਕਰੋੜ ਰੁਪਏ ਰਾਖਵੇਂ ਰੱਖੇ ਗਏ ਜੋ ਕਿ ਪਿਛਲੇ ਬਜਟ ਤੋਂ ਲਗਪਗ 11 ਫ਼ੀਸਦੀ ਵੱਧ ਸੀ।




ਪ੍ਰਾਪਤ ਅੰਕੜਿਆਂ ਅਨੁਸਾਰ ਭਾਰਤ ਵਿੱਚ 811 ਦੇ ਕਰੀਬ ਨਾਗਰਿਕਾਂ ਲਈ ਕੇਵਲ ਇੱਕ ਡਾਕਟਰ ਉਪਲਬਧ ਹੈ ਤੇ ਸਰਕਾਰੀ ਹਸਪਤਾਲਾਂ ਵਿੱਚ ਪ੍ਰਤੀ ਹਜ਼ਾਰ ਜਨਸੰਖਿਆ ਪਿੱਛੇ 0.60 ਬੈੱਡ ਉਪਲਬਧ ਹਨ, ਜੋ ਕਿ ਸਿਹਤ ਸੰਭਾਲ ਖੇਤਰ ਵਿੱਚ ਸਹੂਲਤਾਂ ਦੀ ਘਾਟ ਨੂੰ ਬੜੀ ਸਪੱਸ਼ਟਤਾ ਨਾਲ ਬਿਆਨ ਕਰਦੇ ਹਨ ਤੇ ਪ੍ਰਤੀ ਹਜ਼ਾਰ ਪਿੱਛੇ ਤਿੰਨ ਬੈੱਡ ਉਪਲਬਧ ਹੋਣ ਦੇ ਕੌਮਾਂਤਰੀ ਅੰਕੜੇ ਨੂੰ ਪੂਰਾ ਕਰਨ ਲਈ ਭਾਰਤ ਨੂੰ 24 ਲੱਖ ਹੋਰ ਬੈੱਡ ਜੋੜਨ ਦੀ ਜ਼ਰੂਰਤ ਹੈ। ਭਾਰਤ ਵਿੱਚ 'ਕੌਮੀ ਸਿਹਤ ਯੋਜਨਾ' ਨੂੰ ਸੰਸਦ ਨੇ ਸੰਨ 1983 ਵਿੱਚ ਪ੍ਰਵਾਨਗੀ ਦਿੱਤੀ ਸੀ ਤੇ ਫਿਰ ਪਹਿਲਾਂ ਸੰਨ 2002 ਵਿੱਚ ਤੇ ਮੁੜ ਸੰਨ 2017 ਵਿੱਚ ਇਸ ਯੋਜਨਾ ਨੂੰ ਅਪਡੇਟ ਕੀਤਾ ਗਿਆ ਸੀ।

ਸਿਹਤ ਸਹੂਲਤਾਂ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਦੇ ਮਕਸਦ ਨਾਲ ਸੰਨ 2018 ਵਿੱਚ 'ਆਯੁਸ਼ਮਾਨ ਭਾਰਤ' ਨਾਮਕ ਯੋਜਨਾ ਅਰੰਭ ਕੀਤੀ ਗਈ ਸੀ, ਜਿਸਦਾ ਮੁੱਖ ਮਕਸਦ ਦੇਸ਼ ਦੀ ਚਾਲੀ ਫ਼ੀਸਦੀ ਦੇ ਕਰੀਬ ਗ਼ਰੀਬ ਜਨਤਾ ਨੂੰ ਵਧੀਆ ਇਲਾਜ ਦੀ ਸਹੂਲਤ ਉਪਲਬਧ ਕਰਵਾਉਣਾ ਸੀ ਤੇ ਉਹ ਇਲਾਜ ਚਾਹੇ ਸਰਕਾਰੀ ਹਸਪਤਾਲ 'ਚ ਲੋੜੀਂਦਾ ਹੋਵੇ ਤੇ ਚਾਹੇ ਨਿਜੀ ਹਸਪਤਾਲ ਵਿੱਚ। ਇਹ ਯੋਜਨਾ ਪਬਲਿਕ-ਪ੍ਰਾਈਵੇਟ ਸਾਂਝ 'ਤੇ ਆਧਾਰਿਤ ਹੈ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ ਕਿ ਭਾਰਤ ਵਿੱਚ ਮੌਜੂਦ ਕੁੱਲ ਹਸਪਤਾਲਾਂ ਵਿੱਚੋਂ 58 ਫ਼ੀਸਦੀ ਹਸਪਤਾਲ ਅਤੇ ਉਪਲਬਧ ਕੁੱਲ 13.88 ਲੱਖ ਡਾਕਟਰਾਂ ਵਿੱਚੋਂ 81 ਫ਼ੀਸਦੀ ਡਾਕਟਰ ਨਿਜੀ ਖੇਤਰ ਨਾਲ ਸਬੰਧਿਤ ਹਨ। ਨਿਜੀ ਖੇਤਰ ਦਰਅਸਲ ਪੇਂਡੂ ਖੇਤਰ ਵਿਚਲੇ 63 ਫ਼ੀਸਦੀ ਲੋਕਾਂ ਨੂੰ ਅਤੇ ਸ਼ਹਿਰੀ ਖੇਤਰ ਦੇ 70 ਫ਼ੀਸਦੀ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਦਾ ਹੈ। ਇਸਦੇ ਨਾਲ ਹੀ ਭਾਰਤ ਵਿੱਚ ਆਯੁਰਵੈਦਿਕ ਡਾਕਟਰਾਂ ਦੀ ਸੰਖਿਆ 7.51 ਲੱਖ ਦੇ ਕਰੀਬ ਹੈ। ਸਾਲ 2014 ਵਿੱਚ ਦੇਸ਼ ਅੰਦਰ 387 ਮੈਡੀਕਲ ਕਾਲਜ ਉਪਲਬਧ ਸਨ, ਜਦੋਂ ਕਿ ਸਾਲ 2025 ਵਿੱਚ ਇਹ ਸੰਖਿਆ 660 ਹੋ ਗਈ ਸੀ। ਇਸਦੇ ਨਾਲ ਹੀ ਐਮ.ਬੀ.ਬੀ.ਐਸ. ਦੀਆਂ ਸੀਟਾਂ ਵਿੱਚ 97 ਫ਼ੀਸਦੀ ਅਤੇ ਪੀ.ਜੀ. ਸੀਟਾਂ ਵਿੱਚ 110 ਫ਼ੀਸਦੀ ਦਾ ਵਾਧਾ ਦਰਜ ਕੀਤਾ ਜਾ ਚੁੱਕਾ ਹੈ।

ਭਾਰਤ ਸਰਕਾਰ ਵੱਲੋਂ ਸਿਹਤ ਸਹੂਲਤਾਂ ਵਿੱਚ ਪਿਛਾਕੜੀ ਮੰਨੇ ਜਾਂਦੇ ਸਾਡੇ ਦੇਸ਼ ਦੇ 18 ਚੋਣਵੇਂ ਸੂਬਿਆਂ ਵਿੱਚ ਸੰਨ 2005 ਵਿੱਚ 'ਕੌਮੀ ਪੇਂਡੂ ਸਿਹਤ ਯੋਜਨਾ' ਭਾਵ ਐਨ.ਐਚ.ਆਰ.ਐਮ. ਦੀ ਅਰੰਭਤਾ ਕੀਤੀ ਗਈ ਸੀ। ਇਸ ਯੋਜਨਾ ਦਾ ਉਦੇਸ਼ ਪੇਂਡੂ ਤੇ ਪਿਛੜੇ ਇਲਾਕਿਆਂ ਵਿੱਚ ਵੱਸਦੇ ਲੋਕਾਂ ਲਈ ਵਧੀਆ ਸਿਹਤ ਸਹੂਲਤਾਂ ਉਪਲਬਧ ਕਰਵਾਉਣਾ ਸੀ। ਇਸ ਕਾਰਜ ਹਿੱਤ 18,000 ਐਂਬੂਲੈਂਸਾਂ, 9 ਲੱਖ ਕਮਿਊਨਿਟੀ ਹੈਲਥ ਵਾਲੰਟੀਅਰਾਂ ਅਤੇ ਪੌਣੇ ਦੋ ਲੱਖ ਤੋਂ ਵੱਧ ਹੈਲਥ ਸਟਾਫ਼ ਦੀ ਨਿਯੁਕਤੀ ਕੀਤੀ ਗਈ ਸੀ। ਇਸ ਯੋਜਨਾ ਤਹਿਤ ਮੈਡੀਕਲ ਖੇਤਰ ਦੀ ਪੜ੍ਹਾਈ ਕਰ ਰਹੇ ਸਿੱਖਿਆਰਥੀਆਂ ਲਈ ਪੇਂਡੂ ਸਿਹਤ ਸੰਭਾਲ ਸਬੰਧੀ ਵਿਸ਼ੇਸ਼ ਕੋਰਸ ਵੀ ਸ਼ੁਰੂ ਕੀਤਾ ਗਿਆ ਸੀ। ਪੇਂਡੂ ਖੇਤਰ ਤੋਂ ਬਾਅਦ ਕੇਂਦਰ ਸਰਕਾਰ ਨੇ ਸੰਨ 2013 ਵਿੱਚ 'ਕੌਮੀ ਸ਼ਹਿਰੀ ਸਿਹਤ ਯੋਜਨਾ' ਭਾਵ ਐਨ.ਯੂ.ਐਚ.ਐਮ. ਸ਼ੁਰੂ ਕੀਤੀ ਸੀ, ਜਿਸਦਾ ਮੁੱਖ ਉਦੇਸ਼ 50 ਹਜ਼ਾਰ ਦੀ ਆਬਾਦੀ ਵਾਲੇ 779 ਸ਼ਹਿਰਾਂ ਦੇ ਵਸਨੀਕਾਂ ਤੱਕ ਬਿਹਤਰ ਸਿਹਤ ਸਹੂਲਤਾਂ ਪਹੁੰਚਾਉਣਾ ਸੀ। ਸਾਲ 2024 ਦੇ ਅਕੜਿਆਂ ਅਨੁਸਾਰ ਦੇਸ਼ ਵਿੱਚ 1.67 ਲੱਖ ਸਬ-ਸੈਂਟਰ, 26,600 ਮੁੱਢਲੇ ਸਿਹਤ ਕੇਂਦਰ, 6100 ਕਮਿਊਨਿਟੀ ਹੈਲਥ ਸੈਂਟਰ ਅਤੇ ਕਈ ਸਾਰੇ ਹਸਪਤਾਲ ਤੇ ਮੈਡੀਕਲ ਕਾਲਜ ਉਪਲਬਧ ਸਨ।

ਭਾਰਤ ਵਿੱਚ ਉਪਲਬਧ ਸਿਹਤ ਸਹੂਲਤਾਂ ਦੀ ਜਦੋਂ ਵੀ ਗੱਲ ਹੋਵੇਗੀ ਤਾਂ ਆਰ.ਐਮ.ਪੀ. ਡਾਕਟਰਾਂ ਜਾਂ ਵੈਦਾਂ ਦਾ ਜ਼ਿਕਰ ਜ਼ਰੂਰ ਆਵੇਗਾ। ਇਹ ਡਾਕਟਰ ਪੇਂਡੂ ਖੇਤਰ ਦੇ ਲੋਕਾਂ ਲਈ ਆਸਾਨੀ ਨਾਲ ਉਪਲਬਧ ਹਨ ਤੇ ਪੈਸੇ ਪੱਖੋਂ ਬੜਾ ਸਸਤਾ ਇਲਾਜ ਕਰਦੇ ਹਨ, ਜਿਸ ਕਰਕੇ ਆਮ ਲੋਕ ਅਜਿਹੇ ਡਾਕਟਰਾਂ ਜਾਂ ਵੈਦਾਂ ਕੋਲ ਵੱਡੀ ਗਿਣਤੀ ਵਿੱਚ ਜਾਂਦੇ ਹਨ, ਪਰ ਇਨ੍ਹਾਂ 'ਤੇ ਪਹਿਲਾ ਵੱਡਾ ਇਲਜ਼ਾਮ ਇਹ ਆਉਂਦਾ ਹੈ ਕਿ ਇਨ੍ਹਾਂ ਵਿੱਚੋਂ ਬਹੁਗਿਣਤੀ ਕੋਲ ਜਾਇਜ਼ ਡਿਗਰੀ ਜਾਂ ਡਿਪਲੋਮਾ ਨਹੀਂ ਹੈ ਤੇ ਦੂਜਾ ਇਹ ਮਰੀਜ਼ ਨੂੰ ਛੇਤੀ ਠੀਕ ਕਰਨ ਦੇ ਚੱਕਰ 'ਚ 'ਸਟੀਰਾਈਡਜ਼' ਦੀ ਵਰਤੋਂ ਧੜੱਲੇ ਨਾਲ ਕਰਦੇ ਹਨ, ਜਦੋਂ ਕਿ ਸਟੀਰਾਈਡ ਅਖ਼ੀਰ ਵਿੱਚ ਮਰੀਜ਼ ਦੀ ਸਿਹਤ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ।

ਸਿਹਤ ਖੇਤਰ ਨਾਲ ਜੁੜੇ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਨਾ ਵੀ ਇੱਥੇ ਬੜਾ ਜ਼ਰੂਰੀ ਹੈ। ਸਿਹਤ ਸਬੰਧੀ ਉਤਪਾਦਾਂ ਅਤੇ ਦਵਾਈਆਂ ਦਾ ਕਾਰੋਬਾਰ ਹੁਣ 'ਸਿਹਤ ਮਾਫ਼ੀਆ' ਬਣਨ ਦੀ ਹੱਦ ਤੱਕ ਪੁੱਜ ਗਿਆ ਹੈ। ਅਜੋਕੇ ਅਨੇਕਾਂ ਹੀ ਡਾਕਟਰ ਆਪਣੇ ਪੇਸ਼ੇ 'ਚ ਆਉਣ ਸਮੇਂ ਖਾਧੀਆਂ ਕਸਮਾਂ ਭੁੱਲ ਕੇ ਮਰੀਜ਼ ਦੀ ਛਿੱਲ ਲਾਹੁਣ ਲਈ ਬੇਲੋੜੇ ਟੈਸਟਾਂ ਤੇ ਬੇਲੋੜੀਆਂ ਦਵਾਈਆਂ ਦਾ ਬੋਝ ਉਸ ਉੱਤੇ ਪਾ ਦਿੰਦੇ ਹਨ ਅਤੇ ਮੋਟੀਆਂ ਫ਼ੀਸਾਂ ਤੇ ਕਮਿਸ਼ਨਾਂ ਵਸੂਲਦੇ ਹਨ। ਸੰਨ 2015 ਵਿੱਚ ਬ੍ਰਿਟਿਸ਼ ਮੈਡੀਕਲ ਜਰਨਲ ਨੇ ਕਲਕੱਤਾ ਵਾਸੀ ਡਾ. ਗਾਡਰੇ ਦੇ ਹਵਾਲੇ ਨਾਲ ਇੱਕ ਰਿਪੋਰਟ ਛਾਪੀ ਸੀ ਕਿ ਇੱਥੋਂ ਦੇ ਡਾਕਟਰ ਬੇਲੋੜੇ ਟੈਸਟਾਂ, ਦਵਾਈਆਂ ਤੇ ਆਪ੍ਰੇਸ਼ਨਾਂ ਸਦਕਾ ਲੋਕਾਂ ਦੀ ਦਿਨ-ਦਿਹਾੜੇ ਲੁੱਟ-ਖਸੁੱਟ ਕਰ ਰਹੇ ਸਨ। ਇਸੇ ਤਰ੍ਹਾਂ ਸਾਲ 2017 ਵਿੱਚ ਅਰਥ ਸ਼ਾਸ਼ਤਰੀ ਮਾਰਟਿਨ ਪੈਟ੍ਰਿਕ ਵੱਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਭਾਰਤ ਦੇ ਲੋਕ ਸਰਕਾਰੀ ਖੇਤਰ ਨਾਲੋਂ ਨਿਜੀ ਖੇਤਰ ਦੀਆਂ ਸਿਹਤ ਸਹੂਲਤਾਂ ਨੂੰ ਵੱਧ ਮਹੱਤਵ ਦਿੰਦੇ ਹਨ, ਜਦੋਂ ਕਿ ਅਜਿਹਾ ਕਰਨ ਸਮੇਂ ਉਨ੍ਹਾਂ ਨੂੰ ਸਰਕਾਰੀ ਖੇਤਰ ਵਿਚਲੇ ਸਿਹਤ ਖ਼ਰਚਿਆਂ ਦੀ ਬਨਿਸਪਤ 24 ਗੁਣਾ ਵੱਧ ਰਾਸ਼ੀ ਨਿਜੀ ਖੇਤਰ ਦੇ ਹਸਪਤਾਲਾਂ ਨੂੰ ਅਦਾ ਕਰਨੀ ਪੈਂਦੀ ਹੈ।

## ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਦਾ ਬਦਲਾ ਲੈਣ ਵਾਲੀ ਜੁਝਾਰੂ ਲੜਕੀ

# ਸਹਿਜ਼ਾਦੀ ਰਘਬੀਰ ਕੌਰ ਸੋਢੀ

ਇਤਿਹਾਸਕ ਪੈੜ

ਚਰਨਜੀਤ ਸਿੰਘ ਬਰਾੜ
ਫੋਨ:+91-9023343700



19 ਫਰਵਰੀ 1915 ਨੂੰ ਅਣਵੰਡੇ ਪੰਜਾਬ ਵਿੱਚ ਅੰਗਰੇਜ਼ਾਂ ਦੀ ਹਕੂਮਤ ਦੇ ਜਬਰ-ਜ਼ੁਲਮ ਖਿਲਾਫ਼ ਸ਼ੁਰੂ ਹੋਣ ਵਾਲਾ ਗਦਰ ਗੱਦਾਰਾਂ ਦੀਆਂ ਗੱਦਾਰੀਆਂ ਕਾਰਨ ਬੁਰੀ ਤਰ੍ਹਾਂ ਫੇਲ੍ਹ ਹੋ ਜਾਣ ਤੋਂ ਬਾਅਦ ਬਹੁਤ ਸਾਰੇ ਗਦਰੀਆਂ ਨੂੰ ਜਾਂ ਤਾਂ ਫੜ ਲਿਆ ਗਿਆ ਜਾਂ ਸ਼ਹੀਦ ਕਰ ਦਿੱਤਾ ਗਿਆ। ਬਹੁਤ ਸਾਰੇ ਗਦਰੀ ਰੂਪੋਸ਼ ਹੋ ਕੇ ਜੰਗਲਾਂ ਜਾਂ ਵਿਦੇਸ਼ਾਂ ਵਿੱਚ ਲੁਕ ਛਿਪ ਕੇ ਦੁਬਾਰਾ ਗਦਰ ਸ਼ੁਰੂ ਕਰਨ ਦੀਆਂ ਯੋਜਨਾਵਾਂ ਬਣਾਉਣ ਲੱਗੇ। ਸ. ਕਰਤਾਰ ਸਿੰਘ ਸਰਾਭਾ ਅਤੇ ਉਸਦੇ ਦੋ ਸਾਥੀ ਸ. ਹਰਨਾਮ ਸਿੰਘ ਟੁੰਡੀਲਾਟ ਅਤੇ ਸ. ਜਗਤ ਸਿੰਘ ਸੁਰ ਸਿੰਘ ਨੇ ਵੀ 26 ਫਰਵਰੀ 1915 ਨੂੰ ਹਕੂਮਤ ਤੋਂ ਲੁਕਦੇ ਛਿਪਦੇ ਪਿਸ਼ੌਰ ਛਾਉਣੀ ਤੋਂ 5 ਮੀਲ ਦੂਰ ਪਿੰਡ ਮਤਨੀ ਦੇ ਇੱਕ ਸਿੱਖ ਰਈਸਜ਼ਾਦੇ ਸ. ਧੰਨਾ ਸਿੰਘ ਦੇ ਕਿਲੇ ਨੁਮਾ ਘਰ ਵਿੱਚ ਜਾ ਸ਼ਰਨ ਲਈ। ਸ. ਧੰਨਾ ਸਿੰਘ ਗਦਰੀਆਂ ਦੀ ਬਹੁਤ ਮਦਦ ਕਰਦੇ ਸਨ। ਇਹ ਤਿੰਨੋਂ ਗਦਰੀ ਇੱਥੋਂ ਰੂਸ ਜਾਂ ਕਾਬੁਲ ਜਾਣਾ ਚਾਹੁੰਦੇ ਸਨ, ਪਰ ਰਾਤ ਨੂੰ ਜਦ ਦੋਵੇਂ ਗਦਰੀ ਸੌਂ ਗਏ ਤਾਂ ਕਰਤਾਰ ਸਿੰਘ ਸਰਾਭਾ ਉਠ ਕੇ ਕਿਲੇ ਦੇ ਬਾਹਰ ਬਣੇ ਬਾਗ ਵਿਚ ਜਾ ਬੈਠਾ। ਉਹ ਕੁਝ ਸੋਚ ਰਿਹਾ ਸੀ। ਉਹ ਪੈੱਨ ਨਾਲ ਇੱਕ ਨੋਟ ਬੁੱਕ ਉੱਪਰ ਕੁਛ ਲਿਖਣ ਲੱਗਾ। ਲਿਖਣ ਤੋਂ ਬਾਅਦ ਉਸਨੇ ਵਾਪਿਸ ਆ ਕੇ ਆਪਣੇ ਦੋਵੇ ਗਦਰੀ ਸਾਥੀਆਂ ਨੂੰ ਕਿਹਾ ਕੇ ਅਸੀਂ ਹੁਣ ਰੂਸ ਜਾਂ ਕਾਬੁਲ ਨਹੀਂ ਜਾਣਾ। ਹੁਣ ਅਸੀਂ ਵਾਪਿਸ ਪੰਜਾਬ ਜਾ ਕੇ ਆਪਣੇ ਗਦਰੀ ਸਾਥੀਆਂ ਨੂੰ ਜੇਲ੍ਹਾਂ ਤੋੜ ਕੇ ਆਜ਼ਾਦ ਕਰਵਾਵਾਂਗੇ। ਯਾਦ ਰਹੇ, ਸਰਾਭਾ ਦੇਸ਼ ਭਗਤ ਹੋਣ ਦੇ ਨਾਲ ਨਾਲ ਇੱਕ ਵਧੀਆ ਲੇਖਕ ਵੀ ਸੀ। 27 ਫਰਵਰੀ 1915 ਨੂੰ ਉਹ ਤਿੰਨੇ ਗਦਰੀ ਵਾਪਿਸ ਪੰਜਾਬ ਆ ਗਏ। ਜਦ ਇਹ ਤਿੰਨੇ ਗਦਰੀ ਜ਼ਿਲਾ ਸਰਗੋਧਾ ਦੇ ਚੱਕ ਨੰ. 5, ਰਸਾਲਾ ਨੰ. 22 ਸਰਕਾਰੀ ਗਰਾਸ ਫਾਰਮ ਦੇ ਮਾਲਿਕ ਰਸਾਲਦਾਰ ਗੰਡਾ ਸਿੰਘ ਕੋਲ ਉਸਦੇ ਪਿੰਡ ਭੱਲੋਵਾਲ ਵਿੱਚ ਅਸਲਾ ਹਾਸਿਲ ਕਰਨ ਲਈ ਗਏ ਤਾਂ ਉਸਨੇ ਧੋਖੇ ਨਾਲ ਇਨ੍ਹਾਂ ਨੂੰ 1 ਮਾਰਚ 1915 ਨੂੰ ਗ੍ਰਿਫਤਾਰ ਕਰਵਾ ਦਿੱਤਾ। ਯਾਦ ਰਹੇ, ਗੰਡਾ ਸਿੰਘ ਦੇ ਅਰਦਲੀ ਬੂੜ ਸਿੰਘ ਦੀ ਉਨ੍ਹਾਂ ਨਾਲ ਸਾਂਝ ਸੀ, ਇਸ ਲਈ ਗੰਡਾ ਸਿੰਘ ਨੇ ਅੰਗਰੇਜ਼ਾਂ ਦੇ ਖਿਲਾਫ਼ ਅਸਲਾ ਦੇਣ ਦਾ ਵਿਸ਼ਵਾਸ਼ ਦੁਆਇਆ ਸੀ। ਬੂੜ ਸਿੰਘ ਗਦਰੀਆਂ ਦਾ ਮਦਦਗਾਰ ਸੀ, ਪਰ ਉਸਨੂੰ ਰਸਾਲਦਾਰ ਗੰਡਾ ਸਿੰਘ ਦੇ ਦਿਲ ਵਿਚਲੀ ਖੋਟ ਦਾ ਉੱਕਾ ਈ ਪਤਾ ਨਹੀਂ ਸੀ।

ਸ. ਕਰਤਾਰ ਸਿੰਘ ਸਰਾਭਾ ਅਤੇ ਉਸਦੇ ਦੋਵੇਂ ਸਾਥੀਆਂ ਉੱਤੇ ਸਰਕਾਰ ਖਿਲਾਫ਼ ਬਗਾਵਤ ਅਤੇ ਕਤਲੇਆਮ ਕਰਨ ਦਾ ਕੇਸ ਚਲਾਇਆ ਗਿਆ। ਇਸ ਕੇਸ ਵਿੱਚ ਇਨ੍ਹਾਂ ਤਿੰਨਾਂ ਗਦਰੀਆਂ ਨੂੰ ਫਾਂਸੀ ਦੀ ਸਜ਼ਾ ਹੋਈ। 18 ਨਵੰਬਰ 1915 ਨੂੰ ਜਿਸ ਦਿਨ ਇਨ੍ਹਾਂ ਤਿੰਨਾਂ ਗਦਰੀਆਂ ਨੇ ਦੇਸ਼ ਦੀ ਖਾਤਰ ਫਾਂਸੀ ਦਾ ਰੱਸਾ ਚੁੰਮਿਆ, ਠੀਕ ਉਸੇ ਦਿਨ ਹੀ 18 ਨਵੰਬਰ 1915 ਨੂੰ ਸ. ਕਰਤਾਰ ਸਿੰਘ ਸਰਾਭਾ ਨੂੰ ਦਿੱਤੀ ਗਈ ਫਾਂਸੀ ਦੀ ਖ਼ਬਰ ਸੁਣ ਕੇ ਇੱਕ 16-17 ਸਾਲ ਦੀ ਨੌਜਵਾਨ ਕੁੜੀ ਸ਼ਹਿਜ਼ਾਦੀ ਰਘਬੀਰ ਕੌਰ ਸੋਢੀ ਨੇ ਰਸਾਲਦਾਰ ਗੰਡਾ ਸਿੰਘ ਨੂੰ ਉਸਦੇ ਪਿੰਡ ਭੱਲੋਵਾਲ ਵਿੱਚ ਹੀ ਗੋਲੀ ਮਾਰ ਕੇ ਕਤਲ ਕਰ ਦਿੱਤਾ ਅਤੇ ਬਾਅਦ ਵਿੱਚ ਆਪ ਵੀ ਗੋਲੀ ਮਾਰ ਕੇ ਸ਼ਹੀਦੀ ਪ੍ਰਾਪਤ ਕਰ ਗਈ।

ਜ਼ਿਕਰਯੋਗ ਹੈ ਕਿ ਇਹ ਨੌਜਵਾਨ ਕੁੜੀ ਸ਼ਹਿਜ਼ਾਦੀ ਰਘਬੀਰ ਕੌਰ ਸੋਢੀ ਅੰਗਰੇਜ਼ਾਂ ਦੇ ਹੀ ਇੱਕ ਝੋਲੀ ਚੁੱਕ ਬਾਬਾ ਸੁਖਦੇਵ ਸਿੰਘ ਸੋਢੀ ਦੀ ਹੋਣਹਾਰ ਬੇਟੀ ਸੀ। ਬਾਬਾ ਸੁਖਦੇਵ ਸਿੰਘ ਸੋਢੀ ਦਾ ਬੇਟਾ ਸ਼ਹਿਜ਼ਾਦਾ ਸੁਦਰਸਨ ਸਿੰਘ ਸੋਢੀ ਵੀ ਇੱਕ ਮਹਾਨ ਇਨਕਲਾਬੀ ਸੀ। ਬਾਬਾ ਸੁਖਦੇਵ ਸਿੰਘ ਸੋਢੀ ਨੇ ਜਿਸ ਦਿਨ ਇੱਕ ਗਦਰੀ ਡਾ. ਮਥਰਾ ਸਿੰਘ ਨੂੰ ਧੋਖੇ ਨਾਲ ਕਾਬੁਲ ਤੋਂ ਗ੍ਰਿਫਤਾਰ ਕਰਵਾ ਕੇ ਗੱਦਾਰੀ ਦਾ ਮੈਡਲ ਹਾਸਿਲ ਕੀਤਾ ਸੀ ਅਤੇ ਠੀਕ ਉਸੇ ਦਿਨ ਉਸਦੀ ਹੋਣਹਾਰ ਬੇਟੀ ਨੇ ਗੱਦਾਰ ਰਸਾਲਦਾਰ ਗੰਡਾ ਸਿੰਘ ਨੂੰ ਮਾਰ ਕੇ ਦੇਸ਼ ਪ੍ਰਤੀ ਆਪਣੀ ਵਫਾਦਾਰੀ ਬਖ਼ੂਬੀ ਨਿਭਾਹੀ ਸੀ ਤੇ ਸੋਢੀ ਵੰਸ਼ ਉੱਪਰ ਬਾਬਾ ਸੁਖਦੇਵ ਸਿੰਘ ਦੁਆਰਾ ਲਗਾਇਆ ਗਿਆ ਦਾਗ ਧੋਣ ਦੀ ਕੋਸ਼ਿਸ਼ ਕੀਤੀ ਸੀ। ਸ਼ਹਿਜ਼ਾਦੀ ਰਘਬੀਰ ਕੌਰ ਸੋਢੀ ਆਪਣੇ ਪਿਤਾ ਜੀ ਦੀ ਬਹੁਤ ਸੇਵਾ ਅਤੇ ਸਤਿਕਾਰ ਕਰਦੀ ਸੀ, ਕਿਉਂਕਿ ਬਚਪਨ ਵਿੱਚ ਹੋਈ ਉਸਦੀ ਮਾਂ ਦੀ ਮੌਤ ਤੋਂ ਬਾਅਦ ਉਸਦੇ ਪਿਤਾ ਨੇ ਹੀ ਉਸਦਾ ਪਾਲਣ-ਪੋਸ਼ਣ ਕੀਤਾ ਸੀ, ਪਰ ਬਾਬਾ ਸੁਖਦੇਵ ਸਿੰਘ ਸੋਢੀ ਦੇ ਗਦਰੀਆਂ ਵਿਰੋਧੀ ਕੰਮਾਂ ਅਤੇ ਅੰਗਰੇਜ਼ਾਂ ਪੱਖੀ ਹੋਣ ਕਰਕੇ ਸ਼ਹਿਜ਼ਾਦੀ ਸੋਢੀ ਰਘਬੀਰ ਕੌਰ ਦੇ ਵਿਚਾਰ ਆਪਣੇ ਪਿਤਾ ਨਾਲ ਨਹੀਂ ਮਿਲਦੇ ਸਨ, ਕਿਉਂਕਿ ਉਹ ਸੋਚਦੀ ਸੀ ਕਿ ਉਨ੍ਹਾਂ ਦਾ ਪਰਿਵਾਰ ਸਿੱਖ ਗੁਰੂਆਂ ਦੀ ਵੰਸ਼ ਵਿੱਚੋਂ ਹੈ।

*ਸਰਦਾਰ ਧੰਨਾ ਸਿੰਘ ਦੇ ਬਾਗ ਵਿੱਚ ਰਾਤ ਦੇ ਸਮੇਂ ਬੈਠ ਸਰਦਾਰ ਕਰਤਾਰ ਸਿੰਘ ਸਰਾਭਾ ਨੇ ਨੋਟ-ਬੁੱਕ 'ਤੇ ਜੋ ਕੁਛ ਲਿਖਿਆ ਸੀ, ਉਹ ਅੰਗਰੇਜ਼ਾਂ ਦੀ ਹਕੂਮਤ ਦੇ ਖਿਲਾਫ ਅਤੇ ਆਪਣੇ ਗਦਰੀ ਦੋਸਤਾਂ ਦੇ ਹੱਕ ਵਿੱਚ ਆਪਣੇ ਮਨ ਦੇ ਜਜ਼ਬਾਤ ਪ੍ਰਗਟ ਕੀਤੇ ਸਨ। ਇਹ ਇੱਕ ਕਵਿਤਾ ਦੇ ਰੂਪ ਵਿੱਚ ਸਨ, ਇਨ੍ਹਾਂ ਮਨ ਦੇ ਵਲਵਲਿਆਂ ਨੇ ਹੀ ਉਸ ਨੂੰ ਪੰਜਾਬ ਆਉਣ ਲਈ ਹਲੂਣਿਆ। ਕਵਿਤਾ ਦੀਆਂ ਸਤਰਾਂ ਇਹ ਹਨ:*

*ਸੂਰਮੇ ਦਾ ਕੰਮ ਨਹੀਓਂ ਪਿੱਠ ਮੋੜਨਾ
ਯਾਰੀ ਲਾ ਕੇ ਯਾਰ ਨਾਲੋਂ ਨਿਹੁੰ ਤੋੜਨਾ*

*ਦਿਲਾਂ ਦਿਆ ਮਹਿਰਮਾਂ ਦਾ ਸਾਥ ਤੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ*

*ਜਿਨ੍ਹਾਂ ਨਾਲ ਰਲ ਕੇ ਸੀ ਬੀੜਾ ਚੁੱਕਿਆ
ਜ਼ਾਲਮਾਂ ਨੇ ਸਾਰਿਆਂ ਨੂੰ ਜੇਲ੍ਹੀਂ ਡੱਕਿਆ*

*ਦੇਈ ਜਾਂਦਾ ਉਨ੍ਹਾਂ ਨੂੰ ਤਸੀਹੇ ਰੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ*

*ਹੋ ਗਿਆ ਪੰਜਾਬੀਆ ਕੀ ਤੇਰੀ ਸ਼ਾਨ ਨੂੰ
ਜੰਮਿਓਂ ਨਿਕਾਰਿਆ ਕੀ ਅੰਨ ਖਾਣ ਨੂੰ?*

*ਅੱਜ ਭੱਜ ਆਇਓਂ ਰੰਨਾਂ ਵਾਂਗ ਮੂੰਹ ਕੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ*

*ਉਠ ਤਾਂ ਪੰਜਾਬ ਨੂੰ ਮੁਹਾਰਾਂ ਮੋੜੀਏ
ਜਾਇ ਕੇ ਫਿਰੰਗੀ ਦੀਆਂ ਜੇਲ੍ਹਾਂ ਤੋੜੀਏ*

*ਮੌਤ ਨਾਲ ਫੇਰੇ ਲਈਏ ਲਾੜੇ ਸੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।*

ਸਮੂਹ ਭਾਈਚਾਰੇ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

# ਖਾਲਸਾ ਪੰਥ ਦੇ ਸਿਰਜਣਾ ਦਿਵਸ ਦੀ
# ਲੱਖ ਲੱਖ ਵਧਾਈ

## ਸਭ ਨੂੰ ਸੱਭਿਆਚਾਰਕ ਮਹੱਤਵ ਵਾਲਾ
# ਵਿਸਾਖੀ ਦਾ ਤਿਓਹਾਰ
## ਮੁਬਾਰਕ ਹੋਵੇ

ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਵਿਸਾਖੀ ਦਾ ਤਿਓਹਾਰ
ਸਮੁੱਚੇ ਭਾਈਚਾਰੇ ਲਈ ਚੜ੍ਹਦੀ ਕਲਾ ਨਾਲ ਭਰਪੂਰ ਹੋਵੇ

ਵੱਲੋਂ:


ਬਲਵਿੰਦਰ ਸਿੰਘ (ਬੌਬ) ਸੰਧੂ


ਜਸਵਿੰਦਰ ਸਿੰਘ (ਜੱਸੀ) ਸੰਧੂ


ਕਿਰਪਾਲ ਸਿੰਘ ਰੰਧਾਵਾ


ਸੋਨੀ ਜੱਜ

ਸੰਧੂ, ਰੰਧਾਵਾ ਅਤੇ ਜੱਜ ਪਰਿਵਾਰ (ਸ਼ਿਕਾਗੋ)

## ਇਤਿਹਾਸਨਾਮਾ

# ਪੀਕਰੇ ਆਤਸ਼ਾਂ–ਤੋਪ ਜਮਜਮਾ

ਸੰਤੋਖ ਸਿੰਘ ਮੰਡੇਰ–ਸਰੀ, ਕੈਨੇਡਾ
ਵੱਟਸਐਪ: 604–505–7000

ਲਾਹੌਰ ਦੀ ਮਾਲ ਰੋਡ ਉਪਰ ਅਨਾਰਕਲੀ ਬਜਾਰ ਤੇ ਅਨਾਰਕਲੀ ਫੂਡ ਸਟਰੀਟ ਦੇ ਕੋਲ ਖੂੰਜੇ ਦੇ ਨਾਲ ਟੌਲਿੰਨਟੰਨ ਮਾਰਕੀਟ ਲੰਘ ਕੇ ਲਾਹੌਰ ਦੇ ਅਜਾਇਬ ਘਰ ਅਤੇ ਪੰਜਾਬ ਯੂਨੀਵਰਸਿਟੀ ਹਾਲ–ਲਾਹੌਰ ਦੇ ਸਾਹਮਣੇ ਨਾਸਿਰ ਬਾਗ ਚੌਕ ਤੋਂ ਪਹਿਲਾਂ, ਮਾਲਰੋਡ (ਸ਼ਾਰਾ–ਏ–ਕਾਇਦੇ ਆਜ਼ਮ) ਸੜਕ ਦੇ ਵਿਚਕਾਰ ਮੁਗਲਾਂ ਦੀ ਇਤਿਹਾਸਕ 'ਤੋਪ ਜਮਜਮਾ', ਗੋਰਿਆਂ ਦੀ 'ਕਿੰਮਜ ਗੰਨ' ਤੇ ਸਿੱਖਾਂ ਦੀ ਪੱਥਰ ਪਾੜ 'ਭੰਗੀਆਂ ਦੀ ਤੋਪ' ਇੱਕ ਚਿੱਟੇ ਸੰਗਮਰਮਰ ਦੇ ਥੜ੍ਹੇ ਉਪਰ ਹਿੱਕ ਤਾਣ ਕੇ ਨਿਸੰਗ ਖੜੀ ਹੈ। ਨਸਿਰ ਬਾਗ ਜਾਂ ਪਾਰਕ ਦੇ ਬਿਲਕੁਲ ਸਾਹਮਣੇ ਬ੍ਰਿਟਿਸ਼ ਸਾਮਰਾਜ ਸਮੇਂ ਸੰਨ 1864 ਵਿੱਚ ਬਣੇ ਪੰਜਾਬ ਦੇ ਪਹਿਲੇ ਗੌਰਮਿੰਟ ਕਾਲਜ ਲਾਹੌਰ ਦੀ ਅੰਗਰੇਜ਼ਾਂ ਦੇ ਚਰਚ ਦੀ ਤਰਜ ਉਪਰ ਬਣੀ ਲੰਮੀ ਚੌੜੀ ਸ਼ਾਨਦਾਰ ਇਮਾਰਤ ਵੀ ਹੈ। ਫਾਰਸੀ ਭਾਸ਼ਾ ਵਿੱਚ ਇਸ ਉਪਰ ਉਕਰੇ ਸ਼ਬਦ 'ਪੀਕਰੇ ਆਤਸ਼ਾਂ'–ਤੋਪ ਜਮਜਮਾ, 'ਭੰਗੀਆਂ ਦੀ ਤੋਪ' ਦਾ ਇਤਿਹਾਸ ਵੀ ਬੜਾ ਰੌਚਿਕ ਹੈ। ਇਸ ਤੋਪ ਦੀ ਉਸ ਸਮੇਂ ਪੂਰੀ ਦੁਨੀਆਂ ਵਿੱਚ ਬੜੀ ਮਸ਼ਹੂਰੀ ਸੀ ਤੇ ਖਾਸ ਕਰਕੇ ਭਾਰਤ ਦੀਆਂ ਦੇਸੀ ਰਿਆਸਤਾਂ ਦੇ ਰਾਜਿਆਂ, ਮਹਾਰਾਜਿਆਂ, ਨਵਾਬਾਂ, ਠਾਕੁਰਾਂ ਤੇ ਮਰਹੱਟਿਆਂ ਦੇ ਮਨਾਂ ਵਿੱਚ ਇਸ ਤੋਪ ਦੀ ਪੂਰੀ ਦਹਿਸ਼ਤ ਸੀ।

ਅਫਗਾਨਿਸਤਾਨ ਮੁਸਲਿਮ ਮੁਲਕ ਵਿੱਚ ਸੂਬਾ ਹੈਰਾਤ ਦੇ ਹਰੀ ਦਰਿਆ ਦੀ ਜਰਖੇਜ ਵਾਦੀ ਵਾਲੇ 'ਸਰਦੋਜ਼ਈ ਕਬੀਲੇ' 'ਚ 1722 ਨੂੰ ਜੰਮਿਆ ਤੇ ਕੰਧਾਰ ਦੇ 'ਲੋਇਆ ਜਿਰਗਾ' ਦਾ ਮੁਖੀਆ, ਅਫਗਾਨਿਸਤਾਨ ਮੁਲਕ ਦਾ ਨਿਰਮਾਤਾ, ਕਾਬੁਲ ਸਲਤਨਤ ਦਾ ਸ਼ਾਸ਼ਕ, ਪਾਤਸ਼ਾਹ–ਏ–ਗਾਜੀ, ਦੁਰਾਨੀ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਉਪਰ ਲਗਾਤਾਰ ਸੰਨ 1748 ਤੋਂ 1767 ਤੱਕ 17 ਵਾਰ ਹਮਲੇ ਕੀਤੇ। ਉਹ ਹਰ ਵਾਰ ਬੜੀ ਆਸਾਨੀ ਨਾਲ ਭਾਰਤ ਤੋਂ ਧਨ, ਦੌਲਤ, ਸੋਨੇ, ਚਾਂਦੀ ਦੇ ਕੀਮਤੀ ਗਹਿਣਿਆਂ ਦੇ ਨਾਲ ਜਵਾਨ ਔਰਤਾਂ ਤੇ ਬੱਚੇ ਵੀ ਕਾਬੁਲ ਲੈ ਜਾਂਦਾ ਸੀ ਅਤੇ ਫਿਰ ਉਨ੍ਹਾਂ ਨੂੰ ਕਾਬੁਲ ਦੇ ਬਾਜ਼ਾਰਾਂ ਵਿੱਚ ਵੇਚ ਦਿੰਦਾ ਸੀ। ਅਹਿਮਦ ਸ਼ਾਹ ਅਬਦਾਲੀ ਨੇ ਜਦੋਂ 1759 ਵਿੱਚ ਭਾਰਤ ਉਪਰ ਪੰਜਵਾਂ ਹਮਲਾ ਕੀਤਾ ਤੇ ਉਸ ਦੀ ਸ਼ਾਹੀ ਫੌਜ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਲੁੱਟਿਆ। ਉਸਦੇ ਅਹਿਲਕਾਰਾਂ ਤੇ ਫੌਜ ਨੇ ਪੰਜਾਬੀਆਂ ਦੇ ਘਰਾਂ ਵਿੱਚੋਂ ਹੋਰ ਕੀਮਤੀ ਚੀਜ਼ਾਂ ਦੇ ਨਾਲ ਨਾਲ ਪਿੱਤਲ, ਤਾਬੇ, ਕਾਂਸੀ ਤੇ ਹੋਰ ਧਾਤਾਂ ਦੇ ਭਾਂਤ–ਭਾਂਤ ਦੇ ਬਰਤਨ ਵੀ ਚੁੱਕ ਲਏ ਸਨ। ਇਨ੍ਹਾਂ ਭਾਂਤ ਭਾਂਤ ਦੇ ਭਾਂਡਿਆਂ ਦਾ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਬੜਾ ਉਚਾ ਢੇਰ ਲੱਗ ਗਿਆ ਸੀ। ਜਦੋਂ ਅਬਦਾਲੀ ਵਾਪਿਸ ਕਾਬੁਲ ਨੂੰ ਜਾਣ ਲਗਿਆ ਤਾਂ ਸਾਰਾ ਲੁਟਿਆ ਹੋਇਆ ਕੀਮਤੀ ਸਾਮਾਨ ਗੱਡਿਆਂ ਉਪਰ ਲੱਦਿਆ ਗਿਆ, ਜੋ ਇੱਕ ਲੰਮਾ ਕਾਫਲਾ ਬਣ ਗਿਆ, ਪਰ ਬਰਤਨ ਤੇ ਭਾਂਡੇ ਹਾਲੇ ਵੀ ਰਹਿ ਗਏ ਸਨ। ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਚੁਣਵੇਂ ਅਹਿਲਕਾਰਾਂ ਨਾਲ ਸਲਾਹ ਕੀਤੀ ਕਿ ਇਨ੍ਹਾਂ ਬਰਤਨਾਂ ਦਾ ਕੀ ਕੀਤਾ ਜਾਵੇ?

ਅਹਿਮਦ ਸ਼ਾਹ ਅਬਦਾਲੀ ਦੇ ਇੱਕ ਖਾਸਮ ਖਾਸ ਲਾਹੌਰ ਦਰਬਾਰ ਦੇ ਵਜ਼ੀਰ ਸ਼ਾਹ ਵੱਲੀ ਖਾਨ ਨੇ ਲਾਹੌਰ ਦੇ ਇੱਕ ਉਤਮ ਕਾਰੀਗਰ ਸ਼ਾਹ ਨਜੀਰ ਨੂੰ ਪੇਸ਼ ਕੀਤਾ, ਜੋ ਉਸ ਜ਼ਮਾਨੇ ਦਾ ਸਭ ਤੋਂ ਪ੍ਰਸਿੱਧ ਠੱਠਿਆਰ, ਨਾਮੀ ਬਰਤਨ ਤੇ ਤੋਹਫੇ ਬਨਾਉਣ ਦਾ ਸਿਆਣਾ ਕਾਰੀਗਰ ਸੀ। ਕਾਰੀਗਰ ਸ਼ਾਹ ਨਜੀਰ ਨੇ ਦੋਵੇਂ ਹੱਥ ਜੋੜ ਕੇ ਤੇ ਝੁਕ ਕੇ ਕਿਹਾ, "ਜਹਾਂ ਪਨਾਹ ਜੇ ਹੁਕਮ ਹੋਵੇ ਤਾਂ ਇਨ੍ਹਾਂ ਬਰਤਨਾਂ ਦੇ ਢੇਰ ਨੂੰ ਢਾਲ ਕੇ ਇੱਕ ਲਾਸਾਨੀ ਤੇ ਨਾਮਵਰ ਤੋਪ ਬਣਾਈ ਜਾ ਸਕਦੀ ਹੈ।" ਇਨ੍ਹਾਂ ਬਹੁਤ ਸਾਰੀਆਂ ਧਾਤਾਂ ਨੂੰ ਮਿਲਾ ਕੇ ਬਣੀ ਤੋਪ ਯੁੱਧ ਦੇ ਮੈਦਾਨ ਵਿੱਚ ਬਹੁਤ ਕਾਮਯਾਬ ਤੇ ਅਹਿਮ ਕਾਰਗਰ ਸਾਬਿਤ ਹੋ ਸਕਦੀ ਹੈ। ਸ਼ਾਹ ਨਜੀਰ ਜੋ ਕਾਬੁਲ ਦਾ ਰਹਿਣ ਵਾਲਾ ਸੀ, ਨੂੰ ਲਾਹੌਰ ਵਿਖੇ ਰਹਿ ਕੇ ਹੀ ਅਨੋਖੀ ਤੋਪ ਬਨਾਉਣ ਦੀ ਮਨਜ਼ੂਰੀ ਅਹਿਮਦ ਸ਼ਾਹ ਅਬਦਾਲੀ ਵੱਲੋਂ ਮਿਲ ਗਈ। ਸ਼ਾਹ ਨਜੀਰ ਨੇ ਇਨ੍ਹਾਂ ਲੁੱਟ ਦੇ ਭਾਂਡਿਆਂ ਨੂੰ ਢਾਲ ਕੇ ਇੱਕ ਲਾਸਾਨੀ ਤੇ ਲਾਜਵਾਬ ਤੋਪ ਤਿਆਰ ਕੀਤੀ, ਜੋ ਉਸ ਜਮਾਨੇ ਦੀ ਬਹੁਤ ਵੱਡੀ ਤੇ ਅਹਿਮ ਤੋਪ ਸੀ, ਜਿਸ ਨੂੰ 'ਤੋਪ ਜਮਜਮਾ' ਦਾ ਨਾਂ ਦਿੱਤਾ ਗਿਆ ਸੀ। ਇਸ ਉਤੇ ਫਾਰਸੀ ਭਾਸ਼ਾ ਵਿੱਚ ਉਕਰਿਆ "1757 ਸ਼ਾਹ ਨਜੀਰ–ਮੈਟਲਸਮਿਥ, ਮੁਗਲ ਬਾਦਸ਼ਾਹ, ਮੁਈਨ–ਅਲ–ਮੁਲਕ, ਅਹਿਮਦ ਸ਼ਾਹ ਅਬਦਾਲੀ, ਦਿਸ਼ਾ ਨਿਰਦੇਸ਼, ਵਜ਼ੀਰ–ਸ਼ਾਹ ਵੱਲੀ ਖਾਨ।" ਤੋਪ ਦੀ ਲੰਮੀ ਨਲੀ ਉਪਰ ਫੁੱਲ–ਬੂਟਿਆਂ ਨਾਲ ਪਿੱਤਲ ਵਿੱਚ ਹੀ ਮੀਨਾਕਾਰੀ ਵੀ ਕੀਤੀ ਹੋਈ ਹੈ। ਫਾਰਸੀ ਭਾਸ਼ਾ ਇਸ ਦੌਰ ਵਿੱਚ ਆਮ ਵਰਤੀ ਜਾਂਦੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੀ ਰਾਜਸੀ ਭਾਸ਼ਾ ਵੀ ਫਾਰਸੀ ਸੀ। ਪੰਜਾਬੀ, ਡੋਗਰੀ, ਕਸ਼ਮੀਰੀ ਵੀ ਪ੍ਰਚਲਤ ਭਾਸ਼ਾਵਾਂ ਸਨ। "ਕਾਇਦਾ–ਏ–ਨੂਰ" ਵੱਖੋ ਵੱਖ ਭਾਸ਼ਾਵਾਂ ਦੀ ਪੜ੍ਹਾਈ ਲਈ ਸਾਰੀ ਪ੍ਰਜਾ ਵਿੱਚ ਵੰਡਿਆ ਜਾਂਦਾ ਸੀ।

ਤੋਪ ਜਮਜਮਾ ਦੇ ਮੂੰਹ ਦਾ ਆਕਾਰ 10 ਇੰਚ, ਇਸ ਦੀ ਨਲੀ ਦੀ ਲੰਬਾਈ 15 ਫੁੱਟ ਅਤੇ ਇਸ ਵਿੱਚ 55 ਮਣ ਦਾ ਗੋਲਾ ਪੈਂਦਾ ਸੀ। ਤੋਪ ਦਾ ਆਪਣਾ ਵਜ਼ਨ 4500 ਕਿੱਲੋ ਜਾਂ 9000 ਪੌਂਡ ਦੇ ਕਰੀਬ ਹੈ। ਤੋਪ ਜਮਜਮਾ ਜਦੋਂ ਦੁਸ਼ਮਣ ਉਪਰ ਫਾਇਰ ਕਰਦੀ ਸੀ ਤਾਂ ਧਰਤੀ ਕੰਬਦੀ ਸੀ। ਇਸ ਨੂੰ ਚਲਾਉਣ ਲਈ 15 ਤੋਂ 20 ਤਕੜੇ ਜੁੱਸੇ ਵਾਲੇ ਸਿਪਾਹੀ ਲਗਦੇ ਸਨ। ਇਸ ਤੋਪ ਵਿੱਚੋਂ ਨਿਕਲਿਆ ਗੋਲਾ ਬਹੁਤ ਦੂਰ–ਦੂਰ ਤੱਕ ਤਬਾਹੀ ਮਚਾ ਦਿੰਦਾ ਸੀ। ਇਸ ਤੋਪ ਨੂੰ ਉਸ ਵੇਲੇ ਦੇ ਬਹੁਤ ਮਜਬੂਤ ਕਿਲੇ ਤੋੜਨ ਲਈ ਵਰਤਿਆ ਜਾਂਦਾ ਸੀ। 'ਤੋਪ ਜਮਜਮਾ' ਉਪਰ ਫਾਰਸੀ ਭਾਸ਼ਾ ਵਿੱਚ ਲਿਖਿਆ ਹੋਇਆ ਹੈ, "ਪੀਕਰੇ ਅਨਜ਼ਹਾਦੇ ਆਤਸ਼ਬਾਜ" ਜਿਸ ਦਾ ਮਤਲਬ ਹੈ– "ਦੁਨੀਆਂ ਦੀ ਸਭ ਤੋਂ ਵੱਡੀ ਸਰਾਲ/ਸੱਪ" ਜਿਸ ਦੇ ਮੂੰਹ ਵਿੱਚੋ ਅੱਗ ਨਿਕਲਦੀ ਹੈ। ਇਸ ਤੋਪ ਜਮਜਮਾ ਦੇ ਮੂੰਹ ਵਿੱਚੋਂ 20 ਫੁੱਟ ਲੰਮੀ ਚੌੜੀ ਅੱਗ ਦੀ ਵੱਡੀ ਲਾਟ ਨਿਕਲਦੀ ਸੀ, ਜੋ ਉਸ ਅੱਗੇ ਆਈ ਹਰ ਸ਼ੈਅ ਨੂੰ ਫਨਾਹ ਕਰਦੀ ਤੇ ਫੂਕਦੀ ਜਾਂਦੀ ਸੀ।

ਦੁਰਾਨੀ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਵੱਲੋਂ ਪੰਜਾਬ ਤੇ ਹਿੰਦੋਸਤਾਨ ਦੀ ਲੁੱਟ ਲਈ ਹੋਏ ਹਮਲਿਆਂ ਤੇ ਲੜਾਈਆਂ ਵਿੱਚ ਇਹ ਤੋਪ ਉਚੇਚੀ ਵਰਤੀ ਜਾਂਦੀ ਰਹੀ। ਸੰਨ 1760 ਵਿੱਚ ਕਾਬੁਲ ਨੂੰ ਵਾਪਿਸ ਜਾਣ ਸਮੇਂ ਅਹਿਮਦ ਸ਼ਾਹ ਅਬਦਾਲੀ ਇਸ ਤੋਪ ਨੂੰ ਬਹੁਤ ਭਾਰੀ ਹੋਣ ਕਰਕੇ ਲਾਹੌਰ ਦੇ ਕਿਲੇ ਵਿੱਚ ਆਪਣੇ ਸ਼ਾਹੀ ਸੂਬੇਦਾਰ ਕੋਲ ਛੱਡ ਗਿਆ ਸੀ, ਪਰ ਹੋਰ ਛੋਟੀਆਂ–ਮੋਟੀਆਂ ਤੋਪਾਂ ਨਾਲ ਲੈ ਗਿਆ ਸੀ, ਜੋ ਰਾਹ ਵਿੱਚ ਦਰਿਆ ਚਨਾਬ ਪਾਰ ਕਰਦੇ ਸਮੇਂ ਦਰਿਆ ਦੇ ਤੇਜ ਪਾਣੀ ਵਿੱਚ ਹੀ ਰੁੜ੍ਹ ਗਈਆਂ ਸਨ। ਅਹਿਮਦ ਸ਼ਾਹ ਅਬਦਾਲੀ ਚਾਹੁੰਦਾ ਸੀ ਕਿ ਰਾਜਸਥਾਨ ਦੇ ਰਾਜਪੂਤ ਰਾਜਿਆਂ ਤੇ ਦੱਖਣੀ ਭਾਰਤ ਦੇ ਸ਼ਾਸ਼ਕਾਂ, ਜਿਨ੍ਹਾਂ ਕੋਲ ਬਹੁਤ ਮਜਬੂਤ ਕਿਲੇ ਹਨ, ਇਹ ਤੋਪ ਉਨ੍ਹਾਂ ਨੂੰ ਤੋੜਨ ਵਾਸਤੇ ਇੱਥੇ ਹੀ ਕੰਮ ਆਵੇਗੀ ਅਤੇ ਫੇਰ ਉਹ ਪੂਰੇ ਹਿੰਦੋਸਤਾਨ 'ਤੇ ਕਾਬਜ ਹੋ ਜਾਵੇਗਾ। 'ਤੋਪ ਜਮਜਮਾ' ਆਕਾਰ ਵਿੱਚ ਬਹੁਤ ਵੱਡੀ ਅਤੇ ਵਜ਼ਨਦਾਰ ਹੋਣ ਕਰਕੇ ਕਾਬੁਲ ਤੱਕ ਲਿਜਾਣੀ ਵੀ ਉਤਨੀ ਹੀ ਮੁਸ਼ਕਿਲ ਸੀ।

ਸੰਨ 1761 ਵਿੱਚ ਹਿੰਦੋਸਤਾਨ ਦੇ ਮਰਾਠਾ ਸ਼ਾਸ਼ਕ 'ਸਦਾਸ਼ਿਵ ਰਾਉ ਭਾਊ' ਅਤੇ ਅਫਗਾਨ ਅਹਿਮਦ ਸ਼ਾਹ ਦੁਰਾਨੀ ਵਿਚਕਾਰ ਪਾਣੀਪਤ ਦੀ ਤੀਜੀ ਜੰਗ ਤੋਂ ਪਿੱਛੋਂ ਕਾਬੁਲ ਵਾਪਿਸ ਮੁੜਦਾ ਹੋਇਆ ਅਬਦਾਲੀ ਇਹ ਤੋਪ ਲਾਹੌਰ ਦੇ ਸੂਬੇਦਾਰ ਖਵਾਜਾ ਉਬੈਦ ਖਾਨ ਨੂੰ ਦੇ ਗਿਆ। ਇਸ ਜਮਜਮਾ ਤੋਪ ਦੀ ਹਿਫਾਜ਼ਤ ਵਾਸਤੇ ਇੱਕ ਫੌਜੀ ਕਮਾਂਡਰ ਦੀ ਖਾਸ ਡਿਊਟੀ ਸੀ ਅਤੇ ਲਗਭਗ 60 ਆਦਮੀ ਇਸ ਦੀ ਸਾਂਭ–ਸੰਭਾਲ ਕਰਨ ਵਾਲੇ ਸਨ। ਅਹਿਮਦ ਸ਼ਾਹ ਅਬਦਾਲੀ ਨੇ ਸੰਨ 1748 ਤੋਂ 1767 ਤੱਕ ਹਿੰਦੋਸਤਾਨ ਉਪਰ ਬੜੇ ਖੂੰਖਾਰ ਹਮਲੇ ਕਰਕੇ ਖੂਬ ਲੁੱਟ ਮਾਰ ਕੀਤੀ, ਪਰ ਉਸ ਦੀ ਹਸਰਤ ਹਿੰਦੋਸਤਾਨ ਦਾ ਬਾਦਸ਼ਾਹ ਬਣਨ ਦੀ ਪੂਰੀ ਨਾ ਹੋ ਸਕੀ, ਕਿਉਂਕਿ ਅਕਤੂਬਰ ਸੰਨ 1772 ਵਿੱਚ 50 ਸਾਲ ਦੀ ਉਮਰ ਭੋਗ ਕੇ ਕੈਂਸਰ ਦੀ ਬੀਮਾਰੀ ਨਾਲ ਕਾਬੁਲ ਵਿੱਚ ਹੀ ਉਸਦੀ ਮੌਤ ਹੋ ਗਈ ਸੀ।

ਸੰਨ 1764 ਵਿੱਚ ਸਿੱਖਾਂ ਦੀ ਭੰਗੀ ਮਿਸਲ ਦੇ ਮੁਖੀ ਸਰਦਾਰ ਹਰੀ ਸਿੰਘ ਢਿੱਲੋਂ ਅਤੇ ਉਸਦੇ ਜਵਾਨ ਪੁੱਤਰਾਂ–ਝੰਡਾ ਸਿੰਘ ਤੇ ਗੰਡਾ ਸਿੰਘ ਢਿੱਲੋਂ ਨੇ ਅਹਿਮਦ ਸ਼ਾਹ ਅਬਦਾਲੀ ਦੇ ਨਾਮਜ਼ਦ ਲਾਹੌਰ ਦੇ ਸੂਬੇਦਾਰ ਕਾਬਲੀ ਮੱਲ ਤੋਂ ਲੁੱਟ ਦੇ ਮਾਲ ਵਿੱਚ ਤੋਪ ਜਮਜਮਾ ਵੀ ਆਪਣੇ ਕਬਜੇ ਵਿੱਚ ਲੈ ਲਈ ਗਈ, ਪਰ ਦੋ ਸਾਲ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਹੀ ਸ਼ਾਹੀ ਬੁਰਜ ਵਿਖੇ ਇੱਕ ਪਾਸੇ ਪਈ ਰਹੀ। ਸੰਨ 1770 ਵਿੱਚ ਦੁਰਾਨੀ ਅਹਿਮਦ ਸ਼ਾਹ ਅਬਦਾਲੀ ਸਿੱਖ ਜਥਿਆਂ ਦੇ ਲਾਹੌਰ ਵਿੱਚ ਮਾਰੂ ਹਮਲਿਆਂ ਤੋਂ ਤੰਗ ਆ ਕੇ ਮਰਨ ਤੋਂ ਪਹਿਲਾਂ ਲਾਹੌਰ ਦੀ ਸੂਬੇਦਾਰੀ ਤੇ ਕਾਬਜ ਭੰਗੀ ਮਿਸਲ ਦੇ ਸਰਦਾਰ ਲਹਿਣਾ ਸਿੰਘ ਤੇ ਗੁੱਜਰ ਸਿੰਘ ਢਿੱਲੋਂ ਨੂੰ ਇੱਕ ਅਹਿਦਨਾਮੇ ਤੇ ਧਨ ਦੌਲਤ ਦੇ ਸਮਝੌਤੇ ਨਾਲ 'ਲਾਹੌਰ ਦੀ ਸੂਬੇਦਾਰੀ' ਵੇਚ ਗਿਆ ਸੀ। ਭੰਗੀ ਮਿਸਲ ਦੇ ਵਾਰਸਾਂ ਤੇ ਢਿੱਲੋਂ ਸਿੱਖ ਸਰਦਾਰਾਂ ਦੀ ਲਾਹੌਰ ਵਿੱਚ 1765 ਤੋਂ 1799 ਤੱਕ ਪੂਰੇ 30 ਸਾਲ ਪੂਰੀ ਚੜ੍ਹਤ ਰਹੀ। ਸਰਦਾਰ ਹਰੀ ਸਿੰਘ ਭੰਗੀ–ਢਿੱਲੋਂ ਸਿੱਖ ਜੱਟ ਬਹੁਤ ਬਹਾਦਰ ਯੋਧਾ ਸੀ, ਜਿਸਨੇ ਲੰਮਾ ਸਮਾਂ ਲਾਹੌਰ ਵਾਸੀਆਂ ਉਪਰ ਬੜੀ ਨਿਰਦੈਤਾ ਨਾਲ ਅਣਗਿਣਤ ਟੈਕਸ ਲਾ ਕੇ ਰਾਜ ਕੀਤਾ, ਜਿਸ ਨਾਲ ਲਾਹੌਰ ਦੀ ਸਾਰੀ ਪ੍ਰਜਾ ਬੜੀ ਦੁਖੀ ਸੀ। ਲਾਹੌਰ ਸ਼ਹਿਰ ਦੀ ਸਾਰੀ ਪ੍ਰਜਾ ਦੀ ਪੁਕਾਰ–ਅਪੀਲ ਨਾਲ ਸਿੱਖ ਮਿਸਲਦਾਰ ਸਰਦਾਰਾਂ ਨੇ ਮਿਲ ਕੇ ਜਦੋਂ ਲਾਹੌਰ ਉਪਰ ਹਮਲਾ ਕੀਤਾ ਤਾਂ ਇਹ ਤੋਪ ਸੰਧਾਵਾਲੀਏ ਸਿੱਖ, ਸੁਕਰਚੱਕੀਆ ਮਿਸਲ ਦੇ ਸਰਦਾਰ ਚੜ੍ਹਤ ਸਿੰਘ ਦੇ ਹਿੱਸੇ ਆਈ ਤੇ ਉਹ ਇਸ ਨੂੰ ਗੁਜਰਾਂਵਾਲੇ ਲੈ ਗਿਆ। ਸਿੱਖਾਂ ਤੇ ਮੁਸਲਮਾਨਾਂ ਦੀ ਇੱਕ ਲੜਾਈ ਵਿੱਚ ਇਹ ਤੋਪ ਰਾਮਨਗਰ ਦੇ ਮੁਸਲਮਾਨ ਚੱਠਿਆਂ ਨੇ ਸਿੱਖਾਂ ਤੋਂ ਖੋਹ ਲਈ ਤੇ ਚੱਠਿਆਂ ਦਾ ਸਰਦਾਰ ਹਸ਼ਮਤ ਖਾਨ ਚੱਠਾ ਇਸ ਤੋਪ ਨੂੰ ਚੱਠਿਆਂ ਦੀ ਰਿਆਸਤ ਰਸੂਲ ਨਗਰ ਲੈ ਗਿਆ। ਸਿੱਖਾਂ ਦੀ ਭੰਗੀ ਮਿਸਲ ਦੇ ਸਰਦਾਰ ਝੰਡਾ ਸਿੰਘ ਢਿੱਲੋਂ ਤੇ ਸਾਥੀਆਂ ਨੇ ਇੱਕ ਲੜਾਈ ਵਿੱਚ ਚੱਠਿਆਂ ਨੂੰ ਹਰਾ ਕੇ ਇਹ 'ਤੋਪ ਜਮਜਮਾ' ਖੋਹ ਕੇ ਅੰਮ੍ਰਿਤਸਰ ਲੈ ਆਂਦੀ। ਅੰਮ੍ਰਿਤਸਰ ਸ਼ਹਿਰ ਵਿੱਚ ਲੰਮਾ ਸਮਾਂ ਢਿੱਲੋਂ, ਭੰਗੀ ਸਿੱਖ ਸਰਦਾਰਾਂ ਦੇ ਅਧੀਨ ਰਹਿਣ ਕਰਕੇ ਇਸਦਾ ਨਾਮ 'ਭੰਗੀਆਂ ਦੀ ਤੋਪ' ਪੈ ਗਿਆ।





ਚਿੱਤਰ: ਮਹਾਰਾਜਾ ਰਣਜੀਤ ਸਿੰਘ, ਅਹਿਮਦ ਸ਼ਾਹ ਅਬਦਾਲੀ ਤੇ ਨਵਾਬ ਮੁਜ਼ੱਫਰ ਖਾਨ

ਸੰਨ 1802 ਵਿੱਚ ਗੁਜਰਾਂਵਾਲੇ ਦੀ ਸੁਕਰਚੱਕੀਆ ਮਿਸਲ ਦੇ ਸਿੱਖ ਸਰਦਾਰ ਨੌਜਵਾਨ ਰਣਜੀਤ ਸਿੰਘ ਨੇ ਲਾਹੌਰ ਦੇ ਅਹਿਮ ਮੁਸਲਮਾਨ ਹਿੰਦੂਆਂ ਦੀ ਪੁਰਜ਼ੋਰ ਅਪੀਲ ਉਪਰ ਆਸਾਨੀ ਨਾਲ ਲਾਹੌਰ ਨੂੰ ਆਪਣੇ ਕਬਜੇ ਵਿੱਚ ਕਰ ਲਿਆ ਸੀ। ਸੰਨ 1804 ਵਿੱਚ ਜਦੋਂ ਭੰਗੀ ਮਿਸਲ ਦੇ ਸਰਦਾਰਾਂ ਕੋਲੋਂ ਰਣਜੀਤ ਸਿੰਘ ਨੇ ਅੰਮ੍ਰਿਤਸਰ ਫਤਿਹ ਕੀਤਾ ਤਾਂ ਇਹ ਮੁਗਲਾਂ ਵਾਲੀ ਤੋਪ ਜਮਜਮਾ, ਜੋ ਹੁਣ 'ਭੰਗੀਆਂ ਦੀ ਤੋਪ' ਦੇ ਨਾਮ ਨਾਲ ਮਸ਼ਹੂਰ ਸੀ, ਵੀ ਉਸਦੇ ਹੱਥ ਆ ਗਈ ਤੇ ਉਹ ਇਸ ਨੂੰ ਲਾਹੌਰ ਲੈ ਆਇਆ ਸੀ। ਲਾਹੌਰ ਉਤੇ ਕਾਬਜ ਹੋਣ ਨਾਲ ਨੌਜਵਾਨ ਸਿੱਖ ਸਰਦਾਰ ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਬਣ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਸਭ ਤੋਂ ਪਹਿਲਾਂ ਇਸ ਤੋਪ ਨੂੰ 1807 ਵਿੱਚ ਕਸੂਰ ਉਪਰ ਚੜ੍ਹਾਈ ਵੇਲੇ ਵਰਤਿਆ ਅਤੇ ਫਿਰ ਸਮੇਂ ਸਮੇਂ ਕੁੱਝ ਹੋਰ ਲੜਾਈਆਂ ਵਿੱਚ ਵੀ ਇਸ ਤੋਪ ਨੂੰ ਇਸਤੇਮਾਲ ਕੀਤਾ ਗਿਆ।

ਮੁਲਤਾਨ ਸੂਬੇ ਦਾ ਅਫ਼ਗਾਨ ਗਵਰਨਰ ਨਵਾਬ ਮੁਜ਼ੱਫ਼ਰ ਖਾਨ, ਪੰਜਾਬ ਦੇ ਸਿੱਖ ਮਹਾਰਾਜਾ ਰਣਜੀਤ ਸਿੰਘ ਨੂੰ ਪਿਛਲੇ ਕਈ ਸਾਲਾਂ ਤੋਂ ਸਮੇਂ ਸਿਰ ਸਾਲਾਨਾ ਕਰ–ਲਗਾਨ ਦੀ ਅਦਾਇਗੀ ਨਹੀਂ ਕਰ ਰਿਹਾ ਸੀ। ਲਾਹੌਰ ਖਾਲਸਾ ਦਰਬਾਰ ਨੇ ਭਾਰੀ ਸਿੱਖ ਖਾਲਸਾ ਫੌਜਾਂ ਨਾਲ ਮੁਲਤਾਨ ਉਪਰ 'ਲਾਮ–ਲਸ਼ਕਰ' ਨਾਲ ਚੜ੍ਹਾਈ ਕਰ ਦਿੱਤੀ। 'ਭੰਗੀਆਂ ਦੀ ਤੋਪ' ਨੇ ਸੰਨ 1818 ਵਿੱਚ ਆਖਰੀ ਵਾਰ ਮੁਲਤਾਨ ਦੀ ਇਤਿਹਾਸਕ ਜੰਗ ਵਿੱਚ ਮਿਸਰ ਦੀਵਾਨ ਚੰਦ ਕਮਾਂਡਰ–ਇਨ–ਚੀਫ ਦੀ ਕਮਾਂਡ ਥੱਲੇ 25,000 ਜੰਗਜੂ ਖਾਲਸਾ ਫੌਜਾਂ ਨੇ ਨਵਾਬ ਮੁਜੱਫ਼ਰ ਖਾਨ ਦੇ ਮੁਲਤਾਨ ਕਿਲੇ ਦੀਆਂ ਦੀਵਾਰਾਂ ਤੋੜਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਖਾਲਸਾ ਦਰਬਾਰ ਲਾਹੌਰ ਦੇ ਮਿਸਰ ਦੀਵਾਨ ਚੰਦ ਨੇ ਦੀਵਾਨ ਭਵਾਨੀ ਦਾਸ ਤੇ ਚੌਧਰੀ ਕਾਦਰ ਬਖਸ਼ ਦੀ ਵਿਚੋਲਗੀ ਰਾਹੀਂ ਨਵਾਬ ਮੁਜੱਫਰ ਖਾਨ ਨੂੰ ਮੁਲਤਾਨ ਦਾ ਸੂਬਾ 'ਲਾਹੌਰ ਖਾਲਸਾ ਰਾਜ' ਦੇ ਹਵਾਲੇ ਕਰਨ ਬਦਲੇ 'ਸੁਜਾਬਾਦ ਤੇ ਖਾਨਗੜ੍ਹ' ਦੀਆਂ ਜਾਗੀਰਾਂ ਦੇਣ ਦਾ ਵਾਅਦਾ ਕੀਤਾ ਗਿਆ ਸੀ। ਨਵਾਬ ਮੁਜੱਫਰ ਖਾਨ ਇਸ ਗੱਲ ਨਾਲ ਸਹਿਮਤ ਸੀ, ਪਰ ਉਸ ਦੇ ਅਹਿਲਕਾਰਾਂ ਨੇ ਕੋਈ ਪੈਰ ਨਾ ਲਾਏ ਸਗੋਂ ਸ਼ਹਿਰ ਦੇ ਘਰ ਛੱਡ ਕੇ ਕਿਲੇ ਵਿੱਚ ਡੇਰੇ ਲਾ ਲਏ।

ਮੁਲਤਾਨ ਦੇ ਕਿਲੇ ਦੀਆਂ ਮੋਟੀਆਂ ਭਾਰੇ ਪੱਥਰਾਂ ਵਾਲੀਆਂ ਮਜਬੂਤ ਦੀਵਾਰਾਂ ਤੋੜਨ ਲਈ ਸਿਰਫ 'ਭੰਗੀਆਂ ਦੀ ਤੋਪ' ਦੇ ਭਾਰੀ ਗੋਲੇ ਹੀ ਤੋੜ–ਫਾੜ ਕਰ ਸਕਦੇ ਸੀ, ਜਿਸ ਨੂੰ ਲਾਹੌਰ ਤੋਂ ਮੁਲਤਾਨ ਲਿਆਉਣ ਵਿੱਚ 12 ਦਿਨ ਲੱਗੇ ਸਨ। ਮੁਲਤਾਨ ਦੇ ਨਵਾਬ ਦੀਆਂ 'ਨਵਾਬ ਸ਼ਾਹੀ ਫੌਜਾਂ' ਵਿੱਚ ਉਸ ਦਾ ਇੱਕ ਪੱਕਾ ਫੌਜੀ ਖੁਫੀਆ ਅਫ਼ਗਾਨ ਪਠਾਣ ਮੁਲਾਜ਼ਮ 'ਗੁਲਾਮ ਜਿਲਾਨੀ' ਇੱਕ ਪ੍ਰਸਿੱਧ ਲੇਖਕ ਤੇ ਪੇਸ਼ੇਵਰ ਜਾਸੂਸ ਵੀ ਸੀ, ਜਿਸ ਨੇ ਫ਼ਾਰਸੀ ਤੇ ਅਰਬੀ ਭਾਸ਼ਾ ਵਿੱਚ ਕਈ ਕਿਤਾਬਾਂ ਵੀ ਲਿਖੀਆਂ ਹਨ। ਉਸ ਦੀ ਇੱਕ ਫ਼ਾਰਸੀ ਕਿਤਾਬ 'ਜੰਗਨਾਮਾ–ਏ–ਮੁਲਤਾਨ' ਬਹੁਤ ਪ੍ਰਸਿੱਧ ਹੈ, ਜਿਸ ਵਿੱਚ ਮੁਲਤਾਨ ਦੀ ਜੰਗ ਦਾ ਵਰਨਣ ਬਹੁੱਤ ਬਾਖੂਬੀ ਨਾਲ ਦਿੱਤਾ ਗਿਆ ਹੈ। ਗੁਲਾਮ ਜਿਲਾਨੀ ਨੂੰ ਨਵਾਬ ਮੁਜੱਫ਼ਰ ਖਾਨ ਵੱਲੋਂ ਖਾਲਸਾ ਫੌਜਾਂ ਦੀ ਜਾਸੂਸੀ ਕਰਨ ਲਈ ਨਿਯੁਕਤ ਕੀਤਾ ਗਿਆ ਸੀ ਤੇ ਉਸ ਨੂੰ ਇਸ ਬਦਲੇ ਚੋਖੀ ਤਨਖਾਹ ਵੀ ਦਿੱਤੀ ਜਾਂਦੀ ਸੀ। ਮੁਲਤਾਨ ਦੇ ਕਿਲੇ ਦੀ ਘੇਰਾਬੰਦੀ ਦੌਰਾਨ ਉਹ ਇੱਕ ਸਿੱਖ ਸਿਪਾਹੀ ਦੇ ਲਿਬਾਸ ਵਿੱਚ ਖਾਲਸਾ ਫੌਜਾਂ ਵਿੱਚ ਬੇਖੌਫ ਘੁੰਮ ਫਿਰ ਰਿਹਾ ਸੀ। ਲੜਾਈ ਦੌਰਾਨ ਘੁੰਮਦਿਆਂ ਫਿਰਦਿਆਂ ਉਹ ਐਸੀ ਜਗ੍ਹਾ ਪਹੁੰਚਿਆ, ਜਿੱਥੇ ਕੁੱਝ ਸਿੱਖ ਸਿਪਾਹੀ ਇੱਕ ਟੁੱਟੀ ਹੋਈ ਵੱਡੇ ਆਕਾਰ ਦੀ ਤੋਪ ਕੋਲ ਆਪਸ ਵਿੱਚ ਬਹਿਸ ਕਰ ਰਹੇ ਸਨ, ਜੋ 'ਭੰਗੀਆਂ ਵਾਲੀ ਤੋਪ' ਹੀ ਸੀ।

ਲੜਾਈ ਦੌਰਾਨ ਸਿੱਖ ਜਰਨੈਲ ਅਕਾਲੀ ਫੂਲਾ ਸਿੰਘ ਵੱਲੋਂ ਹੁਕਮ ਹੋਇਆ ਕਿ ਭੰਗੀਆਂ ਵਾਲੀ ਤੋਪ ਦੇ ਗੋਲੇ ਕਿਲੇ ਦੇ ਖਿਜਰੀ ਦਰਵਾਜ਼ੇ ਉਪਰ ਦਾਗੇ ਜਾਣ। ਤੋਪ ਦੇ ਗੋਲੇ ਇੰਨੇ ਜਬਰਦਸਤ ਸਨ ਕਿ ਕੁੱਝ ਗੋਲੇ ਦਾਗਣ ਤੋਂ ਬਾਅਦ ਅਚਾਨਕ ਤੋਪ ਦਾ ਇੱਕ ਪਹੀਆ ਟੁੱਟ ਗਿਆ ਸੀ। ਕਿਲੇ ਦੀ ਦੀਵਾਰ ਤੋੜਨ ਲਈ ਹਾਲੀ ਕੁਝ ਹੋਰ ਗੋਲੇ ਦਾਗਣ ਦੀ ਲੋੜ ਸੀ, ਪਰ ਤੋਪ ਲੜਖੜਾ ਕੇ ਬੰਦ ਹੋ ਗਈ। ਨਵਾਬ ਦੇ ਖੁਫ਼ੀਆ ਜਾਸੂਸ 'ਗੁਲਾਮ ਜਿਲਾਨੀ' ਮੁਤਾਬਕ 17 ਸਿੱਖ ਸਿਪਾਹੀ ਇਸ ਤੋਪ ਨੂੰ ਫਿਰ ਚਲਾਉਣ ਲਈ ਲੱਗੇ ਹੋਏ ਸਨ। ਤੋਪ ਚਲਾਉਣ ਵਾਲੇ ਸਿੱਖ ਤੋਪਚੀ ਨੇ ਕਿਹਾ ਕਿ ਇਹ ਤੋਪ ਤਾਂ ਚੱਲ ਸਕਦੀ ਹੈ ਜੇ ਕੋਈ ਸਿਪਾਹੀ ਇਸ ਦੇ ਟੁੱਟੇ ਹੋਏ ਪਹੀਏ ਨੂੰ ਮੋਢੇ ਉਪਰ ਚੁੱਕ ਕੇ ਸਹਾਰਾ ਦੇ ਸਕੇ ਤਾਂ ਇਸ ਤੋਪ ਦਾ ਤਵਾਜਨ (ਬੈਲੰਸ) ਬਰਾਬਰ ਹੋ ਜਾਵੇਗਾ। ਇਸ ਸਹਾਰੇ ਨਾਲ ਤੋਪ ਚੱਲਣ ਦੇ ਪੂਰੀ ਕਾਬੁਲ ਹੋ ਜਾਵੇਗੀ, ਪਰ ਮੋਢਾ ਦੇਣ ਵਾਲੇ ਸਿਪਾਹੀ ਦੇ ਸਰੀਰ ਦੀਆਂ ਬੋਟੀਆਂ ਉਡ ਜਾਣਗੀਆਂ।

ਗੁਲਾਮ ਜਿਲਾਨੀ ਲਿਖਦਾ ਹੈ ਕਿ "ਮੈ ਹੈਰਾਨ ਪ੍ਰੇਸ਼ਾਨ ਸੀ ਕਿ ਸਿੱਖ ਸਿਪਾਹੀਆਂ ਦਾ ਜਜਬਾ ਤੇ ਹੌਸਲਾ ਇਸ ਤਰ੍ਹਾਂ ਜਾਗਿਆ ਕਿ ਉਹ ਕੌਮ ਵਾਸਤੇ ਸ਼ਹੀਦ ਹੋਣ ਲਈ ਸਭ ਤੋਂ ਅੱਗੇ ਸਨ।" ਸਿੱਖ ਸਿਪਾਹੀ ਆਪਸ ਵਿੱਚ ਬਹਿਸ ਕਰ ਰਹੇ ਸਨ ਕਿ ਸਭ ਤੋਂ ਪਹਿਲਾਂ ਮੋਢਾ ਮੈਂ ਦੇਣਾ ਹੈ। ਕੌਮ ਤੇ ਧਰਮ ਲਈ ਸ਼ਹਾਦਤ ਦਾ ਜਾਮ ਮੈਂ ਪੀਣਾ ਹੈ। ਗੁਲਾਮ ਜਿਲਾਨੀ ਅੱਗੇ ਵਰਨਣ ਕਰਦਾ ਹੈ ਕਿ ਆਖਿਰ ਉਨ੍ਹਾਂ ਦੀ ਟੁਕੜੀ ਦੇ ਕਮਾਂਡਰ ਨੇ ਫੈਸਲਾ ਕੀਤਾ ਕਿ ਮੈਂ ਤੁਹਾਡਾ ਕਮਾਂਡਰ ਹਾਂ, ਇਸ ਲਈ ਸਭ ਤੋਂ ਪਹਿਲਾਂ ਹੱਕ ਮੇਰਾ ਹੈ। ਉਸ ਕਮਾਂਡਰ ਨੇ ਸਾਰੇ 17 ਸਿਪਾਹੀਆਂ ਦੀ ਭਰਤੀ ਮੁਤਾਬਕ ਵਾਰੀ ਮਿੱਥ ਕੇ ਸੂਚੀ ਬਣਾਈ, ਜਿਸ ਅਨੁਸਾਰ ਉਹ 17 ਸਿੱਖ ਸਿਪਾਹੀ ਉਸ ਭੰਗੀਆਂ ਦੀ ਨਕਾਰਾ ਹੋਈ ਤੋਪ ਨੂੰ ਮੋਢੇ ਦਾ ਸਹਾਰਾ ਦੇ ਕੇ ਕੌਮ ਲਈ ਸ਼ਹੀਦੀਆਂ ਪ੍ਰਾਪਤ ਕਰ ਗਏ। ਇਸ ਭੰਗੀਆਂ ਦੀ ਤੋਪ ਨਾਲ ਦਾਗੇ ਗੋਲਿਆਂ ਨਾਲ ਮੁਲਤਾਨ ਦੇ ਮਜਬੂਤ ਸ਼ਾਹੀ ਕਿਲੇ ਦੇ ਖਿਜਰੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਪਿਲਾਕ ਵਿੱਚ ਸੰਗਤ ਅਤੇ ਬਾਬੇ ਨਾਨਕ ਦੀ ਕਿਰਤਗਾਹ

***ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾਲ਼ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾਲ਼ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਤੇਰ੍ਹਵੀਂ ਕਿਸ਼ਤ, ਜਿਸ ਵਿੱਚ 'ਪਾਕਿਸਤਾਨੀ ਪੰਜਾਬੀ ਸੰਗਤ' ਦੀ ਹਫ਼ਤਾਵਾਰ ਮਿਲਣੀ ਅਤੇ ਮਾਸਟਰ ਧਰਮਪਾਲ ਹੋਰਾਂ ਨਾਲ ਕਰਤਾਰਪੁਰ ਜਾਣ ਦਾ ਸੰਖੇਪ ਵੇਰਵਾ ਦਰਜ ਹੈ...***



**ਰਵਿੰਦਰ ਸਹਿਰਾਅ**
**ਫੋਨ: 219-900-1115**

### ਮਾਸਟਰ ਧਰਮਪਾਲ ਉੱਗੀ ਦੀ ਆਮਦ 'ਤੇ

ਬਾਲਟੀਮੋਰ, ਅਮੈਰਿਕਾ ਤੋਂ ਸਾਡੇ ਪੁਰਾਣੇ ਸਾਥੀ ਮਾਸਟਰ ਧਰਮਪਾਲ ਤੇ ਉਨ੍ਹਾਂ ਦੀ ਸਾਥਣ ਮਨਜੀਤ ਕੌਰ ਵੀ ਲਾਹੌਰ ਦੀਆਂ ਰੌਣਕਾਂ ਵਿੱਚ ਸ਼ਾਮਲ ਹੋ ਰਹੇ ਸਨ। ਅਸੀਂ ਮਿੱਥੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਨੂੰ ਵਾਹਗਾ ਬਾਰਡਰ 'ਤੇ ਮਿਲਣਾ ਤੇ ਲੈ ਕੇ ਆਉਣਾ ਸੀ, ਪਰ ਤਬੀਅਤ ਖ਼ਰਾਬ ਹੋਣ ਕਾਰਨ ਮੈਂ ਆਰਾਮ ਕਰਨਾ ਹੀ ਮੁਨਾਸਿਬ ਸਮਝਿਆ ਤੇ ਤਾਹਿਰ ਸੰਧੂ ਡਰਾਈਵਰ ਨਾਲ਼ ਉਨ੍ਹਾਂ ਨੂੰ ਲੈਣ ਪਹੁੰਚ ਗਿਆ। ਸਬੱਬ ਦੀ ਗੱਲ ਦੇਖੋ ਕਿ ਪਾਸ਼ ਦੇ ਇੱਕ ਹੋਰ ਸਾਥੀ ਮਰਹੂਮ ਲਖਵਿੰਦਰ ਉੱਗੀ ਦੇ ਭੈਣ-ਭਣੋਈਆ ਵੀ ਉਸੇ ਵਕਤ ਕੈਨੇਡਾ ਤੋਂ ਵਾਹਗੇ ਪੁੱਜੇ ਸਨ। ਲਖਵਿੰਦਰ ਉੱਗੀ ਤੇ ਮਾਸਟਰ ਧਰਮਪਾਲ ਉੱਗੀ ਪਾਸ਼ ਦੀ ਸੱਜੀ-ਖੱਬੀ ਬਾਂਹ ਵਜੋਂ ਜਾਣੇ ਜਾਂਦੇ ਸਨ। ਪਾਸ਼ ਦਾ ਪਿੰਡ ਤਲਵੰਡੀ ਸਲੇਮ ਉੱਗੀ ਦੇ ਬੱਸ ਅੱਡੇ ਤੋਂ ਬਹੁਤ ਹੀ ਨੇੜੇ ਹੈ, ਜਿੱਥੇ ਉਸਨੇ ਸਕੂਲ ਵੀ ਖੋਲ੍ਹ ਰੱਖਿਆ ਸੀ। ਬਾਹਰੋਂ ਮਿਲਣ ਆਇਆਂ ਨੂੰ ਪਾਸ਼ ਇਸੇ ਬੱਸ ਅੱਡੇ 'ਤੇ ਬਣੀ ਚਾਹ ਦੀ ਦੁਕਾਨ 'ਤੇ ਹੀ ਮਿਲਿਆ ਕਰਦਾ ਸੀ। ਕਿੰਨੀ ਹੀ ਵੇਰ ਮੈਂ ਵੀ ਪਾਸ਼ ਨਾਲ਼ ਉੱਥੇ ਮਿਲਦਾ ਰਿਹਾ।

ਖ਼ੈਰ! ਸ਼ਾਮ ਨੂੰ ਪਿਲਾਕ (ਪੰਜਾਬ ਇੰਸਟੀਚੂਟ ਆਫ਼ ਲੈਂਗੂਏਜ, ਆਰਟ ਐਂਡ ਕਲਚਰ) ਵਿੱਚ 'ਸੰਗਤ' ਦੀ ਮਿਲਣੀ ਲਈ ਤਿਆਰ ਹੋ ਰਹੇ ਸੀ ਤਾਂ ਤਾਹਿਰ ਦਾ ਫ਼ੋਨ ਆਇਆ ਕਿ ਜਲਦੀ ਤਿਆਰ ਹੋ ਜਾਓ, ਕਿਉਂਕਿ ਆਪਾਂ ਰਸਤੇ ਵਿੱਚ ਅਹਿਮਦ ਰਜ਼ਾ ਪੰਜਾਬੀ ਤੇ ਅੰਜੁਮ ਗਿੱਲ ਨੂੰ ਵੀ ਉਨ੍ਹਾਂ ਦੇ ਦਫ਼ਤਰ ਵਿੱਚ ਮਿਲਣਾ ਹੈ। ਅਸੀਂ ਉਂਜ ਵੀ ਉਨ੍ਹਾਂ ਨੂੰ ਮਿਲਣਾ ਹੀ ਸੀ, ਕਿਉਂਕਿ ਕੈਨੇਡਾ ਤੋਂ ਸੁੱਖੀ ਬਾਠ ਜੋ ਕਿ ਉਨ੍ਹੀਂ ਦਿਨੀਂ ਪੰਜਾਬ ਆਇਆ ਹੋਇਆ ਸੀ, ਨੇ ਸਾਡੇ ਹੱਥ ਇੱਕ ਸੁਨੇਹਾ ਅਹਿਮਦ ਰਜ਼ਾ ਲਈ ਭੇਜਿਆ ਸੀ। ਥੋੜ੍ਹੇ ਜਿਹੇ ਵਕਤ ਵਿੱਚ ਵੀ ਅਸੀਂ ਢੇਰ ਸਾਰੀਆਂ ਗੱਲਾਂ ਕੀਤੀਆਂ। ਅੰਜੁਮ ਗਿੱਲ ਅਤੇ ਨੀਰੂ ਨੇ ਤਸਵੀਰਾਂ ਖਿੱਚੀਆਂ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਸ਼ਾਹਮੁਖੀ ਵਾਲੀ ਚੋਣਵੀਆਂ ਕਵਿਤਾਵਾਂ ਦੀ ਕਿਤਾਬ ਭੇਟ ਕੀਤੀ। ਆਉਣ ਲੱਗਿਆਂ ਮੈਂ ਸੁੱਖੀ ਬਾਠ ਵਾਲਾ ਸੁਨੇਹਾ ਦੇਣਾ ਚਾਹਿਆ ਤਾਂ ਉਨ੍ਹਾਂ ਲੈਣ ਤੋਂ ਨਾਂਹ ਕਰ ਦਿੱਤੀ। ਕਾਰਨ ਕੀ ਸੀ ਉਹ ਦੋਵੇਂ ਹੀ ਜਾਣਦੇ ਹੋਣਗੇ।

### ਸੰਗਤ ਦੀ ਸੰਗਤ

'ਪਾਕਿਸਤਾਨੀ ਪੰਜਾਬੀ ਸੰਗਤ' ਦੀ ਹਫ਼ਤਾਵਾਰ ਮਿਲਣੀ ਵਿੱਚ ਮੇਰੀਆਂ ਚੋਣਵੀਆਂ ਕਵਿਤਾਵਾਂ (ਜਿਸ ਨੂੰ ਤਾਹਿਰ ਸੰਧੂ ਤੇ ਸਾਇਮਾ ਸੰਧੂ ਨੇ ਸ਼ਾਹਮੁਖੀ ਵਿੱਚ ਉਲਥਾਇਆ) ਦਾ ਮੂੰਹ ਵਿਖਾਲਾ ਵੀ ਸੀ। ਨਾਲ਼ ਹੀ ਸ਼ਾਹ ਹੁਸੈਨ (ਮਾਧੋ ਲਾਲ ਹੁਸੈਨ) ਦੀ ਯਾਦ ਵਿੱਚ 'ਮੇਲਾ ਚਿਰਾਗ਼ਾਂ ਦਾ' ਬਾਰੇ ਵੀ ਵਿਚਾਰ-ਚਰਚਾ ਕੀਤੀ ਗਈ। ਤਕਰੀਬਨ ਤਿੰਨ ਘੰਟੇ ਚੱਲੀ ਇਸ ਮਿਲਣੀ ਵਿੱਚ ਲਹਿੰਦੇ ਪੰਜਾਬ ਦੇ ਚਾਲੀ ਦੇ ਕਰੀਬ ਅਦੀਬਾਂ ਨੇ ਸ਼ਿਰਕਤ ਕੀਤੀ। ਅੱਜ ਮੌਸਮ ਪਲ-ਪਲ ਬਦਲਦਾ ਰਿਹਾ ਸੀ। ਕਦੀ ਧੁੱਪ, ਕਦੀ ਬੱਦਲਵਾਈ, ਕਦੇ ਮੀਂਹ ਤੇ ਇੱਕ ਵੇਰ ਤਾਂ ਅਹਿਣ (ਗੜ੍ਹੇ) ਵੀ ਅਚਾਨਕ ਪੈ ਗਏ। ਫੇਰ ਵੀ ਇਹ ਭਰਵੀਂ ਮੀਟਿੰਗ ਰਹੀ।

ਪਹਿਲੇ ਅੱਧ ਵਿੱਚ ਮੇਰੀਆਂ ਨਜ਼ਮਾਂ ਬਾਰੇ ਚਰਚਾ ਹੋਈ। ਅਫ਼ਜ਼ਲ ਸਾਹਿਬ ਨੇ ਮੇਰੀਆਂ ਦੋ-ਤਿੰਨ ਨਜ਼ਮਾਂ ਆਪਣੇ ਖ਼ੁਸੂਸੀ ਅੰਦਾਜ਼ ਵਿੱਚ ਪੜ੍ਹੀਆਂ। ਆਇਸ਼ਾ ਅਸਲਮ ਨੇ ਲਿਖ ਕੇ ਲਿਆਂਦੇ ਆਪਣੇ ਖ਼ਿਆਲਾਤ ਪੇਸ਼ ਕੀਤੇ। ਹੋਰ ਕੁਝ ਅਦੀਬਾਂ ਨੇ ਵੀ ਵਿਚਾਰ ਰੱਖੇ ਤੇ ਮੈਨੂੰ ਕੁਝ ਬੋਲਣ ਲਈ ਕਿਹਾ ਗਿਆ। ਪੰਦਰਾਂ ਕੁ ਮਿੰਟ ਮੈਂ ਕਵਿਤਾ ਬਾਰੇ ਆਪਣੀ ਸਮਝ ਮੁਤਾਬਕ ਬੋਲਦਿਆਂ ਚੜ੍ਹਦੇ ਪੰਜਾਬ 'ਚ ਲਿਖੀ ਜਾ ਰਹੀ ਕਵਿਤਾ ਦਾ ਜ਼ਿਕਰ ਕੀਤਾ। ਪਾਸ਼, ਅਮਰਜੀਤ ਚੰਦਨ, ਵਰਿਆਮ ਸੰਧੂ, ਦਰਸ਼ਨ ਖਟਕੜ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ ਤੇ ਗੁਰਦਾਸ ਰਾਮ ਆਲਮ ਦੇ ਹਵਾਲੇ ਨਾਲ਼ ਮੈਂ ਕਿਹਾ ਕਿ ਹਮੇਸ਼ਾ ਲੋਕ-ਪੱਖੀ ਰਚਨਾ ਹੀ ਚਿਰਜੀਵ ਰਹਿੰਦੀ ਹੈ। ਮੈਨੂੰ ਫ਼ਲਿਸਤੀਨੀ ਕੁੜੀ ਵਾਲੀ ਨਜ਼ਮ ਸੁਣਾਉਣ ਲਈ ਕਿਹਾ ਗਿਆ। ਜਦੋਂ ਪੜ੍ਹਦਿਆਂ/ਸੁਣਾਉਂਦਿਆਂ ਮੇਰਾ ਗੱਚ ਭਰ ਆਇਆ ਤਾਂ ਸਾਰੇ ਹਾਜ਼ਰ ਅਦੀਬ ਵੀ ਗੰਭੀਰ ਹੋ ਗਏ ਤੇ ਉਨ੍ਹਾਂ ਦੀਆਂ ਅੱਖਾਂ ਵੀ ਨਮ ਹੋ ਗਈਆਂ। ਮੈਂ ਦੱਸਿਆ ਕਿ ਅਜੇ ਪਿਛਲੇ ਹਫ਼ਤੇ ਹੀ ਲਾਹੌਰ ਗੇੜਾ ਮਾਰ ਕੇ ਗਏ ਸਾਡੇ ਵੱਡੇ ਸਾਹਿਤਕਾਰ ਵਰਿਆਮ ਸੰਧੂ ਹੋਰਾਂ ਦੀ ਇਹ ਮਨਪਸੰਦ ਨਜ਼ਮ ਹੈ ਤੇ ਉਨ੍ਹਾਂ ਤਾਗੀਦ ਕੀਤੀ ਕਿ ਇਹ ਨਜ਼ਮ ਜ਼ਰੂਰ ਸੁਣਾਵਾਂ।

ਪਾਸ਼ ਦੀ ਗੱਲ ਚੱਲੀ ਤਾਂ ਕਈਆਂ ਨੇ ਸਵਾਲ ਵੀ ਕੀਤੇ। ਜਿਨ੍ਹਾਂ ਦੇ ਜਵਾਬ ਦਿੰਦਿਆਂ ਮੈਂ ਕਿਹਾ ਕਿ ਅੱਜ ਸਾਡੇ ਵਿਚਕਾਰ ਪਾਸ਼ ਦੇ ਨੇੜਲੇ ਸਾਥੀ ਰਹੇ, ਮਾਸਟਰ ਧਰਮਪਾਲ ਸਿੰਘ ਉੱਗੀ ਵੀ ਆਏ ਹੋਏ ਹਨ। ਮਾਸਟਰ ਹੋਰਾਂ ਥੋੜ੍ਹੇ ਜਿਹੇ ਸਮੇਂ ਵਿੱਚ ਪਾਸ਼ ਨਾਲ਼ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਹਾਜ਼ਰ ਅਦੀਬਾਂ ਲਈ ਇਹ ਬਿਲਕੁਲ ਹੀ ਨਵੀਆਂ ਸਨ ਤੇ ਉਨ੍ਹਾਂ ਬੜੇ ਗਹੁ ਨਾਲ਼ ਸੁਣੀਆਂ।

ਅਗਲੇ ਅੱਧ ਵਿੱਚ ਮਾਧੋ ਲਾਲ ਹੁਸੈਨ ਨੂੰ ਯਾਦ ਕੀਤਾ ਗਿਆ। ਸਥਾਨਕ ਕਲਾਕਾਰਾਂ ਨੇ ਖ਼ੂਬਸੂਰਤ ਆਵਾਜ਼ ਵਿੱਚ ਉਨ੍ਹਾਂ ਦੀਆਂ ਕਾਫ਼ੀਆਂ ਗਾ ਕੇ ਸੁਣਾਈਆਂ ਤਾਂ ਸਾਰਾ ਹਾਲ ਅਸ਼-ਅਸ਼ ਕਰ ਉੱਠਿਆ। ਕਲਾਕਾਰਾਂ ਨੇ ਅਫ਼ਜ਼ਲ ਸਾਹਿਰ ਦਾ ਇੱਕ ਨਗ਼ਮਾ ਵੀ ਗਾ ਕੇ ਸੁਣਾਇਆ। ਉਕਾਫ਼ ਦੇ ਸਾਬਕਾ ਡਾਇਰੈਕਟਰ ਜਨਾਬ ਗਾਫ਼ਰ ਸ਼ਹਿਯਾਦ ਨੇ ਮਾਧੋ ਲਾਲ ਹੁਸੈਨ ਬਾਰੇ ਬਹੁਤ ਜਾਣਕਾਰੀ ਵਾਲੀਆਂ ਗੱਲਾਂ ਕੀਤੀਆਂ। ਨੌਜਵਾਨ ਖੋਜਕਾਰ ਅਲੀ ਉਸਮਾਨ ਬਾਜਵਾ ਨੇ ਵੀ ਸ਼ਾਹ ਹੁਸੈਨ ਬਾਰੇ ਭਰਪੂਰ ਗੱਲਾਂ ਕੀਤੀਆਂ। ਦੱਸਿਆ ਗਿਆ ਕਿ 1960 ਤੱਕ ਮੇਲਾ ਚਿਰਾਗ਼ਾਂ ਦਾ ਅੰਬਰਸਰ ਤੋਂ ਲਾਹੌਰ ਤੱਕ ਮਨਾਇਆ ਜਾਂਦਾ ਸੀ। ਤਿੰਨ ਦਿਨ ਅੰਬਰਸਰ ਤੋਂ ਲਾਹੌਰ ਤੱਕ ਰੇਲ ਗੱਡੀ ਚਲਦੀ ਸੀ ਤੇ ਲੋਕ ਸ਼ਾਲਾਮਾਰ ਬਾਗ਼ ਵਿੱਚ ਤੰਬੂ ਲਗਾ ਕੇ ਰਹਿੰਦੇ ਸਨ, ਪਰ ਅਯੂਬ ਖ਼ਾਂ ਦੇ ਫ਼ੌਜੀ ਰਾਜ ਵੇਲੇ ਇਸ ਮੇਲੇ ਦਾ ਭੋਗ ਪਾ ਦਿੱਤਾ ਗਿਆ।

ਅੱਜ ਇੱਕ ਸਾਹਿਤ ਰਸੀਏ ਪੁਲੀਸ ਮੁਲਾਜ਼ਮ ਨੇ ਆਪਣੀਆਂ ਬੋਲੀਆਂ ਤੇ ਟੱਪਿਆਂ ਨਾਲ਼ ਵਾਹਵਾ ਰੰਗ ਬੰਨ੍ਹਿਆ। ਉਸ ਦੀਆਂ ਇਹ ਸਤਰਾਂ ਤਾਂ ਹੁਣ ਤੱਕ ਮੇਰੇ ਕੰਨਾਂ ਵਿੱਚ ਗੂੰਜ ਰਹੀਆਂ ਹਨ:

"ਉਨ੍ਹਾਂ ਕਲਮਾਂ ਨੂੰ ਸੱਚ ਕੀ ਫ਼ੁਰਨਾ
ਜਿਹੜੀਆਂ ਨੇ ਹੱਡੀ ਚੱਖ ਲਈ।"

ਅੱਜ ਦੀ ਇਸ ਮਿਲਣੀ ਵਿੱਚ ਹੋਰਨਾਂ ਤੋਂ ਇਲਾਵਾ ਜਨਾਬ ਇਕਬਾਲ ਕੈਸਰ, ਬਾਬਾ ਨਜ਼ਮੀ, ਅਲੀ ਉਸਮਾਨ ਬਾਜਵਾ, ਤਾਹਿਰ ਸੰਧੂ, ਰੁਬੀਨਾ ਗੋਗੀ, ਮਿਰਜ਼ਾ ਸੁਬੀਰ ਬੇਗ, ਡਾ. ਸ਼ਹਿਯਾਦ ਆਦਿ ਨੇ ਹਿੱਸਾ ਲਿਆ। ਤਾਹਿਰ ਤਾਂ ਵਿਆਹ ਵਿੱਚ ਨੈਣ ਵਾਂਗ ਭੱਜਾ ਫਿਰਦਾ ਸੀ। ਇਹ ਇਕੱਠ ਚਿਰਾਂ ਤੱਕ ਚੇਤਿਆਂ ਵਿੱਚ ਵਸਿਆ ਰਹੇਗਾ।

### ਬਾਬੇ ਨਾਨਕ ਦੀ ਕਿਰਤਗਾਹ ਕਰਤਾਰਪੁਰ ਸਾਹਿਬ

3 ਮਾਰਚ 2024 ਦਾ ਐਤਵਾਰ ਸੀ। ਅਸੀਂ ਤਾਂ ਭਾਵੇਂ ਪਿਛਲੀ ਫੇਰੀ ਸਮੇਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਚੁੱਕੇ ਸੀ, ਪਰ ਧਰਮਪਾਲ ਅਤੇ ਉਸਦੀ ਸਾਥਣ ਮਨਜੀਤ ਕੌਰ ਨੂੰ ਨਾਲ ਲੈ ਕੇ ਜਾਣਾ ਸੀ। ਇਸ ਤੋਂ ਇਲਾਵਾ ਪਿਛਲੀ ਫੇਰੀ ਦੌਰਾਨ ਸਾਡੇ ਨਾਲ਼ ਮੁਸ਼ਤਾਕ ਸੂਫ਼ੀ ਜੀ ਗਏ ਸਨ ਤੇ ਇਸ ਵਾਰੀ ਤਾਹਿਰ ਸੰਧੂ ਦਾ ਸਾਰਾ ਪਰਿਵਾਰ ਇਸ ਇਤਿਹਾਸਕ ਜਗ੍ਹਾ ਨੂੰ ਦੇਖਣ ਦਾ ਚਾਹਵਾਨ ਸੀ। ਤਾਹਿਰ ਨੇ ਉਸਦੇ ਦੋਸਤ ਅਤੇ ਕਾਲਜ ਦੇ ਸਾਥੀ ਪ੍ਰੋ. (ਡਾ.) ਕਲਿਆਣ ਸਿੰਘ ਕਲਿਆਣ ਨੂੰ ਇੱਕ ਦਿਨ ਪਹਿਲਾਂ ਹੀ ਇਸ ਬਾਰੇ ਇਤਲਾਹ ਕਰ ਦਿੱਤੀ ਸੀ। ਪ੍ਰੋ. ਕਲਿਆਣ ਸਿੰਘ ਦੀ ਸਾਰੇ ਧਾਰਮਿਕ ਅਸਥਾਨਾਂ 'ਤੇ ਕਾਫ਼ੀ ਜਾਣ-ਪਛਾਣ ਹੈ। ਉਸਨੇ ਸਾਡੇ ਲਈ ਇੱਕ ਵੇਰ ਫਿਰ ਖ਼ਾਸ ਪ੍ਰੋਟੋਕੋਲ ਦਾ ਬੰਦੋਬਸਤ ਤਾਂ ਕੀਤਾ ਹੀ, ਨਾਲ਼ ਹੀ ਇੱਕ ਪੰਦਰਾਂ ਸੀਟਾਂ ਵਾਲੀ ਵੈਨ ਦਾ ਵੀ ਪ੍ਰਬੰਧ ਕਰ ਦਿੱਤਾ।

ਸ਼ਹਿਜ਼ੇਬ ਨੇ ਰਸਤੇ ਵਿੱਚ ਗੀਤ-ਸੰਗੀਤ ਨਾਲ਼ ਸਭ ਦਾ ਦਿਲ ਪਰਚਾਈ ਰੱਖਿਆ। ਅਸੀਂ ਦਰਿਆ ਰਾਵੀ ਦੇ ਪੁਲ ਉੱਪਰ ਵੀ ਰੁਕੇ ਅਤੇ ਤਸਵੀਰਾਂ ਖਿਚਵਾਈਆਂ। ਤਾਹਿਰ ਦੀਆਂ ਬੇਟੀਆਂ ਨਵਾਲ, ਇਸ਼ਾਲ ਅਤੇ ਬੇਟਾ ਹਿਸ਼ਾਮ ਬਹੁਤ ਖ਼ੁਸ਼ ਸਨ।

ਸਾਨੂੰ ਉਕਾਫ਼ ਦੇ ਮੁਲਾਜ਼ਮ ਨੇ ਬੜੇ ਆਦਰ ਨਾਲ਼ ਜੀ ਆਇਆਂ ਆਖਿਆ। ਲੋੜੀਂਦੀ ਫ਼ੀਸ ਜਮ੍ਹਾ ਕਰਵਾ ਕੇ ਉਹ ਸਾਨੂੰ ਡਿਉਢੀ ਤੱਕ ਲੈ ਆਇਆ ਤੇ ਕਿਸੇ ਵੀ ਕਿਸਮ ਦੀ ਲੋੜ ਪੈਣ 'ਤੇ ਫ਼ੋਨ ਕਰਨ ਨੂੰ ਕਿਹਾ। ਅੱਜ ਦਿਨ ਬੜਾ ਪੱਧਰਾ ਤੇ ਪੂਰਾ ਨਿੱਖਰਿਆ ਹੋਇਆ ਸੀ। ਘੁੰਮਦੇ-ਘੁਮਾਂਦੇ ਅਸੀਂ ਦਰਬਾਰ ਸਾਹਿਬ ਮੱਥਾ ਟੇਕਣ ਪਹੁੰਚੇ ਤਾਂ ਗਿਆਨੀ ਗੋਬਿੰਦ ਸਿੰਘ ਨੇ ਸਾਡਾ ਸਿਰੋਪਾਉ ਨਾਲ਼ ਸਵਾਗਤ ਕੀਤਾ। ਉਸਨੇ ਦੱਸਿਆ ਕਿ ਪ੍ਰੋ. ਕਲਿਆਣ ਸਿੰਘ ਦਾ ਉਸਨੂੰ ਫ਼ੋਨ ਆ ਗਿਆ ਸੀ। ਗਿਆਨੀ ਗੋਬਿੰਦ ਸਿੰਘ ਪੰਜਾਬ ਅਸੈਂਬਲੀ ਵਿੱਚ ਤੀਜੀ ਵਾਰ ਚੁਣੇ ਗਏ ਅਤੇ ਪਾਕਿਸਤਾਨ ਦੇ ਇਤਿਹਾਸ ਵਿੱਚ ਪਹਿਲੇ ਸਿੱਖ ਮਨਿਸਟਰ ਬਣੇ ਸ. ਰਮੇਸ਼ ਸਿੰਘ ਅਰੋੜਾ ਦੇ ਭਰਾ ਹਨ। ਅਸੀਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ। ਸਾਇਮਾ ਅਤੇ ਸ਼ਹਿਜ਼ੇਬ ਬੱਚਿਆਂ ਨੂੰ ਵਾਰ-ਵਾਰ ਕੋਲ ਰਹਿਣ ਲਈ ਤਾਕੀਦ ਕਰ ਰਹੇ ਸਨ, ਪਰ ਉਹ ਇਸ ਪਾਕਿ ਥਾਂ ਨੂੰ ਘੁੰਮ ਕੇ ਦੇਖਣਾ ਚਾਹੁੰਦੇ ਸਨ। ਵੱਡੀ ਬੇਟੀ ਨਵਾਲ ਨੀਰੂ ਤੋਂ ਇਸ ਥਾਂ ਬਾਰੇ ਅਤੇ ਹੋਰ ਚੀਜ਼ਾਂ ਬਾਰੇ ਸਵਾਲ ਕਰ ਰਹੀ ਸੀ। ਉਹ ਬਹੁਤ ਸੰਜੀਦਾ ਹੋ ਕੇ ਹਰ ਚੀਜ਼ ਨੂੰ ਨਿਹਾਰ ਰਹੀ ਸੀ। ਉਸ ਦੀ ਚਚੇਰੀ ਭੈਣ ਵੀ ਸਾਡੇ ਨਾਲ਼ ਹੀ ਆਈ ਸੀ। ਉਸ ਲਈ ਵੀ ਕਰਤਾਰਪੁਰ ਸਾਹਿਬ ਨਵੀਂ ਥਾਂ ਸੀ।







*(1) ਮਾਸਟਰ ਧਰਮਪਾਲ ਸਿੰਘ ਉੱਗੀ ਪਾਸ਼ ਬਾਰੇ ਵਿਚਾਰ ਸਾਂਝੇ ਕਰਦਿਆਂ (2) ਕਰਤਾਰਪੁਰ ਸਾਹਿਬ ਜਾਂਦਿਆਂ ਰਾਵੀ ਦੇ ਪੁਲ ਉਪਰ ਅਤੇ (3) ਸਾਇਮਾ ਸੰਧੂ ਤੇ ਨੀਰੂ ਕਰਤਾਰਪੁਰ ਸਾਹਿਬ ਵਿਖੇ*

# ਪੀਕਰੇ ਆਤਸ਼ਾਂ ਤੋਪ ਜਮਜਮਾ

ਦਰਵਾਜ਼ੇ ਤੇ ਦੀਵਾਰ ਦੇ ਪੱਚਰੇ ਉੱਡ ਗਏ ਸੀ।

'ਭੰਗੀਆਂ ਦੀ ਤੋਪ' ਨਾਲ ਪਾਏ ਪਾੜ ਰਸਤੇ ਵਿੱਚੋਂ ਲੰਘ ਕੇ ਖਾਲਸਾ ਫੌਜ ਦਾ ਨਿਹੰਗ ਜਥਾ, ਨੀਲੇ ਬਾਣੇ ਵਿੱਚ ਜੈਕਾਰੇ ਛੱਡਦਾ ਅਕਾਲੀ ਫੂਲਾ ਸਿੰਘ ਤੇ ਸਾਧੂ ਸਿੰਘ ਅਕਾਲੀ ਦੀ ਅਗਵਾਈ ਵਿੱਚ ਕਿਲੇ ਦੇ ਗਾਰਡਾਂ ਨੂੰ ਵੱਢਦਾ ਟੁੱਕਦਾ ਕਿਲੇ ਵਿੱਚ ਘੁਸ ਗਿਆ। ਦੀਵਾਨ ਮੋਹਕਮ ਚੰਦ, ਦੀਵਾਨ ਮੋਤੀਰਾਮ, ਫਤਿਹ ਸਿੰਘ ਆਹਲੂਵਾਲੀਆ, ਹਰੀ ਸਿੰਘ ਨਲਵਾ, ਦਲ ਸਿੰਘ ਨਹੇਰਨਾ, ਧੰਨਾ ਸਿੰਘ ਮਲਵਈ, ਨੌਦ ਸਿੰਘ ਕਲਸੀਆਂ ਤੇ ਜੋਗਾ ਸਿੰਘ ਬਦੇਸ਼ਾ ਨੇ ਮੁਲਤਾਨ ਦੇ ਅਫਗਾਨ ਨਵਾਬ ਮੁਜੱਫਰ ਖਾਨ ਸਦੋਜਾਈ, ਅਫਗਾਨ ਫੌਜ ਅਤੇ ਉਸਦੇ ਪੁੱਤਰਾਂ ਨਾਲ ਕਿਲੇ ਵਿੱਚ ਸਿਧੀ ਜੰਗ ਲੜੀ, ਜਿਸ ਵਿੱਚ ਨਵਾਬ ਅਤੇ ਉਸ ਦੇ ਦੋ ਪੁੱਤਰ- ਸ਼ਹਿਜ਼ਾਦਾ ਸ਼ਾਹ ਨਵਾਜ ਖਾਨ, ਹੱਕ ਨਵਾਜ ਖਾਨ, ਸ਼ਹਿਜ਼ਾਦੀਆਂ, ਪਰਿਵਾਰ ਤੇ ਸਕੇ-ਸਬੰਧੀ ਅਫ਼ਗਾਨ ਸਿਪਾਹੀਆਂ ਸਮੇਤ ਕਿਲੇ ਵਿੱਚ ਹੀ ਖਾਲਸਾ ਫੌਜਾਂ ਨੇ ਹੱਥੋ ਹੱਥੀ ਲੜਾਈ ਵਿੱਚ ਤਲਵਾਰਾਂ ਨਾਲ ਕਤਲ ਕਰ ਦਿੱਤੇ ਸਨ। ਮੁਲਤਾਨ ਦੇ ਕਿਲੇ ਵਿੱਚ 2500 ਅਫਗਾਨ ਸੈਨਿਕਾਂ ਦੀ ਛਾਉਣੀ ਵਿੱਚੋਂ 500 ਦੇ ਕਰੀਬ ਸੈਨਿਕ ਬਚੇ ਸਨ, ਜਿਨ੍ਹਾਂ ਨੇ ਆਤਮ ਸਮਪਰਣ ਕਰ ਦਿੱਤਾ। ਨਵਾਬ ਮੁਜੱਫ਼ਰ ਖਾਨ ਦੇ ਦੋ ਜਵਾਨ ਪੁੱਤਰ-ਸਰਫ਼ਰਾਜ ਖਾਨ ਤੇ ਜੁਲਫੀਕਾਰ ਜਿਊਂਦੇ ਫੜ ਲਏ ਗਏ ਸਨ। ਸਰਫ਼ਰਾਜ ਖਾਨ ਇੱਕ ਡੂੰਘੇ ਤਹਿਖਾਨੇ ਵਿੱਚ ਲੁਕਿਆ ਹੋਇਆ ਸੀ, ਪਰ ਸ਼ਹਿਜ਼ਾਦਾ ਜੁਲਫੀਕਾਰ ਨੇ ਖਾਲਸਾ ਫੌਜਾਂ ਅੱਗੇ ਹੱਥ ਖੜੇ ਕਰਕੇ ਈਨ ਮੰਨ ਲਈ ਸੀ। ਮੁਲਤਾਨ ਦੇ ਦੁਸ਼ਮਣ ਨਵਾਬ ਦੇ ਸ਼ਾਹੀ ਸ਼ਹਿਜ਼ਾਦਿਆਂ ਨੂੰ ਸਜ਼ਾ ਦੇਣ ਦੀ ਥਾਂ ਖਾਲਸਾ ਰਾਜ ਦੇ ਮਹਾਰਾਜੇ ਨੇ ਆਪਣੇ ਇਲਾਕੇ ਵਿੱਚ ਦਰਿਆ ਰਾਵੀ ਦੇ ਕੰਢੇ 'ਸ਼ਕਰਪੁਰ' ਵਿਖੇ 30,000 ਦੀ ਜਾਗੀਰ ਗੁਜਾਰੇ ਲਈ ਦੇ ਦਿੱਤੀ ਸੀ। ਇਹੋ ਜਿਹਾ ਸੀ ਸਿੱਖਾਂ ਦੇ ਮਹਾਰਾਜਾ ਰਣਜੀਤ ਸਿੰਘ-ਸ਼ੇਰੇ ਪੰਜਾਬ ਦਾ 'ਖਾਲਸਾ ਰਾਜ।'

ਮੁਲਤਾਨ ਦਾ ਕਿਲਾ ਫਤਿਹ ਹੋਇਆ ਅਤੇ ਪੰਜਾਬ ਦਾ ਮਸ਼ਹੂਰ ਸ਼ਹਿਰ ਮੁਲਤਾਨ ਤੇ ਉਸ ਦਾ ਜ਼ਰਖ਼ੇਜ ਇਲਾਕਾ ਖਾਲਸਾ ਰਾਜ ਵਿੱਚ ਸ਼ਾਮਿਲ ਕਰ ਲਿਆ ਗਿਆ। ਗੁਲਾਮ ਜਿਲਾਨੀ ਆਪਣੀ ਕਿਤਾਬ 'ਜੰਗਨਾਮਾ-ਏ-ਮੁਲਤਾਨ' ਵਿੱਚ ਲਿਖਦਾ ਹੈ ਕਿ "ਜਦੋਂ 10 ਸਿੱਖ ਸਿਪਾਹੀ ਤੋਪ ਨੂੰ ਮੋਢਾ ਦੇ ਕੇ ਸ਼ਹੀਦ ਹੋ ਚੁੱਕੇ ਸਨ ਤਾਂ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਦੇਖ ਕੇ ਉਸ ਦਾ ਦਿਲ ਵੀ ਕੀਤਾ ਕਿ ਉਹ ਵੀ ਮੋਢਾ ਦੇ ਕੇ ਸ਼ਹਾਦਤ ਪ੍ਰਾਪਤ ਕਰੇ, ਪਰ ਫਿਰ ਉਸ ਨੇ ਆਪਣੇ ਦਿਲ ਨਾਲ ਫੈਸਲਾ ਕੀਤਾ ਕਿ ਜਿਹੜੀ ਘਟਨਾ ਮੇਰੇ ਸਾਹਮਣੇ ਵਾਪਰੀ ਹੈ, ਇਸ ਨੂੰ ਮੇਰੇ ਬਿਨਾ ਹੋਰ ਕੋਈ ਨਹੀਂ ਜਾਣਦਾ, ਇਸ ਲਈ ਮੈਂ ਇਨ੍ਹਾਂ ਸਿੱਖ ਸਿਪਾਹੀਆਂ ਦੀ ਸ਼ਹਾਦਤ ਦਾ ਇਤਿਹਾਸ ਲਿਖ ਕੇ ਇਨ੍ਹਾਂ ਨੂੰ ਅਮਰ ਕਰਨ ਦੀ ਜ਼ਿੰਮੇਵਾਰੀ ਨਿਭਾਵਾਂਗਾ। ਮੁਲਤਾਨ ਦੀ ਜਿੱਤ ਤੋਂ ਬਾਅਦ ਗੁਲਾਮ ਜਿਲਾਨੀ ਨੇ ਲਾਹੌਰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਪੇਸ਼ ਹੋ ਕੇ 'ਜੰਗਨਾਮਾ-ਏ-ਮੁਲਤਾਨ' ਦੀ ਲਿਖਤ ਮਹਾਰਾਜੇ ਨੂੰ ਪੇਸ਼ ਕੀਤੀ ਅਤੇ ਖਿਲਤਾਂ-ਤੋਹਫ਼ੇ ਲਾਹੌਰ ਸਿੱਖ ਦਰਬਾਰ ਵਿੱਚ ਲਏ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਇਸ 'ਭੰਗੀਆਂ ਦੀ ਤੋਪ' ਨੂੰ ਆਖਰੀ ਵਾਰ ਮੁਲਤਾਨ ਦੀ ਜੰਗ ਵਿੱਚ ਹੀ ਵਰਤਿਆ ਗਿਆ ਸੀ। ਮੁਲਤਾਨ ਦੀ ਜੰਗ ਵਿੱਚ ਖਰਾਬ ਹੋਣ ਕਰਕੇ 'ਭੰਗੀਆਂ ਦੀ ਤੋਪ' ਨੂੰ ਨਕਾਰਾ ਐਲਾਨ ਕੇ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਇੱਕ ਪਾਸੇ ਖੜੀ ਕਰ ਦਿੱਤਾ ਗਿਆ ਸੀ। ਮੁਲਤਾਨ ਦੀ ਜੰਗ ਵਿੱਚ ਜਿੱਥੇ ਇਹ 'ਭੰਗੀਆਂ ਦੀ ਤੋਪ' ਚੱਲੀ ਸੀ, ਉਸ ਜਗ੍ਹਾ 'ਤੇ ਇਨ੍ਹਾਂ 17 ਸਿੱਖ ਫੌਜੀਆਂ ਦੀ ਯਾਦਗਾਰ ਬਣਾਈ ਗਈ ਹੈ।

ਸੰਨ 1849 ਵਿੱਚ ਅੰਗਰੇਜਾਂ ਵੱਲੋਂ 'ਲਾਹੌਰ ਸਿੱਖ ਰਾਜ' ਦੇ ਖਾਤਮੇ ਵੇਲੇ ਇਹ 'ਭੰਗੀਆਂ ਦੀ ਤੋਪ' ਹੋਰ 'ਸ਼ਾਹੀ ਖਜ਼ਾਨਿਆਂ' ਸਮੇਤ ਲਾਹੌਰ ਵਿੱਚ ਹੀ ਅੰਗਰੇਜ਼ ਹੁਕਮਰਾਨਾਂ ਦੇ ਹੱਥ ਆਈ ਸੀ। ਸੰਨ 1870 ਵਿੱਚ ਬ੍ਰਿਟਿਸ਼ ਸਾਮਰਾਜ ਵੇਲੇ ਇੰਗਲੈਂਡ ਤੋਂ ਡੀਊਕ ਆਫ ਇੰਡਨਬਰਗ, ਐਲਫਰੇਡ ਅਰਨੱਸਟ ਐਲਬਰਟ ਦੀ ਸ਼ਾਹੀ ਫੇਰੀ ਵੇਲੇ 'ਭੰਗੀਆਂ ਦੀ ਤੋਪ' ਨੂੰ ਫਿਰ ਸ਼ਿੰਗਾਰਿਆ, ਲਿਸ਼ਕਾਇਆ ਤੇ ਪਾਲਿਸ਼ ਕੀਤਾ ਗਿਆ ਸੀ। ਸੰਨ 1947 ਵਿੱਚ ਅੰਗਰੇਜ਼ਾਂ ਵੱਲੋਂ ਹਿੰਦੋਸਤਾਨ ਦੀ ਵੰਡ ਸਮੇਂ ਇਹ ਤੋਪ ਬਾਕੀ ਸਿੱਖ ਸਰਦਾਰੀਆਂ, ਜਾਗੀਰਦਾਰੀਆਂ ਤੇ ਸ਼ਾਹੂਕਾਰੀਆਂ ਦੇ ਨਾਲੋ ਨਾਲ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਨਵੇਂ ਦੇਸ਼ ਪਾਕਿਸਤਾਨ ਕੋਲ ਰਹਿ ਗਈ ਹੈ। ਇਸ ਵੇਲੇ ਇਹ ਇਤਿਹਾਸਕ ਤੋਪ ਪਾਕਿਸਤਾਨੀ ਪੰਜਾਬ ਦੀ ਰਾਜਧਾਨੀ-ਲਾਹੌਰ ਦੇ ਅਜਾਇਬ ਘਰ ਤੇ ਪੰਜਾਬ ਯੂਨੀਵਰਸਿਟੀ ਹਾਲ ਦੇ ਸਾਹਮਣੇ ਮਾਲ ਰੋਡ ਉਪਰ ਸੜਕ ਦੇ ਵਿਚਕਾਰ ਚਿੱਟੇ ਸੰਗਮਰਮਰ ਦੇ ਸ਼ਾਨਦਾਰ ਪਲੈਟਫਾਰਮ ਉਪਰ ਸਜਾਈ ਹੋਈ ਹੈ। ਇਸ ਤੋਪ ਉਪਰ ਫ਼ਾਰਸੀ ਵਿੱਚ ਇਸ ਦਾ ਨਾਮ ਲਿਖਿਆ ਹੋਇਆ ਹੈ, "ਪੀਕਰੇ ਅਜ਼ਦਹਾਏ ਆਤਸ਼ਬਾਰ।" 'ਭੰਗੀਆਂ ਦੀ ਤੋਪ' ਪੱਛਮੀ ਪੰਜਾਬ ਦੇ ਨਾਮਵਰ ਸ਼ਹਿਰ ਲਾਹੌਰ ਵਿੱਚ ਸਿੱਖ ਦਰਬਾਰ ਦੀ ਸ਼ਕਤੀਸ਼ਾਲੀ ਹੋਂਦ ਦੀ ਨਿਸ਼ਾਨੀ ਤੇ ਯਾਦ-ਪਾਕਿਸਤਾਨ ਵਿੱਚ ਦੁਨੀਆਂ ਭਰ ਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

## ਜ਼ੁਲਮ ਅਤੇ ਬੇਇਨਸਾਫ਼ੀ ਦੇ ਖਿਲਾਫ ਆਵਾਜ਼ ਬੁਲੰਦ ਕਰਕੇ ਤੇ ਜਾਤਾਂ-ਪਾਤਾਂ ਦੀਆਂ ਵਲਗਣਾਂ ਢਾਹ ਕੇ ਖੰਡੇ ਦੀ ਪਹੁਲ 'ਚੋਂ ਜਨਮੇ ਖਾਲਸੇ ਦੇ ਸਿਰਜਣਾ ਦਿਹਾੜੇ ਅਤੇ

## ਸੱਭਿਆਚਾਰਕ ਭਾਵਨਾਵਾਂ ਦੇ ਸੁਮੇਲ ਵਿਸਾਖੀ ਦੀ ਸਮੁੱਚੀ ਸਿੱਖ ਕੌਮ ਨੂੰ

# ਲੱਖ-ਲੱਖ ਵਧਾਈ

## ਵੱਲੋਂ: ਮੈਡੀਸਨ (ਵਿਸਕਾਨਸਿਨ) ਗਰੁੱਪ



ਲਖਬੀਰ ਸਿੰਘ ਢੀਂਡਸਾ



ਦੀਦਾਰ ਸਿੰਘ ਧਨੋਆ



ਗੁਰਿੰਦਰਜੀਤ ਸਿੰਘ ਗਰੇਵਾਲ



ਇੰਦਰਬੰਸ ਬਰਾੜ



ਸੁਰਿੰਦਰ ਸਿੰਘ ਪਾਂਗਲੀ



ਨਿਰਭੈ ਸਿੰਘ ਪਾਂਗਲੀ



ਨਵਤੇਜ ਸਿੰਘ ਗਿੱਲ



ਰੇਸ਼ਮ ਸਿੰਘ



ਜਪਤੇਜ ਸਿੰਘ ਔਲਖ

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਤਿਓਹਾਰ ਦੀ ਸਮੂਹ ਭਾਈਚਾਰੇ ਨੂੰ ਲੱਖ ਲੱਖ ਵਧਾਈ

**ਲੋਕ ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ ਦੇ ਮੁਦੱਈ ਪਰਚੇ ਦਾ ਤੀਜਾ ਸਾਲਾਨਾ ਸਮਾਗਮ**


## 'ਪੰਜਾਬੀ ਪਰਵਾਜ਼ ਨਾਈਟ-2026'


**11 ਜੁਲਾਈ 2026**
(ਸ਼ਨਿਚਰਵਾਰ) ਸ਼ਾਮ 6:30 ਤੋਂ 11:00

*ਤਕਰੀਰਾਂ, ਵਿਚਾਰਾਂ ਅਤੇ ਗੀਤ-ਸੰਗੀਤ ਭਰੀ ਸ਼ਾਮ*

**ਸਥਾਨ:** Atlantis Banquets
1273 North Rand Road,
Arlington Heights, IL 60004

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ



ਅਮਰਜੀਤ ਸਿੰਘ ਢੀਂਡਸਾ



ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ



ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਲਖਵੀਰ ਸਿੰਘ (ਲੱਕੀ) ਸਹੋਤਾ


ਲਾਲੀ ਧਾਲੀਵਾਲ (ਮਿਸ਼ੀਗਨ)


ਬਿਕਰਮ ਸਿੰਘ ਸਿੱਧੂ


ਦਰਸ਼ਨ ਸਿੰਘ ਪੰਮਾ


ਮਨਮਿੰਦਰ ਸਿੰਘ ਹੀਰ



ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ



ਗੁਰਪ੍ਰੀਤ ਕੇ. ਸਿੰਘ


ਮਨਜਿੰਦਰ ਸਿੰਘ (ਮੈਕ) ਭਮਰਾ


ਪਰਮਜੀਤ ਸਿੱਧੂ (ਮਹਿਰਾਜ)


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਇੰਦਰ ਹੁੰਜਣ


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ

**ਅਸੀਂ ਦਿਲੋਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਸ਼ੁਭਚਿੰਤਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਾਵਾਂ ਅਤੇ ਲੇਖਕਾਂ ਦਾ, ਜਿਨ੍ਹਾਂ ਨੇ 'ਪੰਜਾਬੀ ਪਰਵਾਜ਼' ਨਾਲ ਜੁੜ ਕੇ ਅਤੇ ਸਹਿਯੋਗ ਦੇ ਕੇ ਇਸ ਦੀ ਹੋਂਦ ਨੂੰ ਸਥਾਪਿਤ ਕੀਤਾ ਹੈ! ਭਵਿੱਖ ਵਿੱਚ ਵੀ ਆਪ ਸਭ ਦੇ ਸਹਿਯੋਗ, ਮਦਾਦ ਅਤੇ ਸ਼ੁਭਕਾਮਨਾਵਾਂ ਦੀ ਉਮੀਦ ਵਿੱਚ...**

Punjabi Parwaz
**ਪੰਜਾਬੀ ਪਰਵਾਜ਼**
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

punjabiparwaz@gmail.com
www.punjabiparwaz.com


ਕੁਲਜੀਤ ਸਿੰਘ
224-386-4548

# ਨਿਰੰਤਰ ਬ.ਲਦੇ ਬਿਰਖ ਦੀ ਛਾਂ ਸੀ ਡਾ. ਜਗਤਾਰ

## ਵਿਛੜੇ ਸੱਜਣ ਦਾ ਚੇਤਾ

**ਪ੍ਰੋ. ਗੁਰਭਜਨ ਗਿੱਲ**

ਬਲਦੇ ਬਿਰਖ ਦੀ ਛਾਂ ਜਿਹਾ ਸੀ ਡਾ. ਜਗਤਾਰ। ਜੜ੍ਹਾਂ ਸਲਾਮਤ, ਚਾਰ-ਚੁਫੇਰੇ ਫੈਲਿਆ, ਪਰ ਹਰ ਪਲ ਬੇਚੈਨ। ਉਸਦੇ ਟਾਹਣਾਂ ਨਾਲ ਹਿੰਮਤੀ ਬੰਦਾ ਹੀ ਪੀਂਘ ਪਾ ਸਕਦਾ ਸੀ। ਮੈਨੂੰ ਮਾਣ ਹੈ ਕਿ ਮੈਂ ਡਾ. ਜਗਤਾਰ ਦੇ ਟਾਹਣਾਂ ਨਾਲ ਕਈ ਵਰ੍ਹੇ ਲਗਾਤਾਰ ਪਿਆਰ ਪੀਂਘਾਂ ਝੂਟੀਆਂ ਹਨ। ਉਹ ਦਹਿਸ਼ਤ ਗਰਦ ਨਹੀਂ ਸੀ, ਪਰ ਸਾਹਿਤ ਦੇ ਖੇਤਰ 'ਚ ਬਹੁਤ ਬੰਦੇ ਉਸਤੋਂ ਕੰਨ ਭੰਨਦੇ ਸਨ। ਨੇੜੇ ਆਉਣ ਤੋਂ ਤ੍ਰਭਕਦੇ।

ਹੱਥ ਨਾ ਲਾਈਂ ਕਸੁੰਭੜੇ, ਜਲ ਜਾਸੀ ਢੋਲਾ।

ਮੈਂ ਕਸੁੰਭੜਾ ਚੁਣਿਆ ਹੈ, ਇਸਦੇ ਪੱਕੇ ਚੌਲ ਝਾੜ-ਝਾੜ ਦੱਬੇ ਹਨ। ਚਿੱਟੇ-ਚਿੱਟੇ ਕਸੁੰਭੜੇ ਦੇ ਬੀਜ। ਕੰਡਿਆਲੇ ਫੁੱਲਾਂ 'ਚ ਏਨੀ ਕੋਮਲਤਾ ਵੀ ਹੋ ਸਕਦੀ ਹੈ, ਪਹਿਲੀ ਵਾਰੀ ਅੱਖੀਂ ਵੇਖਿਆ। ਮੈਂ ਡਾ. ਜਗਤਾਰ ਨੂੰ 1970 'ਚ ਪਹਿਲੀ ਵਾਰ ਗੁਰੂ ਨਾਨਕ ਕਾਲਜ ਕਾਲਾ ਅਫਗਾਨਾ (ਗੁਰਦਾਸਪੁਰ) 'ਚ ਹੋਏ ਗੁਰੂ ਨਾਨਕ ਦੇਵ ਸ਼ਤਾਬਦੀ ਕਵੀ ਦਰਬਾਰ 'ਚ ਸੁਣਿਆ। ਮੇਰੇ ਅਧਿਆਪਕ ਤੇ ਸ਼ਾਇਰ ਸੁਰਿੰਦਰ ਗਿੱਲ ਦੀ ਹਿੰਮਤ ਸਦਕਾ ਇਹ ਵਿਸ਼ਾਲ ਕਵੀ ਦਰਬਾਰ ਹੋ ਸਕਿਆ। ਇਸ ਵਿੱਚ ਪ੍ਰੋ. ਮੋਹਨ ਸਿੰਘ, ਸਰਦਾਰ ਸੂਬਾ ਸਿੰਘ, ਸ.ਸ. ਮੀਸ਼ਾ, ਡਾ. ਜਗਤਾਰ, ਸਤਿੰਦਰ ਸਿੰਘ ਨੂਰ, ਹਰਭਜਨ ਸਿੰਘ ਹੁੰਦਲ, ਸੁਰਜੀਤ ਪਾਤਰ, ਕਸ਼ਮੀਰ ਕਾਦਰ, ਡਾ. ਹਰਿਭਜਨ ਸਿੰਘ ਵਰਗੇ ਵੱਡੇ ਸ਼ਾਇਰ ਸ਼ਾਮਿਲ ਹੋਏ। ਕਵੀ ਦਰਬਾਰ 'ਚ ਸੁਰਿੰਦਰ ਗਿੱਲ ਨੇ ਜਦ ਡਾ. ਜਗਤਾਰ ਨੂੰ ਪੇਸ਼ ਕੀਤਾ ਤਾਂ ਦੱਸਿਆ ਕਿ ਅਸਾਂ ਲੋਕਾਂ ਨੇ ਡਾ. ਜਗਤਾਰ ਵਰਗੇ ਪਰਪੱਕ ਸ਼ਾਇਰਾਂ ਨੂੰ ਪੜ੍ਹ-ਪੜ੍ਹ ਕੇ ਲਿਖਣਾ ਸਿਖਿਆ ਹੈ। ਅਸੀਂ ਕੰਨ ਖੜੇ ਕਰ ਲਏ। ਡਾ. ਜਗਤਾਰ ਨੇ ਨਜ਼ਮ ਛੋਹੀ।

ਆਓ ਪੁਰਾਣੀ ਰਸਮ ਦੁਹਰਾਈਏ।

ਇਸ ਨਜ਼ਮ 'ਚ ਗੱਲ ਇਹੀ ਸੀ ਕਿ ਕਿਸੇ ਦੀਵਾਰ, ਛੁੱਟੜ ਖੂਹ ਸਾਂ, ਰੁੱਖ ਦੀ ਖੋੜ 'ਚ ਉੱਗਣ ਦਾ ਕੀ ਫਾਇਦਾ; ਜੇ ਉੱਗਣਾ ਹੈ ਤਾਂ ਧਰਤੀ 'ਚ ਉੱਗੀਏ। ਉਸਦਾ ਕਰਾਰਾ ਅੰਦਾਜ਼ ਮੈਨੂੰ ਭਾਇਆ। ਚਿਣ ਕੇ ਬੱਧੀ ਦਸਤਾਰ, ਕਤਰਵੀਂ ਦਾਹੜੀ, ਵੇਖਣ ਨੂੰ ਉਹੋ ਸ਼ਾਇਰ ਘੱਟ ਤੇ ਪੁਲਿਸ ਅਧਿਕਾਰੀ ਵੱਧ ਲੱਗਦਾ। ਉਸਦਾ ਰੋਅਬਦਾਰ ਸਲੀਕਾ ਉਸਨੂੰ ਆਮ ਸ਼ਾਇਰਾਂ ਤੋਂ ਨਿਖੇੜਦਾ। ਸਕੂਲ ਅਧਿਆਪਕ ਹੋ ਕੇ ਵੀ ਉਹ ਯੂਨੀਵਰਸਿਟੀਆਂ ਦੇ ਪੋਸਟ ਗਰੈਜੁਏਟ ਸਿਲੇਬਸ 'ਚ ਪੜ੍ਹਾਇਆ ਜਾਂਦਾ ਸੀ। ਮੈਨੂੰ ਉਨ੍ਹਾਂ ਦੀ ਇੱਕ ਹੋਰ ਨਜ਼ਮ 'ਨਿਆਂਸ਼ਾਲਾ ਵਿੱਚ ਲਿਆਂਦਾ ਗਿਆ ਦੋਸ਼ੀ' ਤ੍ਰੈਮਾਸਿਕ ਪੱਤਰ ਸਿਰਜਣਾ ਵਿੱਚ ਪੜ੍ਹਨ ਨੂੰ ਮਿਲੀ। ਮੈਂ ਇਹ ਕਵਿਤਾ ਪੜ੍ਹ ਕੇ ਝੰਜੋੜਿਆ ਗਿਆ। ਬਿਲਕੁਲ ਨਵਾਂ ਅੰਦਾਜ਼ ਲੱਗਿਆ, ਜਿਵੇਂ ਕਿ ਉਹ ਤੁਹਾਡੇ ਨਾਲ ਗੱਲਾਂ ਕਰਦਾ ਹੈ। 1971 'ਚ ਮੈਂ ਲੁਧਿਆਣੇ ਪੜ੍ਹਨ ਆ ਗਿਆ। ਏਥੇ ਡਾ. ਐੱਸ.ਪੀ. ਸਿੰਘ ਦੇ ਕਹਿਣ 'ਤੇ ਮੈਂ ਡਾ. ਜਗਤਾਰ ਦੀ ਕਾਵਿ ਪੁਸਤਕ 'ਦੁੱਧ ਪੱਥਰੀ' ਪੜ੍ਹੀ। ਉਸਦੇ ਕੁੱਝ ਪੁਰਾਣੇ ਗੀਤ ਸਾਹਿਤਿਕ ਮੈਗਜ਼ੀਨ ਵਿੱਚੋਂ ਪੜ੍ਹੇ। ਇੱਕ ਗੀਤ ਸੀ:

ਹਵਾ ਦੇ ਵਿੱਚ ਉੱਡਦੀ ਫਿਰੇ ਮੇਰੀ ਤਿੱਤਰਾਂ ਵਾਲੀ ਫੁਲਕਾਰੀ।
ਅੱਗੇ ਅੱਗੇ ਮੈਂ ਤੁਰਦੀ, ਮੇਰੇ ਤੁਰਦੇ ਨੇ ਮਗਰ ਸ਼ਿਕਾਰੀ।

ਇਹ ਗੀਤ ਪੜ੍ਹ ਕੇ ਮੈਂ ਸਰੂਰਿਆ ਗਿਆ। ਇਨ੍ਹਾਂ ਦਿਨਾਂ 'ਚ ਹੀ ਉਨ੍ਹਾਂ ਦੀ ਕਿਤਾਬ 'ਲਹੂ ਦੇ ਨਕਸ਼' ਆਈ। ਇਸ ਕਿਤਾਬ ਨੇ ਵੀ ਪੂਰੇ ਪੰਜਾਬ ਨੂੰ ਹਲੂਣਿਆਂ। ਗਜ਼ਲਾਂ 'ਚ ਕਮਾਲ ਦੀ ਰਵਾਨੀ ਸੀ।

ਹਰ ਮੋੜ 'ਤੇ ਸਲੀਬਾਂ ਹਰ ਪੈਰ 'ਤੇ ਹਨ੍ਹੇਰਾ
ਫਿਰ ਵੀ ਅਸੀਂ ਰੁਕੇ ਨਾ ਸਾਡਾ ਵੀ ਦੇਖ ਜੇਰਾ।

ਇੱਕ ਹੋਰ ਗਜ਼ਲ ਸੀ:

ਖ਼ੂਨ ਲੋਕਾਂ ਦਾ ਹੈ, ਇਹ ਪਾਣੀ ਨਹੀਂ।
ਇਸਦੀ ਸੁਰਖੀ ਕਦੇ ਜਾਣੀ ਨਹੀਂ।
ਤੇਰੇ ਲਈ ਛਣਕਾ ਕੇ ਲੰਘੇ ਬੇੜੀਆਂ
ਤੂੰ ਹੀ ਸਾਡੀ ਚਾਲ ਪਹਿਚਾਣੀ ਨਹੀਂ।

ਇਸ ਸਮੇਂ ਤੀਕ ਮੈਂ ਡਾ. ਜਗਤਾਰ ਨੂੰ ਕਦੇ ਨਹੀਂ ਸੀ ਮਿਲਿਆ। ਇਸ ਕਿਤਾਬ ਨੂੰ ਪੜ੍ਹ ਕੇ ਮਿਲਣ ਦੀ ਤਾਂਘ ਜਾਗੀ। ਉਦੋਂ ਉਹ ਪੰਜਾਬ ਯੂਨੀਵਰਸਿਟੀ 'ਚ ਜਾ ਚੁੱਕੇ ਸਨ। ਡਾ. ਵਿਸ਼ਵ ਨਾਥ ਤਿਵਾੜੀ ਦੀ ਕੋਸ਼ਿਸ ਸੀ ਕਿ ਡਾ. ਜਗਤਾਰ ਸਕੂਲ ਅਧਿਆਪਨ ਛੱਡ ਕੇ ਯੂਨੀਵਰਸਿਟੀ ਜਾਂ ਕਾਲਜ 'ਚ ਪੜ੍ਹਾਵੇ। ਬਾਬਾ ਫਰੀਦ ਚੇਅਰ ਵਾਂਗ ਹੀ ਜਦ ਭਾਈ ਵੀਰ ਸਿੰਘ ਚੇਅਰ ਦੀ ਸਥਾਪਨਾ ਹੋਈ ਤਾਂ ਡਾ. ਤਿਵਾੜੀ ਇਸ ਚੇਅਰ ਦੇ ਚੇਅਰਮੈਨ ਬਣੇ। ਡਾ. ਜਗਤਾਰ ਇਸ




ਯੂਨੀਵਰਸਿਟੀ ਵਿੱਚ ਰਿਸਰਚ ਫੈਲੋ ਵਜੋਂ ਕਾਰਜਸ਼ੀਲ ਸਨ। ਇਸ ਵਕਤ ਹੀ ਉਨ੍ਹਾਂ ਪਾਕਿਸਤਾਨ ਦੀ ਪੰਜਾਬੀ ਕਵਿਤਾ ਦਾ ਮੁੱਲਵਾਨ ਸੰਗ੍ਰਹਿ 'ਦੁੱਖ ਦਰਿਆਓਂ ਪਾਰ ਦੇ' ਡਾ. ਜਗਤਾਰ ਨਾਲ ਰਲ ਕੇ ਸੰਪਾਦਿਤ ਕੀਤਾ। ਇਸ ਕਿਤਾਬ ਨੇ ਹੀ ਅਸਲ ਵਿੱਚ ਪਾਕਿਸਤਾਨ 'ਚ ਲਿਖੀ ਜਾ ਰਹੀ ਕਵਿਤਾ ਨੂੰ ਏਧਰਲੇ ਪੰਜਾਬ ਨਾਲ ਮਿਲਵਾਇਆ। ਭਾਈ ਵੀਰ ਸਿੰਘ ਸੰਦਰਭ ਕੋਸ਼ ਵੀ ਉਨ੍ਹਾਂ ਦੀ ਮਹੱਤਵਪੂਰਨ ਖੋਜ ਪੁਸਤਕ ਸੀ। ਇਵੇਂ ਹੀ ਸੂਫੀ ਕਵਿਤਾ 'ਚ 'ਪਿਛੋਕੜ' ਵੀ ਡਾ. ਜਗਤਾਰ ਦੀ ਵਡਮੁੱਲੀ ਕਿਰਤ ਬਣੀ।

ਇਸ ਸਮੇਂ ਦੌਰਾਨ ਮੈਂ 1975-76 'ਚ ਐੱਮ.ਏ. ਕਰਦਿਆਂ ਕਵੀ ਦਰਬਾਰਾਂ 'ਚ ਜਾਣਾ ਸ਼ੁਰੂ ਕਰ ਦਿੱਤਾ ਸੀ। ਇੱਕ ਕਵੀ ਦਰਬਾਰ ਗੌਰਮਿੰਟ ਕਾਲਜ ਫਾਰ ਵਿਮਨ ਪਟਿਆਲਾ 'ਚ ਪ੍ਰੋ. ਮਨੋਹਰ ਕੌਰ ਅਰਪਣ ਨੇ ਕਰਵਾਇਆ, ਜਿਸ ਵਿੱਚ ਸਭ ਤੋਂ ਨਿੱਕੀ ਉਮਰ ਦਾ ਕਵੀ ਮੈਂ ਹੀ ਸਾਂ। ਮੈਨੂੰ ਦੱਸਿਆ ਗਿਆ ਕਿ ਸਿਰਜਣਾ 'ਚ ਛਪੀ ਮੇਰੀ ਕਵਿਤਾ 'ਸ਼ੀਸ਼ਾ ਝੂਠ ਬੋਲਦਾ ਹੈ' ਸਦਕਾ ਪ੍ਰੋ. ਮਨੋਹਰ ਕੌਰ ਦੇ ਪਤੀ ਤੇ ਪ੍ਰਸਿੱਧ ਨਾਟਕਕਾਰ ਡਾ. ਸੁਰਜੀਤ ਸਿੰਘ ਸੇਠੀ ਨੇ ਮੇਰੀ ਸਿਫਾਰਸ਼ ਕੀਤੀ ਸੀ। ਇਸ ਕਵੀ ਦਰਬਾਰ 'ਚ ਡਾ. ਜਗਤਾਰ ਨੂੰ ਮੈਂ ਪਹਿਲੀ ਵਾਰ ਮਿਲਿਆ। ਮਿਲਾਇਆ ਵੀ ਵੱਡੇ ਵੀਰ ਤੇ ਸ਼ਾਇਰ ਤਿਰਲੋਚਨ (ਬੱਤਾ) ਰੋਪੜ ਵਾਲੇ ਨੇ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਨੇ ਕੀਤੀ ਸੀ।

ਕਵੀ ਦਰਬਾਰ ਤੋਂ ਬਾਅਦ ਡਾ. ਤ੍ਰੈਲੋਚਨ ਪਟਿਆਲਾ ਟਹਿਲ ਸੇਵਾ ਲਈ ਡਾ. ਜਗਤਾਰ ਨੂੰ ਆਪਣੇ ਕਮਰੇ ਵਿੱਚ ਲੈ ਕੇ ਜਾਣਾ ਚਾਹੁੰਦਾ ਸੀ। ਡਾ. ਜਗਤਾਰ ਨੇ ਮੈਨੂੰ ਵੀ ਨਾਲ ਤੋਰ ਲਿਆ। ਮੈਂ ਲੁਧਿਆਣਿਓਂ ਡਾ. ਰਣਧੀਰ ਸਿੰਘ ਚੰਦ ਨਾਲ ਬੱਸ ਚੜ੍ਹ ਕੇ ਪਟਿਆਲੇ ਗਿਆ ਸਾਂ। ਉਦੋਂ ਇਹੀ ਰਿਵਾਜ਼ ਸੀ, ਹੁਣ ਵਾਂਗ ਕਾਰਾਂ ਵਾਲੇ ਕਵੀ ਨਹੀਂ ਸਨ ਹੁੰਦੇ। ਚੰਦ ਤੇ ਡਾ. ਜਗਤਾਰ ਦਾ ਮਨ ਮੁਟਾਵ ਜੱਗ ਜਾਹਰ ਸੀ। ਦੋਹਾਂ ਦਾ ਪਹਿਲਾਂ ਪਿਆਰ ਵੀ ਮਿਸਾਲੀ ਸੀ ਤੇ ਮਗਰੋਂ ਦੁਸ਼ਮਣੀ ਵੀ। ਦੋਵੇਂ ਇੱਕ ਦੂਜੇ ਨੂੰ ਭੋਰਾ ਨਹੀਂ ਸੀ ਜਰਦੇ। ਡਾ. ਚੰਦ ਨੇ ਜਗਤਾਰ ਨਾਲ ਤੁਰਨਾ ਨਹੀਂ ਸੀ ਤੇ ਮੇਰੀ ਨਾਂਹ ਕਰਨ ਦੀ ਹਿੰਮਤ ਨਾ ਪਵੇ। ਅਖੀਰ ਡਾ. ਤ੍ਰੈਲੋਚਨ ਨੇ ਡਾ. ਚੰਦ ਨੂੰ ਨਾਲ ਤੁਰਨ ਲਈ ਮਨਾ ਲਿਆ। ਅੱਧਾ ਪੌਣਾ ਕਿਲੋਮੀਟਰ ਤੁਰੇ ਜਾਂਦਿਆਂ ਤ੍ਰੈਲੋਚਨ ਨੇ ਸੁਲਾਹ ਸਫਾਈ ਦੀ ਗੱਲ ਛੋਹ ਕੇ ਕਮਰੇ ਤੀਕ ਪਹੁੰਚਣ ਤੋਂ ਪਹਿਲਾਂ ਦੋਹਾਂ ਨੂੰ ਬਗਲਗੀਰ ਕਰ ਦਿੱਤਾ। ਇਸ ਮਗਰੋਂ ਦੋਵੇਂ ਅੱਥਰੂ ਅੱਥਰੂ ਸਨ। ਸਿਆਣੀ ਉਮਰ ਦੇ ਸ਼ਾਇਰ ਮੈਂ ਪਹਿਲੀ ਵਾਰ ਪਛਤਾਵੇ ਦੇ ਅੱਥਰੂ ਕੇਰਦੇ ਦੇਖੇ। ਹੁਣ ਦੇ ਸਮੇਂ 'ਚ ਤਾਂ ਫਾਲ ਲਾਉਣ ਦਾ ਵੇਲਾ ਨਹੀਂ ਖੁੰਝਾਉਂਦੇ।

ਇਸ ਮੁਲਾਕਾਤ ਤੋਂ ਮਗਰੋਂ ਡਾ. ਜਗਤਾਰ ਮੇਰੇ ਲਈ ਵੱਡੇ ਭਾਈ ਬਣ ਗਏ। ਉਨ੍ਹਾਂ ਦੀ ਹਰ ਪੁਸਤਕ ਨੂੰ ਸਭ ਤੋਂ ਪਹਿਲਾਂ ਖਰੀਦ ਕੇ ਪੜ੍ਹਨਾ ਮੇਰਾ ਸ਼ੌਕ ਬਣ ਗਿਆ। ਡਾ. ਜਗਤਾਰ ਦੀ ਗਜ਼ਲ ਤੇ ਨਜ਼ਮ ਦਾ ਇੱਕੋ ਜਿਹਾ ਕਦਰਦਾਨ ਹਾਂ। ਵਾਰਤਕ ਵਿੱਚ ਤਾਂ ਉਹ ਹੋਰ ਵੀ ਤਰਲ ਹੋ ਜਾਂਦੇ।

ਡਾ. ਜਗਤਾਰ ਦਾ ਸ਼ੌਕ ਪੁਰਾਣੇ ਸਿਕਿਆਂ ਨੂੰ ਇਕੱਠਾ ਕਰਨਾ ਵੀ। ਪੁਰਾਣੇ ਕੰਧ ਚਿੱਤਰਾਂ ਨੂੰ ਕੈਮਰਾ ਫੋਟੋਆਂ ਰਾਹੀਂ ਉਨ੍ਹਾਂ ਬਹੁਤ ਫਿਰ ਤੁਰ ਕੇ ਸੰਭਾਲਿਆ। ਉਨ੍ਹਾਂ ਦਾ ਇਹ ਖੋਜ ਕਾਰਜ ਹਾਲੇ ਤੀਕ ਅਣਛਪਿਆ ਪਿਆ ਹੈ। ਪਰਿਵਾਰ ਦੀ ਮਦਦ ਨਾਲ ਇਹ ਕੰਮ ਪੰਜਾਬ ਦੀ ਕਿਸੇ ਯੂਨੀਵਰਸਿਟੀ ਜਾਂ ਆਰਟ ਕੌਂਸਲ ਨੂੰ ਕਰ ਲੈਣਾ ਚਾਹੀਦਾ ਹੈ।

ਕੰਧ ਚਿੱਤਰਾਂ ਬਾਰੇ ਗੱਲ ਛੇੜ ਲਵੋ ਤਾਂ ਉਹ ਘੰਟਿਆਂ ਬੱਧੀ ਬੋਲਦੇ। ਮੰਦਰਾਂ, ਗੁਰਦੁਆਰਿਆਂ ਤੇ ਸਾਂਝੇ ਭਵਨਾਂ ਅੰਦਰ ਬਣੇ ਹੋਏ ਕੰਧ ਚਿੱਤਰਾਂ ਦੀ ਵਿਆਖਿਆ ਹੋਰ ਵੀ ਰਸਵੰਤੀ ਹੋ ਜਾਂਦੀ, ਜਦ ਡਾ. ਜਗਤਾਰ ਦੱਸਦੇ।

ਮੇਰੀ ਗਜ਼ਲ ਪੁਸਤਕ 'ਮਨ ਦੇ ਬੂਹੇ ਬਾਰੀਆਂ' ਦਾ ਮੁੱਖਬੰਦ ਲਿਖਦਿਆਂ ਉਹਨੇ ਮੈਨੂੰ ਨਿਰੋਲ ਪੰਜਾਬੀ ਗਜ਼ਲ ਦਾ ਸਿਰਜਕ ਕਿਹਾ। ਮੈਨੂੰ ਯਕੀਨ ਨਾ ਆਵੇ ਕਿ ਇਹ ਸਨਦ ਡਾ. ਜਗਤਾਰ ਨੇ ਜਾਰੀ ਕੀਤੀ ਹੈ। ਜੋ ਆਪ ਗਜ਼ਲ ਯੂਨੀਵਰਸਿਟੀ ਦਾ ਅਣਐਲਾਨਿਆ ਵਾਈਸ ਚਾਂਸਲਰ ਹੈ।

ਡਾ. ਜਗਤਾਰ ਕੋਲੋਂ ਸਿੱਖਣ ਲਈ ਬਹੁਤ ਕੁੱਝ ਸੀ। ਉਹ ਮਰੇ ਰਿਸ਼ਤਿਆਂ ਦਾ ਭਾਰ ਨਹੀਂ ਸੀ ਢੋਂਦੇ। ਆਪਣੇ ਆਭਾ ਮੰਡਲ 'ਚ ਸਿਰਫ ਉਨ੍ਹਾਂ ਰੂਹਾਂ ਨੂੰ ਹੀ ਦਾਖਲਾ ਦਿੰਦੇ, ਜੋ ਉਨ੍ਹਾਂ ਦੀਆਂ ਕੌੜੀਆਂ ਕੁਸੈਲੀਆਂ ਦੇ ਅਰਥ ਸਮਝਦੇ ਹੋਣ। ਅਨਰਥ ਨਾ ਕਰਨ।

2002 ਵਿੱਚ ਮੈਨੂੰ ਡਾ. ਜਗਤਾਰ ਦੀ ਸੰਗਤ ਪੂਰਾ ਇੱਕ ਹਫਤਾ ਮਾਨਣ ਦਾ ਮੌਕਾ ਮਿਲਿਆ। ਲਾਹੌਰ 'ਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਦੇ ਡੈਲੀਗੇਟ ਵਜੋਂ ਡਾ. ਸਤਿੰਦਰ ਸਿੰਘ ਨੂਰ ਨੇ ਡਾ. ਜਗਤਾਰ, ਅਜਮੇਰ ਔਲਖ, ਵਰਿਆਮ ਸੰਧੂ, ਪ੍ਰਿੰ. ਸਰਵਣ ਸਿੰਘ, ਸੁਖਦੇਵ ਸਿੰਘ ਸਿਰਸਾ, ਇੰਦਰਜੀਤ ਹਸਨਪੁਰੀ ਅਤੇ ਹੋਰ ਲਿਖਾਰੀਆਂ ਦੇ ਨਾਲ ਹੀ ਮੈਨੂੰ ਵੀ ਡੈਲੀਗੇਸ਼ਨ 'ਚ ਸ਼ਾਮਲ ਕਰ ਲਿਆ। ਡਾ. ਜਗਤਾਰ ਦਾ ਪਾਕਿਸਤਾਨ 'ਚ ਰਾਜਭਾਗ ਵੇਖਣ ਵਾਲਾ ਹੀ ਸੀ। ਉਨ੍ਹਾਂ ਦੇ ਮਿੱਤਰਾਂ 'ਚੋਂ ਅੱਬਾਸ ਅਤਹਰ ਨਾਲ ਹੁੰਦੀ ਚੁੰਜ ਚਰਚਾ ਮੇਰੀ ਯਾਦ ਪੋਟਲੀ 'ਚ ਸਾਂਭੀ ਪਈ ਹੈ। ਅਬਦੁਲ ਕਰੀਮ ਕੁਦਸੀ ਵਰਗੇ ਪਰਪੱਕ ਸ਼ਾਇਰ ਨਾਲ ਡਾ. ਜਗਤਾਰ ਦੀ ਦੋਸਤੀ ਸੀ। ਕੁਦਸੀ ਦੇ ਭਣੇਵੇਂ ਇਕਬਾਲ ਨਾਲ ਅਸੀਂ ਨਨਕਾਣਾ ਸਾਹਿਬ ਦੇ ਦਰਸ਼ਨ ਕਰਕੇ ਆਏ। ਇਕਬਾਲ ਕਾਰ ਚਲਾ ਰਿਹਾ ਸੀ। ਮੈਂ ਅਗਲੀ ਸੀਟ 'ਤੇ ਸੀ ਤੇ ਪਿਛਲੀ ਸੀਟ 'ਤੇ ਇੱਕ ਪਾਸੇ ਕੁਦਸੀ ਤੇ ਦੂਜੇ ਬੰਨੇ ਡਾ. ਜਗਤਾਰ। ਵਿਚਕਾਰ ਸੁਖਦੇਵ ਸੀ। ਸੁਖਦੇਵ ਨੂੰ ਕਾਰ ਦੀ ਹੁੱਡ ਚੁੱਭੇ ਅਤੇ ਉੱਪਰੋਂ ਡਾ. ਜਗਤਾਰ ਦੀ ਤਲਖ ਕਲਾਮੀ ਦਾ ਸੇਕ। ਪਤਾ ਨਹੀਂ ਦਿਨ ਕਿਹੋ ਜਿਹਾ ਸੀ, ਰਾਹ 'ਚ ਕਾਰ ਦੋ ਵਾਰ ਪੰਚਰ ਹੋਈ। ਡਾ. ਜਗਤਾਰ ਦਾ ਪਾਰਾ ਸੱਤਵੇਂ ਅਸਮਾਨ 'ਤੇ ਅਖੇ ਕਾਰ ਵਾਰ-ਵਾਰ ਕਿਉਂ ਪੰਚਰ ਹੋ ਰਹੀ ਹੈ, ਸ਼ੇਖ਼ੂਪੁਰਾ ਪਹੁੰਚ ਕੇ ਟਿਊਬਾਂ ਬਦਲਾਉਣ ਲੱਗੇ ਤਾਂ ਦੁਕਾਨਦਾਰ ਕਹੇ, ਟਿਊਬਾਂ ਤਾਂ ਹੁਣ ਕੋਈ ਪਵਾਉਂਦਾ ਨਹੀਂ, ਟਿਊਬਲੈੱਸ ਟਾਇਰ ਪਵਾ ਲਵੋ। ਡਾ. ਜਗਤਾਰ ਦਾ ਆਦੇਸ਼ ਸੀ। ਪਰ ਕਿਉਂ? ਅਗਲਾ ਸਿਆਪਾ ਇਹ ਕਿ ਟਾਇਰ ਤਾਂ ਲੈ ਲਏ, ਪਰ ਫਿੱਟ ਨਾ ਹੋਣ। ਅਖੇ ਟਿਊਬਲੈੱਸ ਟਾਇਰ ਦੇ ਰਿੰਮ ਹੋਰ ਹੁੰਦੇ ਨੇ। ਡਾ. ਜਗਤਾਰ ਨੇ ਕਿਹਾ, ਇਹ ਵੀ ਪਾ ਦਿਓ। ਸ਼ਹਿਨਸ਼ਾਹੀ ਹੁਕਮ ਹੋ ਰਿਹਾ ਸੀ। ਬਿੱਲ ਬਣਾਇਆ ਤਾਂ ਡਾ. ਜਗਤਾਰ ਬਟੂਆ ਕੱਢ ਕੇ ਬਹਿ ਗਿਆ, ਅਖੇ ਭਾਣਜੇ ਪੈਸੇ ਮੈਂ ਦਿਆਂਗਾ। ਪਰ ਇਕਬਾਲ ਨੇ ਹੁਕਮ ਅਦੂਲੀ ਕਰਕੇ ਕਰੈਡਿਟ ਕਾਰਡ ਘਸਾ ਦਿੱਤਾ। ਇਹ ਸੀ ਸਾਡਾ ਬੇਤਾਜ ਬਾਦਸ਼ਾਹ ਡਾ. ਜਗਤਾਰ।

ਮੇਰੇ ਨਾਲ ਕਵੀ ਦਰਬਾਰ 'ਚ ਵੱਡੇ ਵੀਰ ਡਾ. ਜੋਗਿੰਦਰ ਕੈਰੋਂ ਵੱਲੋਂ ਸ਼ਰਾਬੀ ਹਾਲਤ 'ਚ ਕੀਤੀ ਬਦਸਲੂਕੀ ਦਾ ਜਦ ਡਾ. ਜਗਤਾਰ ਨੂੰ ਪਤਾ ਲੱਗਾ, ਤਾਂ ਉਹ ਉੱਬਲਿਆ ਫਿਰੇ। ਇਹ ਉਬਾਲ ਡਾ. ਜਗਤਾਰ ਨੇ ਆਪਣੇ ਪਾਕਿਸਤਾਨੀ ਸਫਰਨਾਮੇ 'ਚ 'ਸਤਿਲੁਜ ਤੋਂ ਹੜੱਪਾ ਤੀਕ' ਅੱਖਰ ਅੱਖਰ ਲਿਖ ਦਿੱਤਾ ਹੈ ਤਾਂ ਕਿ ਸਨਦ ਰਹੇ।

ਡਾ. ਜਗਤਾਰ ਕਵੀ ਦਰਬਾਰ 'ਚ ਸ਼ਾਮਿਲ ਨਹੀਂ ਸੀ ਹੋਇਆ, ਪਰ ਉਸਨੂੰ ਉੱਥੇ ਹੀ ਸਮਝੋ। ਪ੍ਰਧਾਨਗੀ ਮੰਡਲ 'ਚ ਬੈਠੇ ਵੱਡੇ ਕਵੀ ਕਤੀਲ ਸ਼ਿਫਾਈ, ਅਹਿਮਦ ਰਾਹੀ ਅਤੇ ਸ਼ਰੀਫ ਕੁੰਜਾਹੀ ਵਾਰ-ਵਾਰ ਸਾਨੂੰ ਡਾ. ਜਗਤਾਰ ਬਾਰੇ ਹੀ ਪੁੱਛਦੇ ਰਹੇ ਕਿ ਸਰਦਾਰ ਜੀ ਕਿਉਂ ਨਹੀਂ ਆਏ।

ਡਾ. ਜਗਤਾਰ ਜਦ ਵੀ ਕਦੇ ਲੁਧਿਆਣੇ ਆਉਂਦੇ ਤਾਂ ਸੁਨੇਹਾ ਭੇਜ ਕੇ ਬੁਲਾ ਲੈਂਦੇ। ਸਦੀਵੀ ਅਲਵਿਦਾ ਤੋਂ ਕੁੱਝ ਸਮਾਂ ਪਹਿਲਾਂ ਹੀ ਉਹ ਲੁਧਿਆਣੇ ਦੇ ਮੈਡੀਸਿਟੀ ਹਸਪਤਾਲ 'ਚ ਆਪਣੇ ਡਾਕਟਰ ਕੋਲ ਆਏ, ਤਾਂ ਵਾਪਸੀ 'ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 'ਚ ਮੇਰੇ ਕਮਰੇ ਅੰਦਰ ਪਹੁੰਚ ਗਏ। ਗਰਮੀ ਬਹੁਤ ਸੀ। ਮੈਂ ਆਪਣੇ ਉੱਚ ਅਧਿਕਾਰੀ ਦੇ ਠੰਡੇ ਕਮਰੇ 'ਚ ਲੈ ਗਿਆ। ਮੈਨੂੰ ਸਮਝ ਨਾ ਪਵੇ ਕਿ ਕੀ ਕਰਾਂ, ਏਡਾ ਵੱਡਾ ਸ਼ਾਇਰ ਬੀਮਾਰੀ ਦੀ ਹਾਲਤ ਮਿਲਣ ਆਇਆ। ਪਹਿਲਾ ਫਿਕਰਾ ਸੀ, 'ਬਹੁਤ ਦਿਨਾਂ ਤੋਂ ਤੈਨੂੰ ਮਿਲਣਾ ਚਾਹੁੰਦਾ ਸਾਂ।'

ਸਾਡੀ ਯੂਨੀਵਰਸਿਟੀ ਦੇ ਉਦੋਂ ਡਾ. ਮਨਜੀਤ ਸਿੰਘ ਕੰਗ ਵਾਈਸ ਚਾਂਸਲਰ ਸਨ। ਕਿਸੇ ਕੰਮ ਲਈ ਉਨ੍ਹਾਂ ਮੈਨੂੰ ਫੋਨ 'ਤੇ ਬੁਲਾਇਆ ਤਾਂ ਮੈਂ ਦੱਸਿਆ ਕਿ ਡਾ. ਜਗਤਾਰ ਆਏ ਹੋਏ ਨੇ। ਪੰਜ ਮਿੰਟਾਂ 'ਚ ਹੀ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ ਸਾਡੇ ਕੱਦਾਵਰ ਸ਼ਾਇਰ ਡਾ. ਜਗਤਾਰ ਨੂੰ ਮਿਲਣ ਲਈ ਸਾਡੇ ਦਫਤਰ 'ਚ ਸਨ।

ਲੰਮੀਆਂ ਡਾਰਾਂ ਨੇ ਯਾਦਾਂ ਦੀਆਂ। ਬਾਕੀ ਕਦੇ ਫੇਰ ਸਹੀ।

# ਸਾਰੇ ਸੰਸਾਰ ਨੂੰ ਨੈਤਿਕ ਲਕਵਾ ਮਾਰ ਗਿਆ ਹੈ!

**ਅਸ਼ੋਕ ਵਾਜਪੇਈ**

ਵੀਹਵੀਂ ਸਦੀ ਦੌਰਾਨ ਯੂਰਪ ਵਿੱਚ ਨਾਜ਼ੀਆਂ ਦੇ ਯੁੱਧ ਅਤੇ ਨਸਲਕੁਸ਼ੀ ਦੇ ਸਮੇਂ ਜਿਹੋ ਜਿਹੀ ਚੁੱਪ ਛਾ ਗਈ ਸੀ; ਅੱਜ ਦੀ ਚੁੱਪ ਉਸ ਦਾ ਇੱਕ ਨਵਾਂ, ਦੁੱਖਦਾਇਕ ਅਤੇ ਸ਼ਰਮਨਾਕ ਰੂਪ ਲੱਗਦੀ ਹੈ। ਇਸ ਦੌਰਾਨ ਭਾਰਤ ਨੇ ਆਪਣੇ ਨੈਤਿਕ ਮਾਪਦੰਡਾਂ ਵਿੱਚ ਜਿਵੇਂ ਕਟੌਤੀ ਕੀਤੀ ਹੈ, ਉਹ ਵੀ ਸਮਝਣਾ ਔਖਾ ਹੈ।

ਇਹ ਮਹਿਸੂਸ ਕਰਨਾ ਅਤੇ ਕਹਿਣਾ ਕੋਈ ਵਧਾ-ਚੜ੍ਹਾ ਕੇ ਕੀਤੀ ਗੱਲ ਨਹੀਂ ਕਿ ਇਸ ਵੇਲੇ ਸੰਸਾਰ ਆਪਣੀ ਪੂਰੀ ਨੈਤਿਕ ਗਿਰਾਵਟ ਦੇ ਕਿਨਾਰੇ 'ਤੇ ਖੜਾ ਦਿੱਸਦਾ ਹੈ। ਇੱਕ ਵੱਡਾ, ਬੇਮਕਸਦ ਯੁੱਧ ਚੱਲ ਰਿਹਾ ਹੈ, ਜਿਸ ਵਿੱਚ ਜਾਨ ਅਤੇ ਮਾਲ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਆਮ ਲੋਕ, ਬੱਚੇ, ਔਰਤਾਂ ਅਤੇ ਫ਼ੌਜੀ ਮਾਰੇ ਜਾ ਰਹੇ ਹਨ।

ਇਹ ਬੇਲੋੜੀ ਤਬਾਹੀ ਰੋਕਣ ਲਈ ਕੋਈ ਢੰਗ ਦੀ ਕੋਸ਼ਿਸ਼ ਨਹੀਂ ਹੋ ਰਹੀ। ਕਿਸੇ ਨੂੰ ਇਹ ਨਹੀਂ ਪਤਾ ਕਿ ਇਸ ਯੁੱਧ ਤੋਂ ਕੌਣ ਕੀ ਹਾਸਲ ਕਰੇਗਾ, ਪਰ ਪੂਰਾ ਸੰਸਾਰ ਬੇਬਸ ਹੋ ਕੇ ਸਿਰਫ਼ ਵੇਖ ਰਿਹਾ ਹੈ। ਕਿਸੇ ਕੋਲ ਇਹ ਨੈਤਿਕ ਤਾਕਤ, ਹਿੰਮਤ ਜਾਂ ਵੱਡਪਣ ਨਹੀਂ ਬਚਿਆ ਕਿ ਉਹ ਇਸ ਭਿਆਨਕ ਤਬਾਹੀ ਨੂੰ ਰੋਕਣ ਲਈ ਅੱਗੇ ਆਵੇ।

ਲੱਗਦਾ ਹੈ ਜਿਵੇਂ ਪੂਰੇ ਸੰਸਾਰ ਨੂੰ ਨੈਤਿਕ ਲਕਵਾ ਮਾਰ ਗਿਆ ਹੋਵੇ ਅਤੇ ਕਿਸੇ ਨੂੰ ਇਹ ਵੀ ਨਹੀਂ ਪਤਾ ਕਿ ਅੰਤ ਕੀ ਹੋਵੇਗਾ। ਭਾਰਤ ਨੇ ਵੀ ਇਸ ਦੌਰ ਵਿੱਚ ਆਪਣੇ ਨੈਤਿਕ ਮੂਲਾਂ ਨੂੰ ਕਾਫ਼ੀ ਘਟਾ ਲਿਆ ਹੈ। ਜਿਸਨੂੰ ਅਸੀਂ 'ਵਿਸ਼ਵਗੁਰੂ' ਬਣਨ ਦੀ ਗੱਲ ਕਰਦੇ ਹਾਂ, ਉਹ ਵੀ ਅੰਦਰੋਂ ਕੱਚਾ ਤੇ ਖੋਖਲਾ ਦਿੱਸਣ ਲੱਗ ਪਿਆ ਹੈ।

ਵਿਚਾਰਕ ਪ੍ਰਤਾਪ ਭਾਨੂ ਮਹਿਤਾ ਨੇ ਆਪਣੇ ਤਾਜ਼ਾ



ਵਿਸ਼ਲੇਸ਼ਣ ਵਿੱਚ ਇਸ ਹਾਲਤ ਨੂੰ ਹਰ ਪੱਧਰ 'ਤੇ ਨੈਤਿਕ ਪਲਾਇਨ ਕਿਹਾ ਹੈ। ਉਹ ਪਹਿਲਾਂ ਵੀ ਇਹ ਗੱਲ ਕਹਿ ਚੁੱਕੇ ਹਨ ਕਿ ਅੱਜ ਦੇ ਸੰਸਾਰ ਵਿੱਚ ਨੈਤਿਕ ਲੀਡਰਸ਼ਿਪ ਦੀ ਵੱਡੀ ਕਮੀ ਹੈ। ਇਹ ਸੋਚਣ ਦੀ ਲੋੜ ਹੈ ਕਿ ਅਸੀਂ ਇਸ ਹਾਲਤ ਤੱਕ ਕਿਵੇਂ ਪਹੁੰਚੇ? ਕਿਵੇਂ ਸਾਂਝਾ ਸੱਭਿਆਚਾਰ ਮੁੜ ਜ਼ੁਲਮਤ ਵੱਲ ਮੁੜ ਗਿਆ?

ਹਾਲਾਂਕਿ, ਇਹ ਨਹੀਂ ਲੱਗਦਾ ਕਿ ਆਮ ਲੋਕਾਂ ਵਿੱਚ ਇੱਕ-ਦੂਏ ਦੀ ਮਦਦ, ਹਮਦਰਦੀ, ਦਇਆ ਅਤੇ ਸਹਿਯੋਗ ਘੱਟ ਹੋਇਆ ਹੈ। ਆਮ ਜੀਵਨ ਵਿੱਚ ਲੋਕ ਅਜੇ ਵੀ ਇੱਕ-ਦੂਜੇ ਦੀ ਮਦਦ ਕਰਦੇ ਹਨ; ਪਰ ਰਾਜਨੀਤਿਕ ਸੱਤਾ ਅਤੇ ਆਮ ਲੋਕਾਂ ਦੇ ਜੀਵਨ ਵਿੱਚ ਇੱਕ ਵੱਡਾ ਫ਼ਰਕ ਪੈ ਗਿਆ ਹੈ, ਜੋ ਹੈਰਾਨੀਜਨਕ ਹੈ।

ਵੀਹਵੀਂ ਸਦੀ ਨੂੰ ਗੁਜ਼ਰੇ ਸਿਰਫ਼ ਪੱਚੀ ਸਾਲ ਹੋਏ ਹਨ, ਪਰ ਇਸ ਨਵੀਂ ਸਦੀ ਨੇ- ਖ਼ਾਸ ਕਰ ਕੇ ਉਸ ਦੇ ਆਖ਼ਰੀ ਦਹਾਕਿਆਂ ਵਿੱਚ ਬਣੇ ਉਦਾਰ ਮੁੱਲ, ਸ਼ਾਂਤੀ ਦੀ ਇੱਛਾ, ਆਪਸੀ ਸਤਿਕਾਰ ਅਤੇ ਹਿੰਸਾ ਨੂੰ ਰੋਕਣ ਦੇ ਯਤਨ ਲਗਭਗ ਨਜ਼ਰਅੰਦਾਜ਼ ਕਰ ਦਿੱਤੇ ਹਨ।

ਅੱਜ ਵੱਡੇ ਦੇਸ਼ ਹੋਰਾਂ ਦੀ ਜ਼ਮੀਨ ਅਤੇ ਖਣਿਜ-ਖ਼ਜ਼ਾਨਿਆਂ 'ਤੇ ਜ਼ਬਰਦਸਤੀ ਕਬਜ਼ਾ ਕਰਨ ਦੀ ਲਾਲਸਾ ਨਾਲ ਚੱਲ ਰਹੇ ਹਨ। ਲੱਗਦਾ ਹੈ ਕਿ ਨਾ ਕੋਈ ਸੱਤਾ ਜ਼ਿੰਮੇਵਾਰ ਹੈ ਅਤੇ ਨਾ ਹੀ ਕੋਈ ਸੰਸਥਾ। ਦੁਨੀਆ ਇੱਕ ਗ਼ੈਰ-ਜ਼ਿੰਮੇਵਾਰ ਥਾਂ ਬਣ ਗਈ ਹੈ।

ਸਾਡੇ ਸਮੇਂ 'ਤੇ ਤਿੰਨ ਚੀਜ਼ਾਂ ਦਾ ਕਬਜ਼ਾ ਦਿੱਸਦਾ ਹੈ: ਸੱਤਾ ਅਤੇ ਲੋਕਾਂ ਵਿਚਕਾਰ ਦੂਰੀ, ਬੇਹੱਦ ਗ਼ੈਰ-ਜ਼ਿੰਮੇਵਾਰੀ ਅਤੇ ਨੈਤਿਕ ਖਾਲੀਪਨ। ਇੰਨੀ ਤਰੱਕੀ ਅਤੇ ਸਾਧਨਾਂ ਦੇ ਬਾਵਜੂਦ ਵੀ ਦੁਨੀਆ ਇੰਨੀ ਜ਼ਾਲਮ ਹੋ ਜਾਵੇਗੀ, ਇਹ ਸੋਚਣਾ ਵੀ ਔਖਾ ਸੀ। ਲੱਗਦਾ ਹੈ ਕਿ ਸੰਸਾਰ ਹਿੰਸਾ, ਝੂਠ, ਘ੍ਰਿਣਾ ਤੇ ਜ਼ੁਲਮ ਦਾ ਨਵਾਂ ਗਣਰਾਜ ਬਣਦਾ ਜਾ ਰਿਹਾ ਹੈ।

*(ਲੇਖਕ ਸੀਨੀਅਰ ਸਾਹਿਤਕਾਰ ਹਨ)*


Zariyah
ROCKSTAR
ZARIYAH EVENTS & HARJAS ENTERTAINMENTS
PRESENTS
HARJAS
MEDIA PARTNER
byteblaze
CHICAGO
PRIME TOUR 2026
Host
HARLEEN UTRADHI
NIRVAIR PANNU
LIVE IN CHICAGO
PRESENTED BY BALWINDER KAUR AND GAGAN SINGH
SCAN FOR TICKETS
18TH APRIL 2026
RIVIERA THEATRE
(4746 N RACINE AVE, CHICAGO)
Regal Jewels
GRAND SPONSOR
FOR TICKETS & SPONSORSHIP
HARKIRAT SINGH AHLUWALIA +1 646-639-7320 RAMAN KAUR +1 708 265-4334
BALWINDER KAUR +1 773 671-9502 GAGAN SINGH +1 708 420-6224
Sponsors:
Surjit Singh, Narinder Singh, Sikandar Singh, Guriqbal Singh,
Ghotra Family, Balwinder Singh (Vicky)

# ਨਿਰਵੈਰ ਪੰਨੂ – 'ਲਾਈਵ ਇਨ ਸ਼ਿਕਾਗੋ'

## 18 ਅਪਰੈਲ 2026 (ਸਨਿਚਰਵਾਰ)

